INTERNATIONAL MAGAZINE

RNI No. 61816/95

Postal Regd. No. CHD/0081/2021-23

30/-

Date of Publishing : 25/06/2021
Page No. From 1 to 60
Date of Posting
Last Date of every Month
Posted by MBU

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਸੂਰਜ ਕਿਰਣਿ ਮਿਲੇ
ਜਲ ਕਾ ਜਲੁ ਹੂਆ ਰਾਮ ॥

ਜੁਲਾਈ 2021



ਸੰਤ ਬਾਬਾ ਗੁਰਦੀਪ ਸਿੰਘ ਜੀ
ਜਨਮ 8 ਅਗਸਤ 1954 – ਪਿੰਡ ਜਾਂਗਲਾ,
ਤਹਿਸੀਲ – ਬਟਾਲਾ, ਜ਼ਿਲ੍ਹਾ – ਗੁਰਦਾਸਪੁਰ
ਪੰਜ ਭੂਤਕ ਸਰੀਰ ਦਾ ਤਿਆਗ
24 ਮਈ 2021

ਸਥਾਪਿਤ ਅਸਥਾਨ

1. ਗੁ. ਈਸ਼ਰ ਪ੍ਰਕਾਸ਼ ਖੁਬੀਆ ਨੰਗਲ ਬਿਲਾਸਪੁਰ (ਯੂ.ਪੀ.)
2 ਗੁ. ਈਸ਼ਰ ਪ੍ਰਕਾਸ਼ ਵਰਿਆਮਸਰ ਅਸ਼ੋਕ ਨਗਰ (ਐਮ.ਪੀ.)
3. ਯਾਦਗਾਰ ਗੁ. ਚਾਰ ਸਾਹਿਬਜ਼ਾਦੇ ਮੈਗਲਗੰਜ (ਯੂ.ਪੀ.)
4. ਗੁ. ਨਾਨਕ ਪ੍ਰਕਾਸ਼ – ਸ਼ਾਹਜਹਾਨਪੁਰ (ਯੂ.ਪੀ.)
5. ਗੁ. ਨਾਨਕ ਪ੍ਰਕਾਸ਼ – ਸਾਦਿਕਪੁਰ ਕਾਸ਼ਗੰਜ (ਯੂ.ਪੀ.)



ਅੰਤਿਮ ਅਰਦਾਸ ਸਮਾਗਮ
ਖੁਬੀਆ ਨੰਗਲ – 2 ਜੂਨ

ਰਤਵਾੜਾ ਸਾਹਿਬ ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਛੋਟੇ ਭਰਾ, ਰਤਵਾੜਾ ਸਾਹਿਬ ਸੰਪਰਦਾ ਦੇ ਹੀਰੇ ਤੇ ਕੌਮ ਦੇ ਮਹਾਨ ਪ੍ਰਚਾਰਕ ਸੰਤ ਬਾਬਾ ਗੁਰਦੀਪ ਸਿੰਘ ਜੀ ਖੁਬੀਆ ਨੰਗਲ (ਯੂ.ਪੀ.) ਵਾਲੇ  24 ਮਈ 2021 ਨੂੰ ਅਕਾਲ ਪੁਰਖ ਵਾਹਿਗੁਰੂ ਦੇ ਹੁਕਮ ਵਿੱਚ ਪੰਜ ਭੂਤਕ ਸਰੀਰ ਦਾ ਪਰਿਤਿਆਗ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੇ ਨਮਿੱਤ ਮੁੱਖ ਅਸਥਾਨ ਗੁ. ਈਸ਼ਰ ਪ੍ਰਕਾਸ਼ ਖੁਬੀਆ ਨੰਗਲ (ਯੂ.ਪੀ) ਵਿਖੇ 2 ਜੂਨ 2021 ਨੂੰ ਗੁਰਬਾਣੀ ਦੇ ਪਾਠਾਂ ਦੇ ਭੋਗ ਉਪਰੰਤ ਅੰਤਿਮ ਅਰਦਾਸ ਸਮਾਗਮ ਹੋਏ। ਜਿਸ ਵਿੱਚ ਹਜ਼ਾਰਾਂ ਸੰਗਤਾਂ, ਖਾਲਸਾ ਪੰਥ ਦੇ ਤਖਤਾਂ ਦੇ ਜਥੇਦਾਰ ਸਾਹਿਬਾਨ, ਸੰਤ ਮਹਾਂਪੁਰਸ਼,ਸਮਾਜਿਕ,ਰਾਜਨਿਤਿਕ ਪੰਥਕ ਸਖਸ਼ੀਅਤਾਂ ਨੇ ਸ਼ਿਰਕਤ ਕੀਤੀ। ਉਪਰੰਤ ਸੰਤ ਬਾਬਾ ਗੁਰਦੀਪ ਸਿੰਘ ਦੇ ਹੋਣਹਾਰ ਸਪੁੱਤਰ ਭਾਈ ਸਤਨਾਮ ਸਿੰਘ ਨੂੰ ਦਸਤਾਰਬੰਦੀ ਕੀਤੀ ਗਈ। ਚਲ ਰਹੀਆਂ ਸੇਵਾਵਾਂ ਦੀ ਜ਼ਿੰਮੇਵਾਰੀ ਸੌਂਪੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਖਸ਼ਿਸ ਸਦਕਾ ਤੇ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦੀ ਕ੍ਰਿਪਾ ਸਦਕਾ ਸੰਤ ਬਾਬਾ ਗੁਰਦੀਪ ਸਿੰਘ ਨੇ ਲੱਖਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ। ਉਨ੍ਹਾਂ ਨੇ ਆਪਣੇ ਜੀਵਨ ਦੇ ਲਗਭਗ 45 ਸਾਲ ਗੁਰਮਤਿ ਪ੍ਰਚਾਰ ਅਤੇ ਪਰਉਪਕਾਰੀ ਕਾਰਜਾਂ ਵਿਚ ਲਾਏ। ਰਤਵਾੜਾ ਸਾਹਿਬ ਵਿਖੇ ਸਾਲਾਨਾ ਸਮਾਗਮਾਂ ਵਿੱਚ ਹਜ਼ਾਰਾਂ ਸੰਗਤਾਂ ਲੈ ਕੇ ਸ਼ਿਰਕਤ ਕਰਦੇ।

6 ਜੂਨ ਨੂੰ ਰਤਵਾੜਾ ਸਾਹਿਬ ਵਿਖੇ ਸਰਧਾਂਜਲੀ ਸਮਾਗਮ ਹੋਏ। ਜਿਸ ਵਿਚ ਪੰਥਕ ਸਖਸ਼ੀਅਤਾਂ ਵਲੋਂ ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਜੀਵਨ ਭਰ ਕੀਤੀਆਂ ਸੇਵਾਵਾਂ ਦੀ ਸਲਾਘਾ ਕੀਤੀ।

ਤਸਵੀਰਾਂ ਰਾਹੀਂ ਇਨ੍ਹਾਂ ਸਮਾਗਮਾਂ ਦੇ ਦ੍ਰਿਸ਼ ਪੇਸ਼ ਹਨ।






# ਆਤਮ ਮਾਰਗ

ਸਾਲ-ਸਤਾਈਵਾਂ, ਮਹੀਨਾ-ਜੁਲਾਈ, 2021

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| | |
|---|---|
| **ਚੇਅਰਮੈਨ** | **ਐਡੀਟਰ-ਇਨ-ਚੀਫ** |
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| **ਮੈਨੇਜਿੰਗ ਐਡੀਟਰ** | **ਚੀਫ ਐਡੀਟਰ** |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

**Postal Address for any Enquiry, Money Order, Cheque and drafts :**

'ATAM MARG' MAGAZINE
Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar (MOHALI) - 140901, Pb. India

### SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

### SUBSCRIPTION FOREIGN (ਵਿਦੇਸ਼)

| | Annual | Life (20 years) |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org
www.ratwarasahib.com
} (Every sunday)

Email :sratwarasahib.in@gmail.com

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ
   9417214391, 84378-12900, 9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ : 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ : 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ
   94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ
   94172-14382
8. ਅਕਾਲ ਬਿਰਧ ਆਸ਼ਰਮ : 98157-28220

**Media Broadcast (Ratwara Sahib)**

| | |
|---|---|
| Live Programme | 98728-14385 |
| & | 94172-14385 |
| Cable Tv Network | 98147-12900 |
| | 98555-28517 |

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009

ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *(ਡਾ.) ਭਾਈ ਸੁਖਵਿੰਦਰ ਸਿੰਘ* | |
| 2. | ਬਾਰਹ ਮਾਹਾ | 7 |
| | *ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ* | |
| 3. | ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ | 11 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਅਗੰਮ ਅਗੋਚਰ ਦਾ ਮਾਰਗ | 19 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਜਿਸ ਨੋ ਬਖਸੇ ਸਿਫਤਿ ਸਾਲਾਹ<br>ਨਾਨਕ ਪਾਤਿਸਾਹੀ ਪਾਤਿਸਾਹੁ | 24 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | ਅਮਰ ਗਾਥਾ....... | 34 |
| | *ਡਾ. ਜਗਜੀਤ ਸਿੰਘ* | |
| 7. | ਭਾਈ ਨੰਦ ਲਾਲ ਜੀ | 39 |
| 8. | ਨੂਰਾਨੀ ਮਿਲਾਪ - 26 | 41 |
| | *(ਡਾ.) ਭਾਈ ਸੁਖਵਿੰਦਰ ਸਿੰਘ* | |
| 10. | ਈਸ਼੍ਵਰ ਅਮੋਲਕ ਲਾਲ | 42 |
| | *ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ* | |
| 12. | ਗੁਰੂ ਨਾਨਕ ਆਗਮਨ | 44 |
| | *ਡਾ. ਭਾਈ ਵੀਰ ਸਿੰਘ* | |
| 13. | ਵਾਰਾਂ ਭਾਈ ਗੁਰਦਾਸ ਜੀ | 49 |
| 14. | ਗੁਰਬਾਣੀ ਅਰਥ ਭੰਡਾਰ | 51 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 15. | ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ | 54 |
| | *ਡਾ. ਸਵਾਮੀ ਰਾਮ ਜੀ* | |
| 16. | ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ<br>ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,<br>ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ<br>ਅਤੇ ਪੁਸਤੱਕ ਸੂਚੀ | 56 |

# ਸੰਪਾਦਕੀ

*(ਡਾ.) ਭਾਈ ਸੁਖਵਿੰਦਰ ਸਿੰਘ*

## ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ

ਸਮੁੱਚੀ ਕਾਇਨਾਤ ਵਿਚ ਹਰ ਜੀਵ ਨੂੰ ਆਪਣੇ ਜੀਵਨ ਕਾਲ ਵਿਚ ਡਰ ਅਤੇ ਤੌਖਲੇ ਬਣੇ ਰਹਿੰਦੇ ਹਨ। ਇਹ ਵਰਤਾਰਾ ਦਿਸਦੇ ਤੇ ਅਣਦਿਸਦੇ ਸੰਸਾਰ ਵਿਚ ਹਰ ਵਕਤ ਵਾਪਰ ਰਿਹਾ ਹੈ। ਮਨੁੱਖ ਸਮੇਤ ਹਰ ਜੀਵ, ਹਰ ਸਮੇ,ਂ ਕਿਸੇ ਨਾ ਕਿਸੇ ਡਰ, ਤੌਖਲੇ ਤੇ ਚਿੰਤਾ ਗ੍ਰਸਤ ਜੀਵਨ ਬਤੀਤ ਕਰ ਰਿਹਾ ਹੈ। ਧਾਰਮਿਕ ਗ੍ਰੰਥਾਂ ਅਨੁਸਾਰ ਸਮੂਹ ਡਰਾਂ, ਤੌਖਲਿਆਂ ਵਿਚੋਂ ਮੌਤ ਦਾ ਡਰ, ਸਭ ਤੋਂ ਭਿਆਨਕ ਮੰਨਿਆ ਗਿਆ ਹੈ। ਇਸ ਡਰ ਤੋਂ ਉਹੀ ਜਨ ਮੁਕਤਿ ਹੁੰਦੇ ਹਨ ਜਿਨ੍ਹਾਂ ਨੇ ਕਾਲ/ਮੌਤ ਤੇ ਫਤਹਿ ਪਾ ਲਈ ਹੁੰਦੀ ਹੈ। ***'ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥' (ਅੰਗ-262)*** ਇਸ ਜਨਮ ਮਰਨ ਦੇ ਦੁਖ ਨੂੰ ਪਵਿੱਤਰ ਗੁਰਬਾਣੀ ਵਿਚ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ। ***'ਸੰਸਾ ਇਹੁ ਸੰਸਾਰੁ ਹੈ ਜਨਮ ਮਰਣ ਵਿਚਿ ਦੁਖ ਸਬਾਇਆ।'*** ਪਰ ਸੰਸਾਰ ਮੰਚ ਤੇ ਕੁਝ ਕੁ ਇਹੋ ਜਿਹੀਆਂ ਪਵਿੱਤਰ ਰੂਹਾਂ ਦਾ ਆਗਮਨ ਹੁੰਦਾ ਹੈ ਜਿਨ੍ਹਾਂ ਨੇ ਤਮਾਮ ਡਰਾਂ, ਤੌਖਲਿਆਂ ਅਤੇ ਮੌਤ ਤੇ ਫਤਹਿ ਪਾ ਲਈ ਹੁੰਦੀ ਹੈ। ਉਹਨਾਂ ਨੇ ਆਪਣੇ ਨਿਜ ਘਰ ਵਿਚ ਵਾਸਾ ਪਾ ਲਿਆ ਹੁੰਦਾ ਹੈ। ਐਸੀ ਅਵਸਥਾ ਪ੍ਰਾਪਤ ਕਰ ਲਈ ਹੁੰਦੀ ਹੈ ਜਿਥੇ ਕੋਈ ਭੈਅ ਰਹਿੰਦਾ ਹੀ ਨਹੀਂ। ***'ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ॥ (ਅੰਗ-44)*** ਕਿਉਂਕਿ ਉਹਨਾਂ ਨੇ ਆਪਣਾ ਸਭ ਕੁਝ ਪ੍ਰਮੇਸ਼ਰ ਨੂੰ ਸਮਰਪਣ ਕੀਤਾ ਹੁੰਦਾ ਹੈ। ਸਭ ਤੋਂ ਵੱਡੇ ਦੀ ਸਰਨਿ ਵਿਚ ਪਇਆਂ ਛੋਟੇ ਮੋਟੇ ਡਰ/ਭੈਅ ਖਤਮ ਹੋ ਜਾਂਦੇ ਹਨ। ***'ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥ '(ਅੰਗ-750) 'ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥ (ਅੰਗ-858)*** ਸ਼ੇਰ ਦੀ ਸ਼ਰਨਿ ਵਿਚ ਗਿਆਂ ਜੇ ਗਿੱਦੜਾਂ ਆਦਿ ਦਾ ਡਰ ਹੋਵੇ, ਫਿਰ ਸ਼ੇਰ ਦੀ ਸਰਨਿ ਵਿਚ ਜਾਣ ਦਾ ਕੋਈ ਫਾਇਦਾ ਨਹੀਂ। ਭਾਵ ਸ਼ੇਰ ਦੀ ਸਰਨਿ ਵਿਚ ਜਾ ਕੇ ਛੋਟਿਆਂ ਦਾ ਡਰ ਖਤਮ ਹੋ ਜਾਂਦਾ ਹੈ। ਇਸ ਦੀ ਹੋਰ ਸਪੱਸ਼ਟਤਾ ਪਵਿੱਤਰ ਬਾਣੀ ਵਿਚ ਇਸ ਤਰ੍ਹਾਂ ਹੈ -

*ਪ੍ਰਭ ਕੀ ਸਰਣਿ ਸਗਲ ਭੈ ਲਾਥੇ*
*ਦੁਖ ਬਿਨਸੇ ਸੁਖੁ ਪਾਇਆ॥* *ਅੰਗ - ੬੧੫*

ਇਸ ਸਾਰੇ ਵਰਤਾਰੇ ਨੂੰ ਸਮਝਣ ਤੋਂ ਪਹਿਲਾਂ ਸਾਨੂੰ ਬਾਣੀ ਦੇ ਮੂਲ ਸਿਧਾਂਤ ਨੂੰ ਸਮਝਣਾ ਪਵੇਗਾ।

ਸਮੁੱਚੀ ਕਾਇਨਾਤ ਵਿਚ ਕਿਸੇ ਅਦਿਖ, ਦੈਵੀ ਸ਼ਕਤੀ/ਨੇਮ ਕੰਮ ਕਰ ਰਿਹਾ ਹੈ। ਸਾਰੀ ਸ੍ਰਿਸ਼ਟੀ ਕਿਸੇ ਵੱਡੇ ਨਿਯਮ ਵਿਚ ਬੱਧੀ ਹੋਈ ਚਲ ਰਹੀ ਹੈ। ਇਸ ਸਮੁੱਚੇ ਨਿਯਮਬੱਧ ਤੇ ਨੇਮੀ ਪ੍ਰਬੰਧ ਨੂੰ ਹੁਕਮ ਦੀ ਖੇਡ ਕਿਹਾ ਗਿਆ ਹੈ। ਦੂਸਰੇ ਸ਼ਬਦਾਂ ਵਿਚ ਇਸ ਨੂੰ 'ਰਜ਼ਾ' ਦਾ ਨਾਮ ਵੀ ਦਿਤਾ ਗਿਆ ਹੈ। ਹੁਕਮਿ, ਰਜ਼ਾ ਤੇ ਭਾਣਾ ਤਿੰਨੋ ਹੀ ਸਮਾਨਰਥਕ ਸ਼ਬਦ ਹਨ। ਹੁਕਮ ਤੇ ਕਰਮ ਦੀ ਕਾਰ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ। ਹੁਕਮਿ ਤੇ ਕਰਮ ਦੀ ਕਾਰ ਹਰ ਇਕ ਜੀਵ ਦੇ ਮਸਤਕਿ ਤੇ ਉਕਰੀ ਹੋਈ ਹੈ। ਇਸੇ ਕਾਰ ਕਰਕੇ ਹੀ ਮਿਲਾਪ ਤੇ ਵਿਛੋੜੇ ਹੁੰਦੇ ਹਨ। ਭਾਵ ਜੀਵ ਜੰਮਦੇ ਤੇ ਮਰਦੇ ਹਨ। ***'ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥' (ਅੰਗ-6)***

ਹੁਕਮਿ ਦੀ ਕਾਰ ਜੀਵ ਦੀ ਹੋਂਦ ਦੇ ਨਾਲ-ਨਾਲ ਚਲ ਰਹੀ ਹੈ ***'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥' (ਅੰਗ-1)*** ਜੇਕਰ ਇਹ ਵਿਧਾਨ ਅਰੋਕ ਤੇ ਅਟੱਲ ਹੈ ਤਾਂ ਫਿਰ ਇਸਨੂੰ ਖਿੜੇ ਮੱਥੇ ਸਵੀਕਾਰ ਕਰ ਲੈਣਾ ਚਾਹੀਦਾ ਹੈ। ਇਸ ਨੂੰ ਪ੍ਰੇਮ ਤੇ ਸਿਦਕ ਨਾਲ ਪਰਵਾਣ ਕਰਦੇ ਹੋਏ ਸਮਰੱਥ ਸਤਿਗੁਰੂ ਅੱਗੇ ਆਤਮ ਸਮਰਪਣ ਕਰ ਦੇਣਾ ਚਾਹੀਦਾ ਹੈ ਜੋ ਕਿ ਸਾਰੇ ਦੁਖਾਂ ਦਾ ਹੱਲ ਹੈ।

ਭਗਤੀ ਦੋ ਤੋਂ ਸ਼ੁਰੂ ਹੁੰਦੀ ਹੈ ਤੇ ਇਕ 'ਤੇ ਖਤਮ ਹੁੰਦੀ ਹੈ। ਭਗਤ ਨੇ ਭਗਵਾਨ ਵਿਚ ਤੇ ਸਿੱਖ ਨੇ ਗੁਰੂ ਵਿਚ ਅਭੇਦ ਹੋਣਾ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਇਸ ਦੀ ਹੋਰ ਸਪੱਸ਼ਟਤਾ ਕਰਦੇ ਹਨ -

*ਮੁਰਦਾ ਹੋਇ ਮੁਰੀਦੁ ਸੋ ਗੁਰ ਗੋਰਿ ਸਮਾਵੈ॥*

ਆਪਣਾ ਆਪਾ ਮਿਟਾ ਕੇ ਸਿੱਖ ਨੇ ਗੁਰੂ ਦੀ ਕਬਰ/ਗੋਰ ਵਿਚ ਸਮਾਉਣਾ ਹੈ। ਆਪਣਾ ਜੀਵਨ ਗੁਰੂ ਵਿਚ ਤਬਦੀਲ ਕਰਨਾ ਹੈ। ਗੁਰਮਤਿ ਵਿਚ ਅੰਮ੍ਰਿਤ ਛਕਣ ਦਾ ਵੀ ਇਹੀ ਸਿਧਾਂਤ ਹੈ। ਅੰਮ੍ਰਿਤ ਛਕਣ ਤੋਂ ਬਾਅਦ ਮੂਲਮੰਤ੍ਰ ਤੇ ਗੁਰਮੰਤ੍ਰ ਦੀ ਦਾਤ ਪ੍ਰਾਪਤ ਕਰਕੇ ਜੀਵਨ ਆਪਣਾ ਨਹੀਂ ਰਹਿੰਦਾ। ਸਗੋਂ ਗੁਰੂ ਦਾ ਬਖਸ਼ਿਆ ਜੀਵਨ ਪ੍ਰਾਪਤ ਹੋ ਜਾਂਦਾ ਹੈ। ਹੁਣ ਆਪਣੀ ਮਰਜ਼ੀ ਭਾਵ ਮਨ ਦੀ ਮਰਜ਼ੀ ਨਹੀਂ ਚਲਦੀ। ਪਹਿਲਾਂ ਮਨ ਦੀ ਮਰਜ਼ੀ ਨਾਲ ਜੀਵਨ ਬਸਰ ਕੀਤਾ ਜਾਂਦਾ ਸੀ ਉਠਦੇ, ਸੌਂਦੇ, ਜਾਗਦੇ, ਖਾਂਦੇ-ਪੀਂਦੇ ਭਾਵ ਜੀਵਨ ਦੀ ਹਰ ਹਰਕਤ ਮਨ ਦੀ ਮਰਜ਼ੀ

ਨਾਲ ਚਲਦੀ ਹੈ। ਪਰ ਗੁਰੂ ਵਾਲੇ ਬਣਨ ਤੋਂ ਬਾਅਦ ਗੁਰੂ ਦੀ ਮਰਜ਼ੀ ਵਾਲਾ ਜੀਵਨ ਪ੍ਰਾਪਤ ਹੋ ਜਾਂਦਾ ਹੈ। ਹੁਣ ਗੁਰੂ ਦੇ ਹੁਕਮ ਵਿਚ ਉਠਣਾ, ਸੌਣਾ, ਜਾਗਣਾ, ਖਾਣਾ, ਪਹਿਨਣਾ ਭਾਵ ਜੀਵਨ ਦਾ ਹਰ ਪਲ ਗੁਰੂ ਦੇ ਹੁਕਮ ਦੀ ਕਾਰ ਬਣ ਜਾਂਦਾ ਹੈ। ਜੀਵਨ ਦੇ ਹਰ ਪਹਿਲੂ ਤੇ ਹਰ ਪੜਾਅ ਤੇ ਗੁਰੂ ਬਖਸ਼ੇ ਜੀਵਨ ਦੀ ਖੁਸ਼ਬੋ ਆਉਣੀ ਸ਼ੁਰੂ ਹੋ ਜਾਂਦੀ ਹੈ। ਇਹ ਗੁਰੂ ਬਖਸ਼ੀ, ਜੀਵਨ ਰੂਪੀ ਖੁਸ਼ਬੋ, ਚੌਗਿਰਦੇ ਨੂੰ ਵੀ ਰੋਸ਼ਨਾਅ ਦਿੰਦੀ ਹੈ।

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥*
*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥*
*ਅੰਗ – ੧੩੬੫*

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਅੰਗ– ੫੨੦*

*ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥*
*ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥*
*ਅੰਗ– ੫੨੦*

ਉਹਨਾਂ ਦੀ ਸੋਹਬਤ ਦੁਰਮਤਿ, ਮਨਮਤਿ ਨਾਸ ਕਰਨ ਦੇ ਸਮਰੱਥ ਹੋ ਜਾਂਦੀ ਹੈ। ਉਹ ਭਗਤ ਜਨ ਰੱਬ ਦੇ ਪਿਆਰੇ, ਸੰਤ, ਸਾਧੂ ਜਨ, ਗੁਰਮੁਖ, ਗੁਰਸਿੱਖ ਭਗਤ ਆਦਿਕ ਵਿਸ਼ੇਸ਼ਣਾਂ ਨਾਲ ਸਤਿਕਾਰੇ ਜਾਂਦੇ ਹਨ। ਉਹਨਾਂ ਦੀ ਇਸ ਅਵਸਥਾ ਦਾ ਮੂਲ ਅਧਾਰ 'ਆਤਮ ਸਮਰਪਣ' ਹੁੰਦਾ ਹੈ।

ਆਤਮ ਸਮਰਪਣ ਵਿਚ ਉਹਨਾਂ ਨੇ ਮਨ ਦੀ ਮਤ ਤਿਆਗ ਕਰਕੇ ਗੁਰੂ ਦੀ ਮਤਿ ਧਾਰਨ ਕੀਤੀ ਹੁੰਦੀ ਹੈ। ਆਪਣੇ ਪਿਆਰੇ ਤੋਂ ਸਭ ਕੁਝ ਨਿਛਾਵਰ ਕੀਤਾ ਹੁੰਦਾ ਹੈ। ਡਰ ਤਾਂ ਮਨ ਦੀ ਮਰਜ਼ੀ ਕਰਨ ਵਾਲਿਆਂ ਲਈ ਹੈ। ***'ਡਰਿ ਡਰਿ ਪਚੇ ਮਨਮੁਖ ਵੇਚਾਰੇ॥ (ਅੰਗ-677)*** ਪਰ ਰੱਬ ਦੇ ਪਿਆਰਿਆਂ ਦਾ ਤਖ਼ਤ ਹੋਰ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਫੁਰਮਾਉਂਦੇ ਹਨ –

*'ਨਿਜ ਘਰਿ ਤਖਤੁ ਅਡੋਲੁ ਨ ਡੋਲੁ ਡੋਲਾਈਐ॥'*

*'ਗੁਰਮਖਿ ਮਤਿ ਅਡੋਲ ਨ ਡੋਲਣਿ ਡੋਲੀਐ॥'*

*'ਉਮਤਿ ਮਹਲੁ ਨ ਪਾਵਦੀ*
*ਨਠਾ ਫਿਰੈ ਨ ਡਰੈ ਡਰਾਇਆ॥'*

ਸਮੁੱਚੀ ਵਿਚਾਰ ਦਾ ਸਿੱਟਾ ਹੈ ਆਤਮ ਸਮਰਪਣ। ਜਿਸ ਨਾਲ ਹਉਮੈ ਦਾ ਖਾਤਮਾ ਹੋ ਜਾਂਦਾ ਹੈ। ਮੈ, ਮੇਰੀ ਖਤਮ ਹੋ ਕੇ ਤੂੰ, ਤੂੰਹੀ ਵਾਲਾ ਨਵਾਂ ਸੰਸਾਰ (ਬੇਗਮਪੁਰਾ) ਬਣ ਜਾਂਦਾ ਹੈ –

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥*
*ਅੰਗ– ੧੩੭੫*

ਫਿਰ ਸਦਾ ਦਾ ਅਨੰਦ, ਖੇੜਾ ਅਤੇ ਸਹਿਜ ਪ੍ਰਾਪਤ ਹੋ ਜਾਂਦਾ ਹੈ ਕਿਉਂਕਿ ਉਹਨਾਂ ਲਈ ਦੂਜਾ ਹੁੰਦਾ ਹੀ ਨਹੀਂ।

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ ੧ ॥*
*ਅੰਗ– ੨੭੨*

ਅਸਲੀ ਸਹਿਜ ਦੇ ਜੀਵਨ, ਡਰ ਰਹਿਤ ਜੀਵਨ ਲਈ ਇਹ ਇਹੀ ਅਰਦਾਸ ਹੈ –

*ਮਨੁ ਤਨੁ ਬੁਧਿ ਅਰਪੀ ਠਾਕੁਰ ਕਉ*
*ਤਬ ਹਮ ਸਹਜਿ ਸੋਏ॥ ਅੰਗ– ੨੧੪*

ਸਾਨੂੰ 'ਆਤਮ ਮਾਰਗ' ਦੇ ਪਾਂਧੀਆਂ ਨੂੰ ਸਹਿਜ ਦੀ ਅਵਸਥਾ ਪ੍ਰਾਪਤ ਹੋਏ। ਇਹੀ 'ਆਤਮ ਮਾਰਗ' ਦਾ ਅਧਾਰ ਤੇ ਮੰਤਵ ਹੈ।

ਰਤਵਾੜਾ ਸਾਹਿਬ ਟਰੱਸਟ ਦੇ ਬਾਨੀ ਪਿਆਰੇ ਮਹਾਂਪੁਰਸ਼ਾਂ ਨੇ ਸਾਰਾ ਜੀਵਨ ਇਸੀ ਮੰਤਵ ਲਈ ਲਾਇਆ। ***'ਆਪਿ ਜਪਹੁ ਅਵਰਾ ਨਾਮੁ ਜਪਾਵਹੁ॥ (ਅੰਗ-289)*** 'ਤੇ ਪਹਿਰਾ ਦਿੰਦੇ ਹੋਏ ਗੁਰਮਤਿ ਰਹਿਣੀ ਬਹਿਣੀ ਵਾਲਾ ਜੀਵਨ ਆਪ ਜੀਵਿਆ ਤੇ ਹੋਰਨਾਂ ਲਈ ਪ੍ਰੇਰਨਾਦਾਇਕ ਬਣੇ। ਉਹਨਾਂ ਦਾ ਅਮਰ ਜੀਵਨ ਸਾਨੂੰ ਭੁਲਿਆਂ ਭਟਕਿਆਂ ਨੂੰ ਅੱਜ ਵੀ ਗੁਰਮਤਿ ਦੀ ਰੋਸ਼ਨੀ ਪ੍ਰਦਾਨ ਕਰ ਰਿਹਾ ਹੈ। ਉਹਨਾਂ ਦੇ ਆਗਮਨ ਦਿਵਸ ਤੇ ਸੱਚਖੰਡ ਪਿਆਨੇ ਦਿਵਸ ਤੇ ਪਿਆਰ ਵਾਲੀਆਂ ਸੰਗਤਾਂ ਗੁਰਮਤਿ ਸਮਾਗਮਾਂ ਰਾਹੀਂ ਨਾਮ ਬਾਣੀ ਨਾਲ ਜੁੜਦੀਆਂ ਹਨ। 17 ਜੂਨ ਨੂੰ ਉਹਨਾਂ ਦਾ ਪਵਿੱਤਰ ਆਗਮਨ ਦਿਵਸ ਰਤਵਾੜਾ ਸਾਹਿਬ ਦੀ ਪਾਵਨ ਧਰਤੀ 'ਤੇ ਗੁਰਮਤਿ ਸਮਾਗਮ ਦੇ ਰੂਪ ਵਿਚ ਮਨਾਇਆ ਗਿਆ। ਕਰੋਨਾ ਕਾਰਨ ਬਣੇ ਹਾਲਾਤਾਂ ਕਾਰਨ ਤੇ ਸਰਕਾਰਾਂ ਵਲੋਂ ਮਿਲੀਆਂ ਹਦਾਇਤਾਂ ਅਨੁਸਾਰ ਨਿਯਮਤ ਸੰਗਤਾਂ ਨੂੰ ਹੀ ਹਾਜ਼ਰੀ ਭਰਨ ਦੀ ਬੇਨਤੀ ਕੀਤੀ ਗਈ। ਬਹੁਤ ਸਾਰੀਆਂ ਦੇਸ਼-ਵਿਦੇਸ਼ ਦੀਆ ਸੰਗਤਾਂ ਨੇ ਆਪਣੇ ਘਰਾਂ ਵਿਚ ਬੈਠ ਕੇ ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਸਬੰਧੀ ਗੁਰਮਤਿ ਵੀਚਾਰਾਂ ਸਰਵਣ ਕੀਤੀਆਂ। ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਵਲੋਂ ਪਿਆਰੇ ਮਹਾਂਪੁਰਸ਼ਾਂ ਦੀਆਂ ਘਾਲਨਾ ਕਮਾਈਆਂ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਰਤਵਾੜਾ ਸਾਹਿਬ ਦੇ ਹੋਰ ਪ੍ਰੇਮੀਆਂ ਅਤੇ ਜਥਿਆਂ ਨੇ ਵੀ ਹਾਜ਼ਰੀ ਭਰੀ। ਇਸ ਤਰ੍ਹਾਂ ਅੱਜ ਵੀ ਮਹਾਂਪੁਰਸ਼ਾਂ ਦਾ ਜੀਵਨ ਸਾਨੂੰ ਪਿਆਰ, ਉਤਸ਼ਾਹ ਤੇ ਪ੍ਰੇਰਨਾ ਬਖਸ਼ ਰਿਹਾ ਹੈ। ਗੁਰੂ ਕ੍ਰਿਪਾ ਕਰਕੇ ਸਾਨੂੰ ਸਾਰਿਆਂ ਨੂੰ ਉਹਨਾਂ ਵਲੋਂ ਦਰਸਾਏ ਰਾਹ 'ਤੇ ਚਲਦਿਆਂ ਗੁਰਮਤਿ ਜੀਵਨ ਪ੍ਰਾਪਤ ਹੋਵੇ ਤਾਂ ਜੋ ਸਾਡਾ ਸਾਰਿਆਂ ਦਾ ਲੋਕ ਤੇ ਪ੍ਰਲੋਕ ਸੁਹੇਲਾ ਹੋਵੇ।

# ਸਾਵਣਿ ਸਰਸੀ ਕਾਮਣੀ.....॥

## ਸੰਗਰਾਂਦ-ਜੁਲਾਈ 16 (ਸ਼ੁਕਰਵਾਰ)

*ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ*

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥ ੬ ॥

ਅੰਗ - ੧੩੪

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਸਾਵਣ ਦਾ ਮਹੀਨਾ ਜਦੋਂ ਚੜ੍ਹ ਕੇ ਆਉਂਦਾ ਹੈ ਤਾਂ ਕੁਦਰਤੀ ਤੌਰ 'ਤੇ ਸਾਡੀ ਸੋਚ ਉਸ ਧਰਤੀ 'ਤੇ ਚਲੀ ਜਾਂਦੀ ਹੈ ਜਿੱਥੇ ਹਜ਼ੂਰ ਨੇ ਬਾਰਹਮਾਹਾ ਉਚਾਰਨ ਕੀਤਾ। ਸਾਵਣ ਦੇ ਅੰਦਰ ਧਰਤੀ, ਜਿਹੜੀ ਹਾੜ ਵਿਚ ਤਪੀ ਹੋਈ ਸੀ, ਜਦੋਂ ਕਾਲੀ ਘਟਾ ਚੜ੍ਹ ਕੇ ਆਉਂਦੀ ਹੈ ਅਤੇ ਸਾਵਣ ਦਾ ਬੱਦਲ ਵਰਸਦਾ ਹੈ ਤਾਂ ਤਪਦੀ ਹੋਈ ਧਰਤੀ, ਕੁਮਲਾਏ ਹੋਏ ਰੁੱਖ ਤੇ ਸੜੇ-ਤਪੇ ਜੀਵ ਇਕ ਦਮ ਹਰਿਆਵਲ ਵਿਚ ਆ ਜਾਂਦੇ ਹਨ। ਜਦੋਂ ਬੱਦਲਾਂ ਦੀਆਂ ਕਣੀਆਂ ਧਰਤੀ ਦੇ ਪਿੰਡੇ 'ਤੇ ਪੈਂਦੀਆਂ ਹਨ ਤਾਂ ਸਤਿਗੁਰੂ ਕਹਿੰਦੇ ਹਨ ਕਿ ਫਿਰ ਸਾਵਣ ਵਿਚ ਪਰਤ ਕੇ ਹਰਿਆਵਲ ਆ ਜਾਂਦਾ ਹੈ। ਫਲਾਂ ਵਿਚ ਰਸ ਭਰ ਜਾਂਦਾ ਹੈ। ਸਤਿਗੁਰੂ ਕਹਿੰਦੇ ਹਨ ਕਿ ਚੇਤੇ ਰੱਖੀਂ, ਜੇਕਰ ਸਾਵਣ ਦੇ ਮਹੀਨੇ ਵਿਚ ਬੱਦਲ ਵਰਸਦਾ ਹੈ ਤਾਂ ਧਰਤੀ 'ਤੇ ਹਰਿਆਵਲ ਆਉਂਦੀ ਹੈ। ਇਹ ਸਰੀਰ, ਇਹ ਮਨ ਦੀ ਧਰਤੀ ਕਈ ਜਨਮਾਂ ਦੀ ਸੁੱਕੀ ਪਈ ਹੈ। ਕਦੀ ਤੂੰ ਵੀ ਗੁਰੂ ਦੇ ਚਰਨਾਂ ਵਿਚ ਬੇਨਤੀ ਕਰ ਕਿ ਸਾਵਣ ਵਿਚ ਬੱਦਲ ਇਹੋ ਜਿਹਾ ਬਰਸੇ ਕਿ ਕਰੋੜਾਂ ਜਨਮਾਂ ਦੀ ਇਹ ਤਪਦੀ ਹੋਈ ਮਨ ਸਰੀਰ ਦੀ ਧਰਤੀ ਉਤੇ ਵੀ ਹਰਿਆਵਲ ਆ ਜਾਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਖ਼ਾਸ ਕਰਕੇ ਬਸੰਤ ਤੇ ਸਾਵਣ ਦਾ ਬਹੁਤ ਜ਼ਿਕਰ ਕੀਤਾ ਹੈ। ਹਜ਼ੂਰ ਕਹਿੰਦੇ ਹਨ ਕਿ ਇਹ ਜ਼ਰੂਰੀ ਨਹੀਂ ਕਿ ਸਾਵਣ ਦਾ ਮਹੀਨਾ ਹਰ ਇਕ ਨੂੰ ਚੰਗਾ ਲਗਦਾ ਹੋਵੇ। ਕਹਿੰਦੇ ਹਨ, ਚਾਰ ਜੀਵ ਇਸ ਤਰ੍ਹਾਂ ਦੇ ਹਨ ਜਿਹੜੇ ਸਾਵਣ ਦੀ ਬਰਸਦੀ ਹੋਈ ਵਰਖਾ ਨੂੰ ਦੇਖ ਕੇ ਅੱਤ ਦੇ ਪ੍ਰਸੰਨ ਹੁੰਦੇ ਹਨ ਤੇ ਚਾਰ ਜੀਵ ਇਸ ਤਰ੍ਹਾਂ ਦੇ ਵੀ ਹਨ ਜਿਹੜੇ ਸਾਵਣ ਨੂੰ ਦੇਖ ਕੇ ਕਲਪਣ ਲਗ ਪੈਂਦੇ ਹਨ। ਜਦੋਂ ਸਾਵਣ ਵਰਸਦਾ ਹੈ ਤਾਂ ਸੱਪ ਵੀ ਪ੍ਰਸੰਨ ਹੁੰਦਾ ਹੈ। ਸਾਵਣ ਵਰਸਦਾ ਹੈ ਤਾਂ ਮ੍ਰਿਗ ਵੀ ਪ੍ਰਸੰਨ ਦਿਸਦੇ ਹਨ। ਸਾਵਣ ਦੇ ਮਹੀਨੇ ਮੱਛੀ ਵੀ ਪ੍ਰਸੰਨ ਹੁੰਦੀ ਹੈ ਤੇ ਜਿਸ ਕੋਲ ਦੌਲਤ ਹੁੰਦੀ ਹੈ, ਜਿਸ ਕੋਲ ਚਾਰ ਪੈਸੇ ਬੈਠ ਕੇ ਖਾਣ ਲਈ ਹੁੰਦੇ ਹਨ, ਉਹ ਕਹਿੰਦਾ ਹੈ ਕਿ ਸਾਵਣ ਦੇ ਮਹੀਨੇ ਦੀ ਬਰਸਾਤ ਬਹੁਤ ਚੰਗੀ ਲਗਦੀ ਹੈ। ਜੇਕਰ ਮੈਂ ਕੰਮ ਨਾ ਵੀ ਕਰਾਂ ਤਾਂ ਵੀ ਇਸ ਮਹੀਨੇ ਬੈਠ ਕੇ ਖਾ ਸਕਦਾ ਹਾਂ। ਸਾਹਿਬ ਕਹਿੰਦੇ ਹਨ, ਇਹ ਚਾਰ ਜੀਵ ਬਹੁਤ ਖੁਸ਼ ਹਨ।

ਚਾਰ ਜੀਵ ਇਸ ਤਰ੍ਹਾਂ ਦੇ ਵੀ ਹੁੰਦੇ ਹਨ ਜਿਹੜੇ ਸਾਵਣ ਵਿਚ ਦੁਖੀ ਹੁੰਦੇ ਹਨ। ਇਹ ਹਨ - ਗਾਵਾਂ ਦੇ ਪੁੱਤਰ ਵੱਛੇ ਤੇ ਵੱਛੀਆਂ। ਜਦੋਂ ਸਾਵਣ ਦਾ ਮੀਂਹ ਵਰਸਦਾ ਹੈ ਤਾਂ ਆਪ ਬਜ਼ੁਰਗ ਜਾਣਦੇ ਹੋ ਕਿ ਹਾੜ ਦੇ ਮਹੀਨੇ ਵਿਚ ਪਾਣੀ ਕੌਣ ਖੇਤ ਵਿਚ ਲਾਉਂਦਾ ਹੈ। ਸਭ ਵਿਹਲੇ ਰਹਿੰਦੇ ਸਨ ਤੇ ਜਦੋਂ ਸਾਵਣ ਦੀਆਂ ਕਣੀਆਂ ਪੈਣੀਆਂ, ਉਸ ਵੇਲੇ ਪੱਠਾ-ਗੱਠਾ ਬੀਜਣ ਦਾ ਕੰਮ ਸ਼ੁਰੂ ਹੋ ਜਾਣਾ। ਝੋਨਾ ਲਾਉਣ ਵਾਸਤੇ ਬਲਦਾਂ ਨੂੰ ਖੇਤਾਂ ਵਿਚ ਲੈ ਕੇ ਜਾਣਾ ਤੇ ਪਾਣੀ ਵਿਚ ਜਾ ਕੇ ਹੱਲ ਵਾਹੁਣਾ। ਕਹਿੰਦੇ ਹਨ ਕਿ ਸਾਵਣ ਬਰਸਿਆ, ਪਰ ਕਦੀ ਉਸ ਨੂੰ ਪੁੱਛ ਕੇ ਵੇਖੋ ਜਿਹੜਾ ਸਵੇਰ ਤੋਂ ਲੈ ਕੇ ਸ਼ਾਮ ਤਕ ਹੱਲ ਵਾਹੁੰਦਾ ਹੈ। ਉਸ ਨੂੰ ਸਾਵਣ ਦਾ ਮਹੀਨਾ ਚੰਗਾ ਨਹੀਂ ਲਗਦਾ। ਕਹਿਣ ਲੱਗੇ ਕਿ ਜਿਹੜੇ ਦਿਹਾੜੀ ਕਰਦੇ ਸਨ, ਜਿਹੜੇ ਮਜ਼ਦੂਰੀ ਕਰਦੇ ਸਨ, ਮੀਂਹ ਇੰਨਾ ਪੈ ਗਿਆ ਕਿ ਮਾਲਕ ਨੇ

ਕਹਿ ਦਿਤਾ ਕਿ ਸਵੇਰੇ ਤੂੰ ਕੰਮ 'ਤੇ ਨਹੀਂ ਆਉਣਾ। ਸਾਹਿਬ ਕਹਿੰਦੇ ਹਨ ਕਿ ਜਿਸ ਨੇ ਮਜ਼ਦੂਰੀ ਕਰਕੇ ਰੋਟੀ ਕਮਾ ਕੇ ਸ਼ਾਮ ਨੂੰ ਬੱਚਿਆਂ ਦਾ ਪੇਟ ਭਰਨਾ ਹੈ, ਉਹ ਕਹਿੰਦਾ ਹੈ ਕਿ ਸਾਵਣ ਦੀ ਝੜੀ ਕਿਉਂ ਲੱਗੀ। ਇਸ ਨੇ ਤਾਂ ਮੇਰੇ ਮੂੰਹ ਵਿਚੋਂ ਰੋਟੀ ਹੀ ਖੋਹ ਲਈ ਹੈ। ਇਥੇ ਕਈ ਸੱਜਣ ਗੁਰਮੁਖ ਇਹ ਵੀ ਬਚਨ ਕਰਦੇ ਹਨ ਕਿ ਇਸ ਮਹੀਨੇ ਵਿਚ ਵਿਛੋੜਾ ਪੈ ਗਿਆ। ਗਾਂ ਤੋਂ ਉਸ ਦੇ ਬੱਚੇ ਵਿਛੜ ਗਏ। ਬਲਦ ਨੂੰ ਕਿਤੇ ਲੈ ਗਏ ਵਾਹੁੰਣ ਵਾਸਤੇ। ਜੋ ਨਿਰਧਨ ਹਨ, ਜਿੱਥੇ ਜ਼ਿਆਦਾ ਮੀਂਹ ਪੈ ਗਿਆ, ਉਸ ਥਾਂ ਨੂੰ ਤੇ ਪਰਿਵਾਰ ਨੂੰ ਛੱਡ ਕੇ ਉਥੇ ਚਲੇ ਗਏ ਜਿਥੇ ਮਜ਼ਦੂਰੀ ਚੰਗੀ ਮਿਲ ਜਾਵੇ। ਉਹਨਾਂ ਨੂੰ ਵੀ ਸਾਵਣ ਨੇ ਵਿਛੋੜਾ ਪਾ ਦਿਤਾ। ਸਾਹਿਬ ਕਹਿੰਦੇ ਹਨ ਤੀਸਰਾ ਹੈ ਪੰਥੀ। ਪੰਥੀ ਦਾ ਅਰਥ ਹੈ ਰਾਹੀ। ਪੁਰਾਤਨ ਸਮੇਂ ਵਿਚ ਰਾਹੀ ਤੁਰ ਕੇ ਜਾਂਦੇ ਸਨ। ਜੇ ਮੀਂਹ ਪੈ ਜਾਵੇ ਤਾਂ ਚਾਰ-ਚੁਫੇਰੇ ਸੜਕਾਂ ਮੀਂਹ ਵਿਚ ਡੁੱਬ ਜਾਂਦੀਆਂ ਸਨ ਤੇ ਲੋਕ ਜਿੱਥੇ ਵੀ ਰੁਕ ਜਾਂਦੇ ਸਨ, ਉਥੇ ਹੀ ਰੁਕੇ ਰਹਿੰਦੇ। ਘਰ ਤੋਂ ਵਿਛੜੇ ਰਾਹੀਆਂ ਨੇ ਕਹਿਣਾ ਕਿ ਸਾਵਣ ਨਾ ਹੀ ਆਉਂਦਾ ਤਾਂ ਹੀ ਚੰਗਾ ਸੀ। ਸਾਨੂੰ ਰਸਤੇ ਵਿਚ ਰੋਕ ਕੇ ਪਰਿਵਾਰ ਤੋਂ ਵਿਛੋੜ ਦਿਤਾ। ਚੌਥਾ ਹੈ ਚਾਕਰ। ਚਾਕਰ ਦਾ ਅਰਥ ਹੈ ਨੌਕਰ। ਸਾਵਣ ਵਿਚ ਮੀਂਹ ਜਿੰਨਾ ਮਰਜ਼ੀ ਪਵੇ, ਪਰ ਮਾਲਕ ਨੇ ਕਹਿ ਦੇਣਾ ਕਿ ਪੱਠੇ ਵੱਢ ਕੇ ਜ਼ਰੂਰ ਲਿਆਉਣੇ ਹਨ, ਭਾਵੇਂ ਗੋਡੇ-ਗੋਡੇ ਪਾਣੀ ਖਲੋਤਾ ਹੋਵੇ। ਚਰੀ ਵੱਢ ਕੇ ਸਿਰ 'ਤੇ ਚੁੱਕ ਕੇ ਲਿਆਉਣੀ ਹੀ ਹੈ। ਕਹਿੰਦੇ ਹਨ, ਉਸ ਨੌਕਰ ਨੂੰ ਪੁੱਛ ਕੇ ਦੇਖੋ, ਜਿਸ ਦੇ ਸਿਰ 'ਤੇ ਭਿੱਜਾ ਹੋਇਆ ਭਾਰ ਪਿਆ ਹੈ। ਉਹ ਕਹਿੰਦਾ ਹੈ ਸਾਵਣ ਨਾ ਹੀ ਆਉਂਦਾ ਤਾਂ ਚੰਗਾ ਸੀ। ਕਹਿੰਦੇ ਹਨ ਸਾਵਣ ਵਿਚ ਚਾਰ ਖੁਸ਼ ਹੁੰਦੇ ਹਨ ਅਤੇ ਚਾਰ ਨਾ-ਖੁਸ਼ ਹੁੰਦੇ ਹਨ। ਸਾਹਿਬ ਕਹਿੰਦੇ ਹਨ ਕਿ ਹਰ ਇਕ ਨੂੰ ਸਾਵਣ ਨਹੀਂ ਭਾਉਂਦਾ। ਇਹੀ ਕਾਰਨ ਹੈ ਕਿ ਗੁਰੂ ਪ੍ਰਮਾਤਮਾ ਦਾ ਨਾਮ ਬੱਦਲ ਜਦੋਂ ਵਰਸਦਾ ਹੈ ਤਾਂ ਮਨਮੁਖ ਹਿਰਦੇ ਨੂੰ ਭਾਉਂਦਾ ਨਹੀਂ। ਗੁਰਮੁਖ ਹਿਰਦੇ ਵਰਸਦੇ ਮੀਂਹ ਨੂੰ ਦੇਖ ਕੇ ਪ੍ਰਸੰਨ ਹੁੰਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸਾਵਣ ਦਾ ਮਹੀਨਾ ਆ ਗਿਆ ਹੈ। ਤੂੰ ਕਹਿੰਦਾ ਹੈਂ ਕਿ ਮੀਂਹ ਪਵੇ ਤੇ ਹਰ ਥਾਂ 'ਤੇ ਵਰਸੇ, ਪਰ ਅੰਦਰ ਰਸ ਉਸ ਦਿਨ ਆਉਣਾ ਹੈ ਜਦੋਂ ਸਤਿਗੁਰੂ ਦੇ ਚਰਨਾਂ ਨਾਲ ਪਿਆਰ ਬਣ ਜਾਵੇ। ਸਾਹਿਬ ਕਹਿੰਦੇ ਹਨ -

*ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥*

ਇਸ ਵਿਚ ਕਾਮਣੀ ਦਾ ਅਰਥ ਹੈ - ਜੀਵ-ਇਸਤਰੀ। ਸਾਵਣ ਦੇ ਮਹੀਨੇ ਵਿਚ ਉਹ ਜੀਵ-ਇਸਤਰੀ ਰਸ ਨਾਲ ਭਰਪੂਰ ਹੋ ਗਈ, ਜਿਸ ਦਾ ਪਿਆਰ ਵਾਹਿਗੁਰੂ ਜੀ ਦੇ ਚਰਨ ਕਮਲਾਂ ਨਾਲ ਪੈ ਗਿਆ। ਜਿਸ ਨੇ ਪ੍ਰਮਾਤਮਾ ਦੇ ਚਰਨ ਕਮਲਾਂ ਨੂੰ ਪਿਆਰ ਕੀਤਾ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਨ ਕਿ ਚਰਨ ਕਮਲਾਂ ਨੂੰ ਪਿਆਰ ਕਰਨ ਵਾਲੇ ਰਸ ਸਹਿਤ ਹਨ। ਸਾਹਿਬ ਕਹਿੰਦੇ ਹਨ ਕਿ ਸਾਵਣ ਦੇ ਮਹੀਨੇ ਵਿਚ ਉਹ ਜੀਵ-ਇਸਤਰੀ ਰਸ ਵਾਲੀ ਹੈ, ਜਿਸ ਦਾ ਪ੍ਰਮਾਤਮਾ ਦੇ ਚਰਨ-ਕਮਲਾਂ ਨਾਲ ਪਿਆਰ ਪੈ ਗਿਆ, ਜਿਸ ਦਾ ਪਿਆਰ ਪੈ ਗਿਆ ਫਿਰ ਉਸ ਦੀ ਕੋਈ ਹੱਦ ਨਹੀਂ ਹੁੰਦੀ। ਪ੍ਰਿੰਸੀਪਲ ਗੰਗਾ ਸਿੰਘ ਜੀ ਨੇ ਕੁਝ ਦਹਾਕੇ ਪਹਿਲਾਂ ਇਕ ਕਿਤਾਬ ਲਿਖੀ ਸੀ, ਉਸ ਦਾ ਨਾਮ ਸੀ ਜੀਵਣ ਕਿਰਨਾਂ। ਮਨਸੂਰ ਦੇ ਸਬੰਧੀ ਲਿਖਦਿਆਂ ਉਹਨਾਂ ਨੇ ਮਨਸੂਰ ਦੀ ਜੀਵਨ ਦੀ ਘਟਨਾ ਦਿਤੀ ਸੀ। ਕਹਿਣ ਲੱਗੇ, ਮਨਸੂਰ ਨੂੰ ਸਵੇਰੇ ਸੂਲੀ 'ਤੇ ਚਾੜ੍ਹਿਆ ਜਾਣਾ ਹੈ ਅਤੇ ਕੋਈ ਫ਼ਕੀਰ ਆਇਆ। ਉਸ ਦੇ ਤਿੰਨ ਸਵਾਲਾਂ ਦਾ ਉਤਰ ਅੱਜ ਤਕ ਕਿਤੋਂ ਨਹੀਂ ਸੀ ਮਿਲਿਆ। ਉਸ ਦਾ ਪਹਿਲਾ ਸਵਾਲ ਸੀ ਕਿ ਦਾਨ ਦੀ ਹੱਦ ਕੀ ਹੈ? ਦੂਜਾ ਸਵਾਲ ਸੀ ਕਿ ਤਿਆਗ ਦੀ ਹੱਦ ਕੀ ਹੈ? ਤੀਸਰਾ ਸਵਾਲ ਸੀ ਕਿ ਪ੍ਰੇਮ ਦੀ ਹੱਦ ਕੀ ਹੈ? ਬੜੇ ਗਿਆਨੀ ਮਿਲੇ। ਉਹਨਾਂ ਨੇ ਦਸ ਦੇਣਾ ਕਿ ਦਾਨ ਦੀ ਹੱਦ ਇਤੋਂ ਤਕ ਹੈ, ਪਰ ਅੰਦਰ ਨੂੰ ਤ੍ਰਿਪਤੀ ਨਾ ਹੋਈ। ਕੁਦਰਤੀ ਤੌਰ 'ਤੇ ਜਿਹੜਾ ਅੰਦਰੋਂ ਜਾਗਣਾ ਸ਼ੁਰੂ ਹੋ ਜਾਏ, ਉਹ ਜਿੰਨਿਆਂ ਨੂੰ ਮਰਜ਼ੀ ਸੁਣੀ ਜਾਏ, ਪਰ ਮੇਰਾ ਮਾਲਕ ਜਦੋਂ ਮਿਹਰ ਕਰੇ ਤਾਂ ਉਸ ਦੇ ਅੰਦਰ ਨੂੰ ਉਦੋਂ ਹੀ ਟਿਕਾਅ ਮਿਲਦਾ ਹੈ ਜਦੋਂ ਕੋਈ ਨਾਨਕ ਝੀਰਾ ਮਿਲ ਜਾਏ। ਕਿਸੇ ਨੇ ਕਿਹਾ, ਤੂੰ ਜਾ, ਤੇਰੇ ਤਿੰਨਾਂ ਸਵਾਲਾਂ ਦਾ ਜਵਾਬ ਮਨਸੂਰ ਦੇ ਸਕਦਾ ਹੈ।

ਉਹ ਫ਼ਕੀਰ ਮਨਸੂਰ ਕੋਲ ਪਹੁੰਚਿਆ। ਉਸ ਨੇ ਜਾਂਦਿਆਂ ਪਹਿਲਾ ਸਵਾਲ ਕੀਤਾ। ਕਹਿਣ ਲੱਗਾ, ਮਨਸੂਰ! ਦਾਨ ਦੀ ਹੱਦ ਕੀ ਹੈ? ਤਿਆਗ ਦੀ ਹੱਦ ਕੀ ਹੈ? ਪਿਅਰ ਦੀ ਹੱਦ ਕੀ ਹੈ? ਮਨਸੂਰ ਅੱਗੋਂ ਕਹਿਣ ਲੱਗਾ ਕਿ ਅੱਖਰਾਂ ਰਾਹੀਂ ਪੁੱਛਣਾ ਚਹੁੰਦਾ ਹੈਂ ਜਾਂ ਜੀਵਨ ਦੇ ਪ੍ਰੈਕਟੀਕਲ ਤਜਰਬੇ ਰਾਹੀਂ ਪੁੱਛਣਾ ਚਾਹੁੰਦਾ ਹੈਂ? ਉਹ ਫ਼ਕੀਰ ਕਹਿਣ ਲੱਗਾ, ਅੱਖਰਾਂ ਨਾਲ ਤਾਂ ਬੜੀ ਵਾਰੀ ਸੁਣਿਆ ਹੈ, ਜੇ ਤੂੰ ਕਿਤੇ ਆਪਣੀ ਕਮਾਈ ਹੋਈ ਜ਼ਿੰਦਗੀ ਰਾਹੀਂ ਸਮਝਾ ਦੇਵੇਂ ਕਿ ਇਸ ਦਾ ਅਰਥ ਕੀ ਹੈ ਤਾਂ ਮਜ਼ਾ ਆ ਜਾਵੇ। ਮਨਸੂਰ ਕਹਿੰਦਾ ਹੈ ਮੈਂ ਓਨੀ ਦੇਰ ਕਿਸੇ ਦੇ ਸਵਾਲ ਦਾ ਜਵਾਬ ਨਹੀਂ ਦਿੰਦਾ ਜਿੰਨੀ ਦੇਰ ਤਕ ਆਪਣੇ ਵੱਲੋਂ ਕੁਝ ਖਾਣ ਲਈ ਨਾ ਦੇਵਾਂ। ਅੰਦਰ ਗਿਆ, ਗੋਦੜੀ ਵਿਚ ਅੱਧੀ ਰੋਟੀ ਪਈ ਸੀ। ਸੁਕੀ ਰੋਟੀ ਲਿਆ ਕੇ ਸਵਾਲ ਕਰਨ ਵਾਲੇ ਨੂੰ ਕਹਿੰਦਾ ਹੈ, ਪਹਿਲਾਂ ਰੋਟੀ ਖਾ, ਫਿਰ ਤੇਰੇ ਸਵਾਲਾਂ ਦਾ ਉਤਰ ਦੇਵਾਂਗਾ। ਉਸ ਨੇ ਚਬਾ ਕੇ ਰੋਟੀ ਖਾਧੀ। ਉਹ ਕਹਿਣ ਲੱਗਾ, ਦੱਸ ਹੁਣ ਕਿ ਦਾਨ ਦੀ ਹੱਦ ਕੀ ਕੈ? ਮਨਸੂਰ ਕਹਿੰਦਾ ਹੈ,

ਤੈਨੂੰ ਇੰਨਾ ਪਤਾ ਹੈ ਕਿ ਕਿੰਨੇ ਦਿਨ ਹੋ ਗਏ ਹਨ, ਇਹਨਾਂ ਨੇ ਮੈਨੂੰ ਜੰਜੀਰਾਂ ਵਿਚ ਜਕੜ ਕੇ ਕੈਦਖ਼ਾਨੇ ਵਿਚ ਸੁੱਟਿਆ ਹੈ। ਫ਼ਕੀਰ ਕਹਿੰਦਾ ਹੈ, ਮੈਨੂੰ ਪਤਾ ਹੈ। ਮਨਸੂਰ ਕਹਿੰਦਾ ਹੈ, ਤੈਨੂੰ ਇਹ ਵੀ ਪਤਾ ਹੈ ਕਿ ਕਈ ਦਿਨ ਹੋ ਗਏ ਹਨ, ਨਾ ਮੈਨੂੰ ਪੀਣ ਲਈ ਪਾਣੀ ਦਿੰਦੇ ਹਨ ਅਤੇ ਨਾ ਖਾਣ ਲਈ ਰੋਟੀ ਦਿੰਦੇ ਹਨ। ਫ਼ਕੀਰ ਕਹਿੰਦਾ ਹੈ, ਮੈਨੂੰ ਇਹ ਵੀ ਪਤਾ ਹੈ। ਮਨਸੂਰ ਕਹਿਣ ਲੱਗਾ ਕਿ ਕੱਲ ਰਾਤ ਮੇਰਾ ਇਕ ਹਮਦਰਦ ਲੁੱਕ ਕੇ ਆਇਆ ਸੀ। ਵਿਚਾਰੇ ਨੇ ਅੱਧੀ ਰੋਟੀ ਮੈਨੂੰ ਲਿਆ ਕੇ ਦਿਤੀ ਤੇ ਕਹਿਣ ਲੱਗਾ, ਮਨਸੂਰ, ਕਿੰਨੇ ਦਿਨ ਹੋ ਗਏ ਹਨ, ਤੂੰ ਕੁਝ ਖਾਧਾ ਨਹੀਂ, ਇਹ ਅੱਧੀ ਰੋਟੀ ਖਾ ਲੈ। ਮਨਸੂਰ ਕਹਿੰਦਾ ਹੈ, ਰੋਟੀ ਤਾਂ ਮੈਨੂੰ ਦੇ ਗਿਆ, ਪਰ ਮੇਰੇ ਮਨ ਵਿਚ ਆਇਆ ਮਨਾ! ਕੱਲ ਨੂੰ ਸਰੀਰ ਤਾਂ ਬਿਨਸ ਹੀ ਜਾਣਾ ਹੈ, ਜੇ ਤੂੰ ਦੁਨੀਆਂ 'ਤੇ ਆਇਆ ਹੈਂ ਤਾਂ ਇਹ ਅੱਧੀ ਰੋਟੀ ਵੀ ਉਸ ਦੇ ਮੂੰਹ ਵਿਚ ਪਾ ਦੇਵੀਂ ਜਿਸ ਨੇ ਚਾਰ ਦਿਨ ਤੋਂ ਜ਼ਿਆਦਾ ਦੁਨੀਆਂ 'ਤੇ ਹੋਰ ਜੀਉਣਾ ਹੋਵੇ। ਤੈਨੂੰ ਪਤਾ ਹੈ ਕਿ ਮੈਂ ਕਈ ਦਿਨਾਂ ਦਾ ਭੁੱਖਾ ਹਾਂ। ਆਪਣੇ ਜ਼ਿੰਦਗੀ ਦੇ ਤਰਜਬੇ ਵਿਚੋਂ ਤੈਨੂੰ ਦਸਦਾ ਹਾਂ। ਮੈਂ ਆਪ ਰੋਟੀ ਦਾ ਟੁੱਕੜਾ ਮੂੰਹ ਵਿਚ ਨਹੀਂ ਪਾਇਆ, ਤੈਨੂੰ ਦੇ ਦਿਤਾ। ਸੱਜਣਾ! ਇਹ ਦਾਨ ਦੀ ਹੱਦ ਹੈ। ਆਪ ਭੁੱਖਾ ਹੋਵੇ ਅਤੇ ਆਏ ਹੋਏ ਨੂੰ ਆਪਣੇ ਮੂੰਹ ਵਿਚੋਂ ਰੋਟੀ ਕੱਢ ਕੇ ਦੇ ਦੇਵੇ, ਇਸ ਤੋਂ ਵੱਡਾ ਦਾਨ ਹੋਰ ਕੀ ਹੋ ਸਕਦਾ ਹੈ। ਇਹ ਦਾਨ ਦੀ ਹੱਦ ਹੈ। ਇਸ ਤੋਂ ਅੱਗੇ ਨਹੀਂ। ਜਦੋਂ ਫ਼ਕੀਰ ਨੇ ਸੁਣਿਆ ਤਾਂ ਸਿਰ ਤੋਂ ਪੈਰਾਂ ਤਕ ਕੰਬ ਗਿਆ। ਇਕੋ ਦਮ ਅੱਖਾਂ ਪਾਣੀ ਨਾਲ ਸੇਜਲ ਹੋ ਗਈਆਂ। ਕਹਿਣ ਲੱਗਾ, ਅੱਜ ਤੱਕ ਮੈਂ ਲੋਕਾਂ ਕੋਲੋਂ ਕੇਵਲ ਅਰਥ ਪੁਛਦਾ ਰਿਹਾ, ਪਰ ਅੱਜ ਪ੍ਰੈਕਟੀਕਲ ਸਮਝ ਪਈ ਹੈ ਕਿ ਅਸਲ ਵਿਚ ਦਾਨ ਦੀ ਹੱਦ ਕੀ ਹੈ।

ਮਨਸੂਰ ਕਹਿੰਦਾ ਹੈ, ਤੇਰਾ ਦੂਸਰਾ ਸਵਾਲ ਹੈ ਕਿ ਤਿਆਗ ਦੀ ਹੱਦ ਕੀ ਹੈ? ਜੇਕਰ ਦੋ ਘੜੀਆਂ ਆਪਣੇ ਨੇਤਰ ਬੰਦ ਕਰੇਂ ਤਾਂ ਤੈਨੂੰ ਇਸ ਦਾ ਵੀ ਉੱਤਰ ਦੇ ਦਿਆਂ। ਕਹਿੰਦੇ ਹਨ, ਉਸ ਫ਼ਕੀਰ ਨੇ ਜਦੋਂ ਆਪਣੇ ਨੇਤਰ ਬੰਦ ਕੀਤੇ ਤੇ ਦੋ ਘੜੀਆਂ ਦੇ ਬਾਅਦ ਖੋਲ੍ਹੇ ਤਾਂ ਕੀ ਦੇਖਦਾ ਹੈ ਕਿ ਮਨਸੂਰ ਦਾ ਕੇਵਲ ਤਨ ਪਿਆ ਹੈ, ਪਰ ਅੰਦਰ ਵਾਲੀ ਆਤਮਾ ਉਸ ਨੇ ਜੀਊਂਦੇ ਜੀਅ ਆਪਣੇ ਸਰੀਰ ਤੋਂ ਵੱਖ ਕਰ ਲਈ ਹੈ। ਇਕ ਦਮ ਸਵਾਲ ਕਰਨ ਵਾਲਾ ਕੰਬ ਗਿਆ। ਮਨਸੂਰ ਉੱਠ ਕੇ ਬੈਠ ਗਿਆ ਤੇ ਕਹਿੰਦਾ ਹੈ, ਐ ਫ਼ਕੀਰ! ਇਹ ਤਿਆਗ ਦੀ ਹੱਦ ਹੈ। ਜਦੋਂ ਬੰਦਗੀ ਦੇ ਰਸਤੇ 'ਤੇ ਕੋਈ ਤੁਰਨ ਲਗ ਪਏ ਤੇ ਮਾਲਕ ਦੀ ਕ੍ਰਿਪਾ ਨਾਲ ਹਿਰਦਾ ਭਰ ਜਾਏ ਤਾਂ ਤਿਆਗਦਿਆਂ-ਤਿਆਗਦਿਆਂ ਇਥੋਂ ਤੱਕ ਪਹੁੰਚ ਜਾਂਦਾ ਹੈ ਕਿ ਜਦੋਂ ਮਰਜ਼ੀ ਆਪਣੇ ਸਰੀਰ ਨੂੰ ਤਿਆਗ ਜਾਏ। ਇਹ ਤਿਆਗ ਦੀ ਹੱਦ ਹੈ।

ਫ਼ਕੀਰ ਕਹਿਣ ਲੱਗਾ, ਫਿਰ ਤੀਸਰੇ ਸਵਾਲ ਦਾ ਉੱਤਰ ਦੇ ਕਿ ਪਿਆਰ ਦੀ ਹੱਦ ਕੀ ਹੈ? ਮਨਸੂਰ ਕਹਿੰਦਾ ਹੈ ਕਿ ਇਸ ਦਾ ਉੱਤਰ ਤੈਨੂੰ ਕੱਲ ਸਵੇਰੇ ਦੇਵਾਂਗਾ। ਕੱਲ ਕਤਲਗਾਹ ਵਿਚ ਆਈਂ, ਤੈਨੂੰ ਉਥੇ ਉੱਤਰ ਮਿਲੇਗਾ।

ਸਵੇਰੇ ਹਜ਼ਾਰਾਂ ਲੋਕ ਦੇਖਣ ਆਏ ਕਿ ਮਨਸੂਰ ਨੇ ਸੂਲੀ 'ਤੇ ਚੜ੍ਹਨਾ ਹੈ। ਜਦੋਂ ਮਨਸੂਰ ਨੂੰ ਚੁਰਸਤੇ ਵਿਚ ਲਿਜਾ ਕੇ ਉਸ ਦੇ ਟੁਕੜੇ ਕਰਨ ਲੱਗੇ ਤਾਂ ਹਰ ਇਕ ਟੁੱਕੜੇ ਵਿਚੋਂ 'ਅਨਹਲ ਹੱਕ' ਦੀ ਆਵਾਜ਼ ਆਈ। ਸਵਾਲ ਕਰਨ ਵਾਲਾ ਫ਼ਕੀਰ ਵੀ ਭੀੜ ਵਿਚ ਖੜ੍ਹਾ ਸੀ। ਇਕ ਟੁਕੜਾ ਉਸ ਦੇ ਕੋਲ ਜਾ ਕੇ ਕਹਿੰਦਾ ਹੈ, ਸੱਜਣਾ, ਤੂੰ ਪੁੱਛਦਾ ਸੀ ਕਿ ਪਿਆਰ ਦੀ ਹੱਦ ਕੀ ਹੈ? ਤਿਆਗ ਅਤੇ ਦਾਨ ਦੀ ਹੱਦ ਹੋ ਸਕਦੀ ਹੈ, ਪਰ ਪਿਆਰ ਦੀ ਕੋਈ ਹੱਦ ਨਹੀਂ। ਪਿਆਰ ਬਿਨਾਂ ਹੱਦ ਦੇ ਹੈ। ਟੁਕੜੇ-ਟੁਕੜੇ ਹੋ ਜਾਣ 'ਤੇ ਵੀ ਪਿਆਰ ਦੇ ਗੀਤ ਫਿਰ ਵੀ ਅਲਾਪੇ ਜਾਂਦੇ ਹਨ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਸਾਵਣ ਦਾ ਮਹੀਨਾ ਕੇਵਲ ਉਹਨਾਂ ਦੇ ਹਿਰਦੇ ਵਿਚ ਰਸ ਭਰਦਾ ਹੈ ਜਿਨ੍ਹਾਂ ਨੇ ਆਪਣੇ ਮਾਲਕ ਦੇ ਚਰਨ ਕਮਲਾਂ ਨਾਲ ਬੇਹੱਦ ਪਿਆਰ ਕੀਤਾ ਹੈ। ਮਹਾਰਾਜ! ਫਿਰ ਚਰਨ ਕਮਲਾਂ ਨਾਲ ਕਿਹੋ ਜਿਹਾ ਪਿਆਰ ਕੀਤਾ ਜਾਏ? ਧੰਨ ਸ੍ਰੀ ਗੁਰੂ ਨਾਨਕ ਸਾਹਿਬ ਨੇ ਪੰਜ-ਛੇ ਉਦਾਹਰਨਾਂ ਦਿਤੀਆਂ ਹਨ। ਪਹਿਲੀ ਉਦਾਹਰਨ ਦਿਤੀ ਹੈ ਕਿ ਹੇ ਮਨਾ! ਜੇ ਤੂੰ ਸਾਈਂ ਨੂੰ ਪਿਆਰ ਕਰਦਾ ਹੈਂ ਤਾਂ ਫਿਰ ਇਹੋ ਜਿਹਾ ਪਿਆਰ ਕਰੀਂ ਜਿਵੇਂ ਕਮਲ ਦਾ ਫੁੱਲ ਪਾਣੀ ਨੂੰ ਕਰਦਾ ਹੈ। ਕਮਲ ਪਾਣੀ ਵਿਚ ਖਿੜਿਆ ਹੈ ਤੇ ਜਦੋਂ ਕਿਤੇ ਪਾਣੀ ਦੀਆਂ ਲਹਿਰਾਂ ਉਠੀਆਂ ਤਾਂ ਉਹਨਾਂ ਨੇ ਪੂਰੇ ਜ਼ੋਰ ਨਾਲ ਕਮਲ ਦੇ ਫੁੱਲ ਨੂੰ ਠੋਕਰ ਮਾਰੀ ਤੇ ਕਮਲ ਦਾ ਫੁੱਲ ਆਪਣੀ ਜਗ੍ਹਾ ਤੋਂ ਹਿੱਲ ਗਿਆ। ਸੱਜਣਾ! ਤੈਨੂੰ ਰੱਬ ਨੇ ਸੁਹੱਪਣ ਦਿਤਾ ਹੈ, ਤੈਨੂੰ ਮਹਿਕ ਦਿਤੀ ਹੈ। ਕੀ ਮੈਲੇ ਜਿਹੇ ਪਾਣੀ ਵਿਚ ਰਹਿ ਕੇ ਇਸ ਦੀਆਂ ਠੋਕਰਾਂ ਪਿਆ ਖਾਂਦਾ ਹੈਂ, ਛੱਡ ਇਸ ਪਾਣੀ ਨੂੰ। ਸਾਹਿਬ ਕਹਿੰਦੇ ਹਨ ਕਿ ਅੱਗੋਂ ਫੁੱਲ ਨੇ ਕਿਹਾ, ਨਹੀਂ ਬਾਬਾ! ਸ਼ਾਇਦ ਤੁਹਾਨੂੰ ਪਤਾ ਨਹੀਂ, ਜਿਹੜਾ ਠੋਕਰ ਮਾਰਦਾ ਹੈ, ਇਹੀ ਤਾਂ ਮੇਰੇ ਜੀਵਨ ਦਾ ਦਾਤਾ ਹੈ। ਜੇ ਇਹ ਨਾ ਹੁੰਦਾ ਤਾਂ ਫਿਰ ਨਾ ਖੇੜਾ, ਨਾ ਮਹਿਕ, ਨਾ ਰੂਪ, ਕੁਝ ਵੀ ਨਹੀਂ ਸੀ ਹੋਣਾ। ਜਿਸ ਪਾਣੀ ਨੇ ਜੀਵਨ ਦਿਤਾ ਹੈ, ਜੇ ਠੋਕਰ ਮਾਰੇਗਾ ਤਾਂ ਠੋਕਰ ਖਾ ਕੇ ਵੀ ਮੈਂ ਇਸ ਨੂੰ ਛੱਡ ਕੇ ਜਾਣਾ ਨਹੀਂ। ਪਿਆਰ ਦਾ ਸਬੰਧ ਕੇਵਲ ਦੁਨੀਆਂ ਦੇ ਸੁਖ ਭਰੇ ਹਾਲਾਤਾਂ ਵਿਚ ਨਹੀਂ। ਪਿਆਰ ਵਿਚ ਉਹ ਰਹਿਮਤ ਹੈ, ਦੁਨੀਆਂ ਵਿਚ ਜਿਹੜੀ

ਮਰਜ਼ੀ ਗੱਲ ਵਾਪਰ ਜਾਏ, ਪਰ ਅੰਦਰ ਦੀ ਗੰਢ ਢਿੱਲੀ ਨਾ ਪਵੇ।

*ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥*

ਜਿਨ੍ਹਾਂ ਦਾ ਮਨ ਤਨ ਪ੍ਰਮਾਤਮਾ ਦੇ ਨਾਮ ਨਾਲ ਰੰਗਿਆ ਗਿਆ ਹੈ, ਫਿਰ ਉਹਨਾਂ ਦਾ ਨਾਮ ਹੀ ਆਧਾਰ ਬਣ ਜਾਂਦਾ ਹੈ।

*ਬਿਖਿਆ ਰੰਗ ਕੂੜਾਵਿਆ*

ਰੰਗ ਤਾਂ ਦੁਨੀਆਂ ਦੇ ਵੀ ਹਨ। ਬਿਖਿਆ ਰੰਗ ਦਾ ਅਰਥ ਹੈ ਝੂਠਾ ਰੰਗ।

*ਦਿਸਨਿ ਸਭੇ ਛਾਰੁ॥*

ਸਾਈਂ ਦੇ ਨਾਮ ਤੋਂ ਬਿਨਾਂ ਜਿੰਨੇ ਵੀ ਰੰਗ ਹਨ, ਚੋਜ-ਤਮਾਸ਼ੇ ਹਨ, ਉਹ ਇਸ ਤਰ੍ਹਾਂ ਹਨ ਜਿਵੇਂ ਕੋਈ ਰਾਸ ਹੋਵੇ, ਪਰ ਉਸ ਦੇ ਵਿਚ ਕੋਈ ਰਸ ਨਹੀਂ। ਅਗਲੀ ਕ੍ਰਿਪਾ ਕਿਸੇ ਭਾਗਾਂ ਵਾਲੇ ਨੂੰ ਮਿਲਦੀ ਹੈ। ਪਹਿਲਾ ਚਰਨ ਕਮਲਾਂ ਨਾਲ ਪਿਆਰ ਹੋਵੇ। ਦੂਜਾ ਮਨ ਅਤੇ ਤਨ ਰੱਤਾ ਹੋਵੇ। ਤੀਸਰਾ ਸਾਈਂ ਦੇ ਨਾਮ ਨੂੰ ਆਧਾਰ ਬਣਾਇਆ ਹੋਵੇ।

*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥*

ਉਸ ਨੂੰ ਨਾਮ ਅੰਮ੍ਰਿਤ ਦੀ ਬੂੰਦ ਮਿਲੀ। ਗੁਰੂ ਨੂੰ ਮਿਲ ਕੇ, ਸਤਿਗੁਰ ਦੇ ਪਿਆਰਿਆਂ ਨੂੰ ਮਿਲ ਕੇ, ਉਹਨਾਂ ਕੋਲ ਬੈਠ ਕੇ ਉਸ ਅੰਮ੍ਰਿਤ ਬੂੰਦ ਨੂੰ ਕਦੀ ਚੱਖੀਂ। ਭਾਈ ਗੁਰਦਾਸ ਜੀ ਨੇ ਆਪਣੀ ਗਿਆਰ੍ਹਵੀਂ ਵਾਰ ਵਿਚ, ਉਸ ਦੀਆਂ ਪੂਰੀਆਂ ਪਉੜੀਆਂ ਵਿਚ ਸਿੱਖਾਂ ਦਾ ਜ਼ਿਕਰ ਕੀਤਾ ਹੈ। ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਦਾ, ਕਰਤਾਰਪੁਰ ਦੇ ਦਰਬਾਰ ਦਾ ਜ਼ਿਕਰ ਆਪਣੀਆਂ ਵਾਰਾਂ ਵਿਚ ਕੀਤਾ ਹੈ। ਉਹ ਕਹਿੰਦੇ ਹਨ, ਸਤਿਗੁਰੂ ਆਏ ਤੇ ਆਉਂਦਿਆਂ ਸਾਰ ਇਕ ਸਿੱਖ ਨੇ ਮੱਥਾ ਟੇਕ ਕੇ ਕਿਹਾ, ਪਾਤਿਸ਼ਾਹ! ਦੂਜਾ ਬੋਲ ਕੇ ਕਹਿੰਦਾ ਹੈ ਨਹੀਂ, ਪਾਤਿਸ਼ਾਹਾਂ ਦਾ ਪਾਤਿਸ਼ਾਹ। ਕਹਿੰਦੇ ਹਨ, ਜਿਵੇਂ ਬਾਦਸ਼ਾਹ ਝਰੋਖੇ ਵਿਚੋਂ ਬਾਰੀ ਖੋਲ੍ਹਦਾ ਹੈ ਤੇ ਥੱਲੇ ਖਲੋਤਿਆਂ ਨੂੰ ਦੇਖਦਾ ਹੈ, ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਸਾਹਿਬ ਤਖ਼ਤ ਉਤੇ ਬੈਠੇ ਹਨ। ਜਦੋਂ ਸ੍ਰੀ ਗੁਰੂ ਸਾਹਿਬ ਨੇ ਕੁਝ ਬਚਨ ਕਹੇ ਤਾਂ ਇਕੋ ਦਮ ਨੇਤਰ ਖੁੱਲ੍ਹੇ। ਕਹਿੰਦੇ ਹਨ, ਦਾਤਿਆ! ਤੇਰੇ ਨੇਤਰ ਖੁੱਲ੍ਹਣ ਦੀ ਦੇਰ ਸੀ ਕਿ ਨੇਤਰਾਂ ਵਿਚੋਂ ਅੰਮ੍ਰਿਤ ਦੀ ਝੜੀ ਲੱਗ ਗਈ। ਭਾਈ ਸਾਹਿਬ ਕਹਿੰਦੇ ਹਨ, ਦਰਬਾਰ ਸਜਿਆ ਹੋਇਆ ਹੈ ਤੇ ਗੁਰੂ ਘਰ ਵਿਚ ਕੀਰਤਨੀਏ ਆਏ। ਇਕ ਕੀਰਤਨ ਤਾਂ ਸਾਜ਼ਾਂ ਨਾਲ ਹੁੰਦਾ ਪਿਆ ਸੀ ਤੇ ਭਾਈ ਸਾਹਿਬ ਕਹਿੰਦੇ ਹਨ, ਜਦੋਂ ਸਿੱਖਾਂ ਦੇ ਹਿਰਦੇ ਨੂੰ ਕੰਨ ਲਾ ਕੇ ਸੁਣਿਆ ਤਾਂ ਅੰਦਰ ਅਨਹਦ ਨਾਦ ਵਜਦਾ ਪਿਆ ਸੀ। ਹਰ ਇਕ ਦੇ ਅੰਦਰ ਵੀ ਕੀਰਤਨ ਹੁੰਦਾ ਪਿਆ ਸੀ। ਫਿਰ ਮੇਰੇ ਸਾਥੀ ਸ੍ਰੀ ਗੁਰੂ ਨਾਨਕ ਸਾਹਿਬ ਉੱਠੇ। ਉਹਨਾਂ ਨੇ ਕਿਹਾ, ਅੰਮ੍ਰਿਤ ਚਾਹੀਦਾ ਹੈ? ਅੱਗੋਂ ਜਗਿਆਸੂ ਹੱਥ ਜੋੜ ਕੇ ਕਹਿੰਦਾ ਹੈ, ਅੰਮ੍ਰਿਤ ਨਹੀਂ, ਜਿਸ ਪਿਆਲੇ ਵਿਚੋਂ ਤੁਸੀਂ ਪੀਤਾ ਹੇ, ਉਸ ਪਿਆਲੇ ਦੀ ਬਚੀ ਹੋਈ ਇਕ ਬੂੰਦ ਹੀ ਦੇ ਦਿਉ। ਮੇਰਾ ਉਸ ਬੂੰਦ ਨਾਲ ਹੀ ਪਾਰ ਉਤਾਰਾ ਹੋ ਜਾਣਾ ਹੈ।

*ਸਤਿਗੁਰ ਸਚਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹੁ ਜੁਹਾਰੀ।*
*ਸਾਧਸੰਗਤਿ ਸਚਿ ਖੰਡੁ ਹੈ ਆਇ ਝਰੋਖੇ ਖੋਲੈ ਬਾਰੀ।*
*ਅਮਿਉ ਕਿਰਣਿ ਨਿਝਰ ਝਰੈ*
*ਅਨਹਦ ਨਾਦ ਵਾਇਨਿ ਦਰਬਾਰੀ।*
*ਪਾਤਿਸਾਹਾਂ ਦੀ ਮਜਲਸੈ ਪਿਰਮੁ ਪਿਆਲਾ ਪੀਵਣ ਭਾਈ।*
*ਸਾਕੀ ਹੋਏ ਪੀਲਾਵਣਾ ਉਲਸ ਪਿਆਲੈ ਖਰੀ ਖੁਮਾਰੀ।*
*ਭਾਇ ਭਗਤਿ ਭੈ ਚਲਣਾ*
*ਮਸਤ ਅਲਮਸਤ ਸਦਾ ਹੁਸਿਆਰੀ।*
*ਭਗਤ ਵਛਲੁ ਹੋਇ ਭਗਤਿ ਭੰਡਾਰੀ॥*

*ਭਾਈ ਗੁਰਦਾਸ ਜੀ, ਵਾਰ ੧੧, ਪਉੜੀ ੧*

ਸਾਹਿਬ ਕਹਿਣ ਲੱਗੇ ਕਿ ਸਾਵਣ ਦਾ ਮਹੀਨਾ ਆਇਆ ਹੈ -

*ਹਰਿ ਅੰਮ੍ਰਿਤ ਬੂੰਹ ਸੁਹਾਵਣੀ*

ਉਹ ਬੂੰਦ ਜਿਹੜੀ ਸਿਰ ਤੋਂ ਲੈ ਕੇ ਪੈਰਾਂ ਤਕ ਰਮ ਦੇਵੇ।

*ਮਿਲਿ ਸਾਧੂ ਪੀਵਣਹਾਰੁ॥*

ਗੁਰੂ ਜੀ ਨੂੰ ਮਿਲਾਂਗੇ ਤਾਂ ਬੂੰਦ ਮਿਲੇਗੀ। ਸਾਹਿਬ ਕਹਿਣ ਲੱਗੇ -

*ਵਣੁ ਤਿਣੁ ਪ੍ਰਭ ਸੰਗਿ ਮਉਲਿਆ*

ਜੰਗਲ ਦੇ ਰੁਖ ਤੇ ਤਿਣਕੇ ਸਾਈਂ ਦੀ ਕ੍ਰਿਪਾ ਨਾਲ ਖੇੜੇ ਵਿਚ ਆ ਗਏ।

*ਸੰਮ੍ਰਥ ਪੁਰਖ ਅਪਾਰੁ॥*

ਉਸ ਸਾਈਂ ਜੀ ਦੀ ਜਦੋਂ ਕ੍ਰਿਪਾ ਹੋਈ।

*ਹਰਿ ਮਿਲਣੇ ਨੋ ਮਨੁ ਲੋਚਦਾ।*

ਮੇਰੇ ਮਾਲਕਾ! ਤੈਨੂੰ ਮਿਲਣ ਦੀ ਅੰਦਰ ਤੜਪ ਹੈ, ਪਰ ਕਿਵੇਂ ਕਰਾਂ?

*ਕਰਮਿ ਮਿਲਾਵਣਹਾਰੁ॥*

ਜਿਸ ਦਿਨ ਬਾਰਹ ਮਾਹਾ ਆਰੰਭ ਕੀਤਾ ਸੀ, ਉਸ ਦਿਨ ਪੜ੍ਹਿਆ ਸੀ ਕਿ ਕੀਤੇ ਹੋਏ ਕਰਮਾਂ ਕਰਕੇ ਵਿਛੜੇ ਹਾਂ। ਪਿਆਰਿਉ! ਇਥੇ ਕਰਮਿ ਦਾ ਅਰਥ ਹੈ - ਬਖਸ਼ਿਸ਼, ਉਥੇ ਕਰਮ ਦਾ ਅਰਥ ਸੀ ਕੀਤੇ ਹੋਏ ਕੰਮ। ਮੇਰਾ ਮਨ ਤੜਪਦਾ ਹੈ, ਤੈਨੂੰ ਪਤਾ ਹੈ। ਮੇਰੀ ਲੋਚਾ ਤਾਂ ਹੀ ਪੂਰੀ ਹੋਣੀ ਹੈ ਜੇਕਰ ਤੇਰੀ ਬਖਸ਼ਿਸ਼ ਹੋਵੇਗੀ। ਸਾਹਿਬ ਕਹਿਣ ਲੱਗੇ, ਜਿਨ੍ਹਾਂ ਨੂੰ ਮਿਲ ਗਿਆ, ਉਹੀ ਸ਼ੁਕਰ ਕਰਨ।

*(ਬਾਕੀ ਪੰਨਾ 18 ਤੇ)*

# ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਵਾਹਿਗੁਰੂ, ਅੰਨ੍ਹਾ ਖੂਹ ਹੈ ਮਾਇਆ ਦਾ,*
*ਮੈਨੂੰ ਬਾਹੋਂ ਫੜ ਕੇ ਕੱਢ ਲਓ।*

*ਠਾਕੁਰ ਤੁਮ੍ ਸਰਣਾਈ ਆਇਆ ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ ॥*
*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ ॥ ੧ ॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥*
*ਕਹੁ ਨਾਨਕ ਗੁਰਿ ਬੰਧਨ ਕਾਟੇ*
*ਬਿਛੁਰਤ ਆਨਿ ਮਿਲਾਇਆ ॥ ੨ ॥ ੫੧ ॥ ੭੪ ॥*

*ਅੰਗ- ੧੨੧੮*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਦੂਰ-ਦਰਾਜ਼ ਤੋਂ ਸਫਰ ਕਰਦੇ ਹੋਏ ਇਸ ਪਵਿੱਤਰ ਅਸਥਾਨ ਰਤਵਾੜਾ ਸਾਹਿਬ ਦੀ ਚਰਨ ਧੂੜ ਆਪਣੇ ਮਸਤਕ ਨੂੰ ਲਾਉਣ ਵਾਸਤੇ ਆਏ ਹੋਂ। ਬੜੀ ਮਹਾਰਾਜ ਦੀ ਮਿਹਰ ਹੈ, ਕ੍ਰਿਪਾ ਹੈ। ਇਹ ਜੋ ਸੰਸਾਰ ਹੈ, ਮਹਾਰਾਜ ਕਹਿੰਦੇ, ਇਹ ਅੰਨ੍ਹਾ ਖੂਹ ਹੈ, ਮਾਇਆ ਦਾ ਅੰਨ੍ਹਾ ਖੂਹ ਹੈ, ਇਹਦੇ ਵਿਚ ਜੀਵ ਬਿਲਕੁਲ ਭੁੱਲ੍ਹ ਗਿਆ ਕਿ ਮੈਂ ਕੌਣ ਹਾਂ? ਮੂਰਛਤ ਹੋ ਗਿਆ, ਬੇਹੋਸ਼ ਹੋ ਗਿਆ। ਥੋੜ੍ਹਾ ਚਿਰ ਤੋਂ ਬੇਹੋਸ਼ ਨਹੀਂ, ਅਰਬਾਂ-ਖਰਬਾਂ ਸਾਲਾਂ ਤੋਂ ਬੇਹੋਸ਼ ਹੋਇਆ, ਕੁੱਤਾ, ਬਿੱਲਾ ਬਣਦਾ ਫਿਰਦਾ ਹੈ। ਬਲਦ ਬਣਦੈ, ਸੱਪ ਬਣਦੈ, ਨੂੰਹਾਂ ਬਣਦੈ, ਮੱਛੀਆਂ ਬਣਦੈ, ਦਰੱਖਤ ਬਣਦੈ, ਪੱਥਰ ਬਣਦੈ। ਆਪਣੇ ਆਪ ਨੂੰ ਬਿਲਕੁਲ ਭੁੱਲ ਚੁਕਿਐ, ਨਿਕਲ ਨਹੀਂ ਹੁੰਦਾ, ਇਹਦੇ ਵਿਚੋਂ। ਬਹੁਤ ਮੁਸ਼ਕਲ ਹੈ। ਕੋਈ ਸਮਰੱਥ ਗੁਰੂ ਬਾਂਹ ਫੜ ਲਵੇ ਤੇ ਜਿਹੜੇ ਬੰਧਨ ਪਾ ਕੇ, ਬੰਨ੍ਹ ਕੇ ਸਾਨੂੰ ਖੂਹ ਵਿਚ ਰੱਖਿਆ ਹੋਇਐ, ਉਹਨੂੰ ਕੋਈ ਕੱਟ ਦੇਵੇ ਤਾਂ ਨਿਕਲ ਸਕਦੈ। 'ਕਹੁ ਨਾਨਕ ਗੁਰਿ ਬੰਧਨ ਕਾਟੇ...॥' ਜਦੋਂ ਕੱਢ ਦਿਤੇ ਬਾਹਰ, ਬੰਧਨ ਕੱਟ ਦਿਤੇ, ਫੇਰ ਅਸੀਂ ਵਾਹਿਗੁਰੂ ਨੂੰ ਮਿਲ ਗਏ। ਗੱਲ ਸਮਝਣ ਵਾਲੀ ਹੈ, ਸਮਾਂ ਲੰਘਦਾ ਜਾਂਦੈ। ਕਿੰਨੇ ਸਾਲ ਲੰਘ ਚੁਕੇ ਨੇ। ਬਾਕੀ ਦੇ ਵੀ ਲੰਘ ਹੀ ਜਾਣੇ ਨੇ। ਗੇੜੇ ਖਾਂਦਾ ਫਿਰਦੈ ਹੈ ਆਦਮੀ, ਗੰਭੀਰ ਨਹੀਂ ਹੁੰਦਾ ਆਦਮੀ। ਗੰਭੀਰ ਨਾ ਹੋਣ ਕਰਕੇ, ਪਤਾ ਨਹੀਂ ਲਗਦਾ ਕਿ ਮੈਂ ਕੀ ਕਰਨ ਆਇਆ ਹਾਂ, ਮੈਨੂੰ ਕੀ ਕਰਨਾ ਚਾਹੀਦੈ। ਇਕ-ਇਕ ਦਿਨ ਕਰਕੇ, ਮਹਾਰਾਜ ਤਾਂ ਕਹਿੰਦੇ, ਛਿਨ-ਛਿਨ ਕਰਕੇ ਤੇਰੀ ਉਮਰ ਘਟਦੀ ਜਾਂਦੀ ਹੈ। ਅਰ ਸਾਨੂੰ ਨਹੀਂ ਪਤਾ ਲਗਦਾ ਐਸਾ ਫੁਰਮਾਨ ਹੈ ਪੜ੍ਹੋ ਪਿਆਰ ਨਾਲ -

*ਧਾਰਨਾ - ਜਿਵੇਂ ਫੁਟੜੇ ਘੜੇ ਦਾ ਪਾਣੀ,*
*ਅਉਧ ਤੇਰੀ ਜਾਵੇ ਬੀਤਦੀ।*

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*
*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*

*ਅੰਗ- ੭੨੬*

'ਛਿਨ' ਅੱਖ ਫਰਕਣ ਜਿੰਨਾਂ ਚਿਰ, ਇਸ ਤਰ੍ਹਾਂ ਉਮਰ ਲੰਘਦੀ ਤੁਰੀ ਜਾ ਰਹੀ ਹੈ। ਲੇਕਿਨ ਇਸ ਆਦਮੀ ਨੂੰ ਪਤਾ ਨਹੀਂ ਲਗਦਾ, ਕਿਉਂਕਿ ਬੇਹੋਸ਼ੀ ਵਿਚ ਚਲਿਆ ਗਿਆ। ਜੇ ਅਸੀਂ ਕਹੀਏ ਕਿ ਸਾਨੂੰ ਤਾਂ ਹੋਸ਼ ਹੈ, ਮਹਾਰਾਜ ਕਹਿੰਦੇ ਨਹੀਂ, ਤੁਸੀਂ ਬੇਹੋਸ਼ ਹੋਂ। ਸੁਪਨੇ ਦੇ ਅੰਦਰ ਵੀ ਹੋਸ਼ ਹੁੰਦੀ ਹੈ, ਨੀਵੇਂ ਦਰਜੇ ਦੀ ਹੁੰਦੀ ਹੈ। ਹੁਣ ਦੀ ਜਿਹੜੀ ਹੋਸ਼ ਹੈ ਇਹ ਵੀ ਇਕ ਸੁਪਨੇ ਵਰਗੀ ਹੋਸ਼ ਹੈ। ਇਹ ਵੀ ਨੀਵੇਂ ਦਰਜੇ ਦੀ ਹੈ। ਜਾਗ ਕਿਉਂ ਨਹੀਂ ਆਉਂਦੀ ਕਿਉਂਕਿ ਮਾਇਆ ਦੇ ਅੰਨ੍ਹੇ ਖੂਹ 'ਚ ਗਿਰਿਆ ਪਿਐ। ਅੰਧ ਕੂਪ ਹੈ, ਇਹਦੇ ਵਿਚੋਂ ਮਹਾਰਾਜ ਕਹਿੰਦੇ, ਹੇ ਵਾਹਿਗੁਰੂ! ਮੈਨੂੰ ਕੱਢ ਲੈ। ਮੇਰਾ ਸਮਾਂ ਬੀਤ ਗਿਆ, ਮਨੁੱਖਾ ਜਨਮ ਮਸਾਂ ਮਿਲਿਆ ਸੀ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥* *ਅੰਗ- ੧੭੬*

ਇਹੋ ਜਿਹੀਆਂ ਜੂਨਾਂ ਵਿਚੋਂ ਆ ਕੇ, ਆਹ ਜਨਮ ਪ੍ਰਾਪਤ ਹੋਇਐ। ਜੇ ਅਸੀਂ ਇਸ ਗੱਲ ਨੂੰ ਸਮਝਦੇ ਨਹੀਂ ਹਾਂ ਕਿ ਅਸੀਂ ਆਏ ਕੀ ਕਰਨ ਹਾਂ। ਕਿੰਨਾ ਕੁ ਕੰਮ ਕਰ ਲਿਆ, ਕਿੰਨਾ ਕੁ ਰਹਿੰਦੈ। ਬੜੀ ਭਾਰੀ ਭੁੱਲ ਹੈ ਸਾਡੀ। ਕਿਉਂਕਿ ਅਸਲੀਅਤ ਦਾ ਪਤਾ ਨਹੀਂ ਲਗਦਾ ਤੇ ਇਥੋਂ ਹਾਰ ਕੇ ਚਲੇ ਜਾਂਦੇ ਹਾਂ। ਮਹਾਰਾਜ ਕਹਿੰਦੇ ਇਸ ਤਰ੍ਹਾਂ ਹੋ ਰਿਹੈ ਤੇਰੇ ਨਾਲ ਕਿ ਤੂੰ ਕਰੋੜਾਂ ਰੁਪਏ ਦੇ ਹੀਰਿਆਂ ਨੂੰ ਕੁਝ ਰੁਪਈਆਂ ਦੀਆਂ ਕੌਡੀਆਂ ਦੇ ਬਦਲੇ ਜ਼ਾਇਆ ਕਰ ਰਿਹੈਂ। ਉਲਟੇ ਕੰਮਾਂ 'ਚ ਪਿਆ ਹੈਂ, ਜਿਹੜੇ ਕੰਮਾਂ ਨੇ ਤੇਰੀ ਸਹਾਇਤਾ ਨਹੀਂ ਕਰਨੀ, ਉਹਨਾਂ ਕੰਮਾਂ ਦੇ ਵਿਚ ਤੂੰ ਲੱਗਿਆ ਹੋਇਐਂ। ਜਿਹਨੇ ਤੇਰੀ ਸਹਾਇਤਾ ਕਰਨੀ ਹੈ, ਉਹਦਾ ਤੈਨੂੰ ਪਤਾ ਨਹੀਂ ਲਗਦਾ ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਤੇਰਾ ਜਨਮ ਅਮੋਲਕ ਹੀਰਾ,*
*ਕੌਡੀਆਂ ਦੇ ਭਾਅ ਜਾ ਰਿਹਾ।*

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ੧ ॥*
*ਅੰਗ - ੧੫੬*

ਵਾਰਨਿੰਗ ਹੈ ਗੁਰੂ ਸਾਹਿਬ ਵਲੋਂ ਕਿ ਪਿਆਰਿਆ! ਅਕਲਮੰਦ ਬਣਿਆ ਫਿਰਦੈਂ, ਪੜ੍ਹਿਆ ਲਿਖਿਆ ਆਪਣੇ ਆਪ ਨੂੰ ਕਹਾਉਂਦੇ ਹੈਂ ਪਰ ਤੈਨੂੰ ਪਤਾ ਹੈ ਕਿ ਤੇਰੇ ਹੀਰਿਆਂ ਵਰਗੇ ਸਵਾਸ ਕੌਡੀਆਂ ਦੇ ਭਾਅ ਜਾ ਰਹੇ ਨੇ। ਜੇ ਇਕ ਵਾਰੀ ਵੀ ਇਕ ਸਵਾਸ ਨਾਲ ਤੂੰ ਵਾਹਿਗੁਰੂ ਕਹਿ ਦੇਵੇਂ, ਤਾਂ ਵੀ ਤੇਰਾ ਛੁਟਕਾਰਾ ਹੋ ਜਾਂਦੈ। 24000 ਸਵਾਸ ਰੋਜ਼ ਦਾ ਤੂੰ ਜ਼ਾਇਆ ਕਰ ਦਿੰਦੈਂ। ਕਿੰਨੇ ਸਵਾਸ ਨੇ ਜੋ ਤੂੰ ਪ੍ਰਮੇਸ਼ਰ ਵਲ ਲਾਉਂਦੈ? -

***ਉਮਰ ਓਹਾ ਵਿਚ ਲੇਖੇ ਦੇ***
***ਜੋ ਯਾਦ ਸਾਂਈ ਵਿਚ ਗੁਜਰੇ,***
***ਪੈਂਦੀ ਮੁਜਰੇ।***
***ਨਹੀਂ ਤਾਂ ਸਾਨੂੰ ਹਾਸਲ ਕੀ ਹੈ***
***ਇਸ ਵਿਚ ਨੀਲੇ ਹੁਜਰੇ, ਸੰਝ ਤੇ ਫਜਰੇ।***
***ਭਾਈ ਵੀਰ ਸਿੰਘ ਜੀ***

ਜੇ ਪ੍ਰਮੇਸ਼ਰ ਦਾ ਨਾਮ ਹੀ ਨਹੀਂ ਜਪਦਾ, ਦਸ ਕਹਿੰਦੇ, ਇਹਦੇ ਵਿਚ ਰਹਿਣ ਦਾ ਕੀ ਕੰਮ ਹੈ? ਹੁਜਰੇ 'ਚ, ਮਕਾਨ 'ਚ, ਜਿਹਨੂੰ ਸਰੀਰ ਰੂਪੀ ਮਕਾਨ ਕਹਿੰਦੇ ਨੇ, ਤੇ ਇਹ ਤਾਂ ਬਿਰਥਾ ਹੀ ਜਾ ਰਿਹੈ। ਭੁੱਲਿਆ ਫਿਰਦੈ।

*ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ ॥*
*ਅੰਗ- ੧੧੨੪*

ਆਹ ਡਰੰਮ ਹੁੰਦੈ, ਨਗਾਰਾ ਹੁੰਦੈ, ਨਉਬਤਿ ਇਹਨਾਂ ਦੇ ਛੋਟੀ ਹੁੰਦੀ ਹੈ। ਹਰੇਕ ਬੰਦਾ ਚਾਰ ਦਿਨ ਨਉਬਤਿ ਵਜਾ ਲੈਂਦੈ, ਆਪਣੀ-ਆਪਣੀ। ਮੈਂ ਵਿਆਹ ਇਹੋ ਜਿਹੇ ਕਰਿਐ, ਮੈਂ ਘਰ ਇਹੋ ਜਿਹਾ ਪਾਇਐ। ਮੇਰਾ ਕਾਰੋਬਾਰ ਇਹੋ ਜਿਹਾ। ਕਹਿੰਦੇ, ਫੇਰ ਕੀ ਹੁੰਦੈ? ਚੱਲ ਪੈਂਦੇ ਇਹਨੂੰ ਛੱਡ ਕੇ -

*ਇਤਨਕੁ ਖਟੀਆ ਗਠੀਆ ਮਟੀਆ*
*ਸੰਗਿ ਨ ਕਛੁ ਲੈ ਜਾਇ ॥ ੧ ॥ ਅੰਗ- ੧੧੨੪*

ਐਨੀ ਕੁ ਮਾਇਆ ਜਿਹੜੀ ਹੈ ਉਹ ਗੱਠ ਵਿਚ ਹੈ। ਐਨੀ ਕੁ ਮਾਇਆ ਜਿਹੜੀ ਹੈ ਉਹ ਬੈਂਕ ਵਿਚ ਰੱਖੀ ਹੋਈ ਹੈ। ਜ਼ਿੰਦਗੀ ਦਾ ਕੋਈ ਭਰੋਸਾ ਨਹੀਂ ਕਦੋਂ ਚਲੀ ਜਾਵੇ। ਆਦਮੀ ਸਾਰਾ ਦਿਨ ਮਾਇਆ ਦੀ ਪਕੜ ਵਿਚ ਖਤਮ ਹੋ ਰਿਹੈ। ਮਹਾਰਾਜ ਕਹਿੰਦੇ, ਐਨਾ ਨਹੀਂ ਇਹਨੂੰ ਪਤਾ, ਚਾਰ ਦਿਨ ਦੀ ਨੌਬਤ ਵਜਾਉਂਦੈ, ਤੁਰ ਜਾਂਦੈ। 'ਇਤਨਕੁ ਖਟੀਆ' ਕਿ ਐਨਾ ਕੁ ਰੁਪਈਆਂ ਮੈਂ ਖੱਟ ਲਿਆ। 'ਗਠੀਆ' ਐਨਾ ਕੁ ਗੱਠ ਵਿਚ ਹੈ। 'ਮਟੀਆ' ਪਹਿਲੇ ਜ਼ਮਾਨਿਆਂ 'ਚ ਧਰਤੀ 'ਚ ਦੱਬ ਦਿੰਦੇ ਸੀ ਕਿ ਐਨਾ ਕੁ ਧਰਤੀ 'ਚ ਪਿਐ। ਹੁਣ ਜਾ ਰਿਹੈ ਜੀਵ, ਲੈ ਕੇ ਕੀ ਜਾ ਰਿਹੈ। ਕਹਿੰਦੇ - 'ਸੰਗਿ ਨ ਕਛੁ ਲੈ ਜਾਇ ॥' ਕੁਛ ਵੀ ਨਹੀਂ ਨਾਲ ਲੈ ਕੇ ਜਾ ਰਿਹਾ। ਜਿਹਨਾਂ ਦੇ ਨਾਲ ਮਿਲ ਕੇ ਜਨਮ ਗਵਾ ਲਿਆ। ਉਹਨਾਂ ਦਾ ਵਸ ਨਹੀਂ ਹੁਣ ਚਲਦਾ -

*ਦਿਹਰੀ ਬੈਠੀ ਮਿਹਰੀ ਰੋਵੈ ਦੁਆਰੈ ਲਉ ਸੰਗਿ ਮਾਇ ॥*
*ਅੰਗ - ੧੧੨੪*

ਜਿਹੜੀ ਘਰਵਾਲੀ ਹੈ ਉਹ ਤਾਂ ਅੰਦਰ ਹੀ ਬੈਠੀ ਰੋ ਰਹੀ ਹੈ ਕਿ ਜਾ ਰਿਹਾ ਹੈ ਹੁਣ ਇਹ -

ਦਰਵਾਜ਼ੇ ਤਕ ਮਾਂ ਚਲੀ ਗਈ -

*ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ*
*ਹੰਸੁ ਇਕੇਲਾ ਜਾਇ ॥ ਅੰਗ - ੧੧੨੪*

ਸਮਸ਼ਾਨ ਭੂਮੀ ਵਿਚ ਰਿਸ਼ਤੇਦਾਰ, ਕੁਟੰਬੀ, ਲੋਕ, ਮਿੱਤਰ ਵਗੈਰਾ ਸਾਰੇ ਚਲਦੇ ਨੇ। ਉਥੇ ਜਾ ਕੇ ਡੱਕਾ ਤੋੜ ਕੇ ਸੁੱਟ ਆਉਂਦੇ ਨੇ ਵਿਚ ਕਿ ਹੁਣ ਸਾਡਾ ਵਸ ਨਹੀਂ ਚਲਦਾ। ਹੁਣ ਪਿਆਰਿਆ ਤੂੰ ਜਾਹ। ਕਿੱਥੇ ਨੂੰ ਜਾ ਰਿਹੈ? ਕੁਛ ਨਹੀਂ ਪਤਾ। ਜਿਹਨੂੰ ਆਪਣੀ ਮੰਜ਼ਿਲ ਦਾ ਹੀ ਨਾ ਪਤਾ ਹੋਵੇ, ਉਹਦੇ ਵਰਗਾ ਮੂਰਖ ਦੁਨੀਆਂ 'ਚ ਕਿਹੜਾ ਹੈ। ਮਹਾਰਾਜ ਕਹਿੰਦੇ, ਪਿਆਰਿਆ! ਤੂੰ ਇਸ ਤਰ੍ਹਾਂ ਗਾਫ਼ਲ ਨਾ ਹੋ। ਆਪਣੇ ਆਪ ਨੂੰ ਥੋੜ੍ਹਾ ਜਿਹਾ ਹੁਸ਼ਿਆਰ ਕਰ। ਗਫ਼ਲਤ ਵਿਚ ਨਾ ਆ। ਗਫ਼ਲਤ 'ਚ ਆ ਕੇ ਬਾਜ਼ੀ ਨਾ ਹਾਰ। ਕੁਛ ਸੋਚਣ ਦੀ ਗੱਲ ਕਰ। ਆਹ ਸਮਾਂ ਜਿਥੇ ਤੂੰ ਆਇਆ ਹੋਇਐਂ, ਤੂੰ ਲਾਹਾ ਖੱਟਣੈ। ਕਿਉਂ ਖੱਟਣੈਂ ਕਿਉਂਕਿ ਤੂੰ ਇਕੱਲੇ ਨੇ ਜਾਣੈ ਉਥੇ, ਕੁਛ ਸੁਖਾਲੇ ਦਿਨ ਕੱਟ ਲਵੇਂ -

*ਧਾਰਨਾ - ਈਹਾ ਖਾਟਿ ਚਲਹੁ ਹਰਿ ਲਾਹਾ,*
*ਆਗੈ ਬਸਨੁ ਸੁਹੇਲਾ ਜੀ।*

*ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥*
*ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥*
*ਅੰਗ- ੧੩*

ਇਕੱਲੇ ਜਾਣੈ। ਜੇ ਖੱਟ ਕੇ ਜਾਵਾਂਗੇ ਤਾਂ ਉਥੇ ਆਦਰ ਹੋਏਗਾ। ਜੇ ਹਾਰ ਕੇ ਜਾਵਾਂਗੇ ਤਾਂ ਉਥੇ ਰੇ-ਰੇ ਹੋਵੇਗੀ। ਕਿੱਥੋਂ ਆ ਗਿਆ ਇਹ? ਸਜ਼ਾਵਾਂ ਮਿਲਣਗੀਆਂ। ਇਸ ਗੱਲ ਦਾ ਸਾਨੂੰ ਗਿਆਨ ਨਹੀਂ ਕਿ ਅਸੀਂ ਕਿੱਥੇ ਜਾਣੈ, ਕੀ ਲੈ ਕੇ ਜਾਣੈ। ਮਹਾਰਾਜ ਕਹਿੰਦੇ, ਬੜਾ ਹੀ ਔਖਾ ਹੋਏਂਗਾ ਉਥੇ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥ ਅੰਗ- ੨੬੪*

ਐਡਾ ਲੰਮਾ ਤੈਨੂੰ ਰਸਤਾ ਪੈਦਲ ਤਹਿ ਕਰਨਾ ਪੈਣੈ ਜਿਹਦੇ ਕੋਹ ਗਿਣੇ ਨਹੀਂ ਜਾਂਦੇ। ਹੁਣ ਤਾਂ ਤੂੰ ਕਾਰਾਂ ਵਿਚ, ਸਾਇਕਲਾਂ, ਜੀਪਾਂ 'ਚ ਘੁੰਮਦੈਂ। ਜਦੋਂ ਪੈਦਲ ਤੁਰਨਾ ਪੈ ਗਿਆ ਬੜਾ ਔਖਾ ਹੋਏਂਗਾ। ਕਿਵੇਂ ਕੱਢੇਂਗਾ ਐਨਾ ਪੈਂਡਾ? ਇਕ ਹਿਸਾਬ ਨਾਲ ਕਹਿੰਦੇ, ਸਵਾ ਸਾਲ ਤੁਰਿਆ ਹੀ ਜਾਂਦੈ। ਐਨਾ ਲੰਮਾ ਰਸਤਾ ਹੈ -

*ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥ ਅੰਗ - ੨੬੪*

ਉਥੇ ਕੋਈ ਮਿੱਤਰ ਹੀ ਨਹੀਂ ਮਿਲਦਾ। ਦੁਨੀਆਂ ਹੀ ਜਾ ਰਹੀ ਹੈ। ਕਰੋੜਾਂ ਹੀ ਬ੍ਰਹਿਮੰਡ ਨੇ, ਸਭ ਥਾਂ ਤੋਂ ਜਾ ਰਹੇ ਨੇ। ਬੋਲੀ ਹੀ ਨਹੀਂ ਸਮਝਦੇ ਇਕ ਦੂਜੇ ਦੀ। ਜਿਥੇ ਬਹੁਤ ਵੱਡੇ ਜਮਦੂਤਾਂ ਨਾਲ ਵਾਹ ਪੈਣੈ -

*ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਅੰਗ- ੨੬੪*

ਗਰਮੀ ਹੱਦ ਤੋਂ ਜ਼ਿਆਦਾ ਹੋਣੀ ਹੈ। ਉਥੇ ਕੀ ਕਰੇਂਗਾ। ਜਿਥੇ ਪਿਆਸ ਲੱਗਣੀ ਹੈ -

*ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ਅੰਗ- ੨੬੪*

ਉਸ ਵੇਲੇ ਪਾਣੀ ਕਿਥੋਂ ਲਏਂਗਾ, ਕਿਉਂਕਿ ਤੂੰ ਇਥੇ ਦਿਤਾ ਹੀ ਨਹੀਂ ਹੈ ਕਿਸੇ ਨੂੰ।

ਇਕ ਵਾਰੀ ਇਕ ਬੀਬੀ ਜਦੋਂ ਮੈਂ 34 ਸੈਕਟਰ ਰਹਿੰਦਾ ਸੀ, ਸਾਨੂੰ ਮਿਲਣ ਆਈ। ਤੁਹਾਡੇ ਬੀਜੀ ਕਹਿਣ ਲੱਗੇ, ਭੈਣ! ਐਨੀਆਂ ਪੋਟਲੀਆਂ ਬੰਨ੍ਹੀਆਂ ਨੇ ਤੂੰ। ਕਹਿੰਦੀ, ਮੈਂ ਗੁਰਦੁਆਰੇ ਦੇਣੀਆਂ ਨੇ ਲੰਗਰ 'ਚ। ਕਹਿੰਦੀ ਕੀ ਗੱਲ?

ਕਹਿੰਦੀ, ਗੱਲ ਲੰਮੀ ਹੈ, ਬੈਠ ਕੇ ਸੁਣ ਲਓ।

ਇਕ ਪਾਸੇ ਹੋ ਕੇ ਘਾਹ 'ਤੇ ਬਹਿ ਗਏ। ਕਹਿੰਦੀ, ਮੈਂ ਚੜ੍ਹਾਈ ਕਰ ਗਈ ਸੀ। ਜਦੋਂ ਮੈਨੂੰ ਲਈਂ ਜਾਂਦੇ ਸੀ, ਮੈਨੂੰ ਬੜੀ ਪਿਆਸ ਲੱਗੀ, ਮੈਂ ਪਾਣੀ ਮੰਗਿਆ। ਉਹ ਕਹਿਣ ਲੱਗੇ, ਬੀਬੀ! ਤੂੰ ਪਾਣੀ ਪਿਲਾਇਆ ਕਿਸੇ ਨੂੰ ਆਪਣੀ ਜ਼ਿੰਦਗੀ 'ਚ। ਪਾਣੀ ਤਾਂ ਅਸੀਂ ਲਿਆ ਦਿੰਦੇ ਹਾਂ। ਪਾਣੀ ਕਹਿੰਦੀ, ਬਹੁਤ ਕਿਸਮ ਦਾ ਆ ਗਿਆ। ਰੰਗਦਾਰ ਪਾਣੀ, ਬੇਅੰਤ ਕਿਸਮ ਦੇ ਸ਼ਰਬਤ। ਜਿਹੜੇ ਭਾਂਡੇ ਨੂੰ ਹੱਥ ਲਾਵਾਂ ਉਹਦਾ ਪਾਣੀ ਸੁੱਕ ਜਾਵੇ। ਮੈਂ ਕਿਹਾ, ਭਾਈ! ਇਹ ਤਾਂ ਪਾਣੀ ਸੁੱਕ ਜਾਂਦੈ, ਮੈਂ ਕਿਵੇਂ ਪੀਵਾਂ। ਕਹਿੰਦੇ, ਬੀਬੀ! ਇਹ ਤਾਂ ਮਨੁੱਖਾ ਜਨਮ ਦਾ ਬੀਜਿਆ ਹੋਇਆ ਇਥੇ ਵੱਢੀਦੈ। ਹੁੰਦਾ ਇਹ ਹੈ ਕਿ ਸੈਂਕੜੇ ਗੁਣਾਂ ਵਧ ਜਾਂਦੈ। ਹਜ਼ਾਰਾਂ ਗੁਣਾਂ ਵਧ ਜਾਂਦੈ। ਦੇਣ-ਦੇਣ 'ਤੇ ਫਰਕ ਹੈ। ਕਿੱਥੇ ਦਿਤੈ? ਕਹਿੰਦੇ, ਦਿਤਾ ਹੋਇਆ ਘਟ ਵੀ ਜਾਂਦੈ, ਪਾਪ ਵੀ ਲਗ ਜਾਂਦੈ? ਇਹ ਗੱਲ ਸਾਧੂ ਮਹਾਂਪੁਰਸ਼ਾਂ ਨੂੰ ਪੁੱਛ ਲੈਣੀ ਸੀ। ਉਹ ਦਸਦੇ ਹੀ ਰਹਿੰਦੇ ਨੇ।

ਕਹਿੰਦੀ, ਮੈਂ ਕਿਹਾ, ਬੜਾ ਮਾੜਾ ਕੰਮ ਹੋਇਆ। ਪਾਣੀ ਤਾਂ ਮੈਂ ਕਿਸੇ ਨੂੰ ਪਿਲਾਇਆ ਹੀ ਨਹੀਂ ਹੈ। ਇਹ ਸ਼ਹਿਰ ਹੀ ਐਸੇ ਨੇ। ਇਥੇ ਪਾਣੀ ਕੀ ਪਿਲਾਉਣਾ ਹੈ। ਭੁੱਖ ਲਗ ਗਈ ਕਹਿੰਦੀ, ਮੈਨੂੰ ਹੱਦ ਤੋਂ ਜ਼ਿਆਦਾ। ਬਾਰ-ਬਾਰ ਬੇਨਤੀ ਕਰਨ 'ਤੇ ਥਾਲ ਆ ਗਏ। ਜਿਹੜੇ ਥਾਲ ਨੂੰ ਹੱਥ ਪਾਵਾਂ, ਉੱਚਾ ਉਠ ਖੜ੍ਹੇ। ਹੱਥ 'ਚ ਆਵੇ ਹੀ ਨਾ। ਮੈਂ ਕਿਹਾ, ਇਹ ਤਾਂ ਮੇਰੇ ਹੱਥ 'ਚ ਹੀ ਨਹੀਂ ਆਉਂਦੇ? ਕਹਿੰਦੇ, ਬੀਬੀ! ਕਦੇ ਤੂੰ ਲੰਗਰ 'ਚ ਅਨਾਜ ਪਾਇਐ? ਕਦੇ ਦੁੱਧ ਵੀ ਦਿਤੈ, ਕਦੇ ਅਨਾਜ ਵੀ ਦਿਤੈ? ਦਾਲਾਂ ਵੀ ਦਿਤੀਐਂ, ਗੁੜ ਵੀ ਦਿਤੈ? ਮੈਂ ਕਿਹਾ, ਨਾ। ਕਹਿੰਦੇ, ਫੇਰ ਇਥੋਂ ਕੀ ਭਾਲਦੀ ਹੈਂ? ਇਥੇ ਨਹੀਂ ਮਿਲਦਾ-

*ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥*
*ਅੰਗ- ੪੭੨*

ਜਿਹੜਾ ਦਸਾਂ ਨੌਹਾਂ ਦੀ ਕਿਰਤ ਕਰਕੇ ਦਿੰਦੈ, ਉਹਨੂੰ ਹੀ ਮਿਲਦੈ, ਹੋਰ ਕਿਸੇ ਨੂੰ ਕੋਈ ਚੀਜ਼ ਮਿਲਦੀ ਨਹੀਂ ਹੈ। ਉਥੇ ਤਾਂ ਭੋਗ ਦੀ ਦੁਨੀਆਂ ਹੈ, ਭੋਗਣ ਜਾਂਦੇ ਹਾਂ ਅਸੀਂ। ਧਰਮਰਾਜ ਦੇ ਗਈ, ਕਹਿੰਦੀ, ਬਹੁਤ ਔਖੀ ਹੋਈ-ਹੋਈ, ਮੇਰਾ ਬਹੁਤ ਬੁਰਾ ਹਾਲ। ਉਹ ਕਹਿੰਦੇ, ਇਹ ਤੂੰ ਗਲਤ ਲੈ ਆਇਆ। ਇਹਨਾਂ ਦੇ ਘਰ ਦੇ ਪਿੱਛੇ ਜੋ ਹੈ, ਉਹਦਾ ਨਾਮ ਵੀ ਸੁਰਜੀਤ ਕੌਰ ਹੈ।

ਕਹਿੰਦੀ, ਮੈਨੂੰ ਛੱਡ ਗਏ, ਸਾਡੇ ਘਰ ਤਾਂ ਹੋ ਗਈਆਂ ਖੁਸ਼ੀਆਂ। ਮੈਂ ਜਿਉਂਦੀ ਹੋ ਗਈ। ਅਰਥੀ ਤੋਂ ਚੁੱਕਣ ਲੱਗੇ ਸੀ। ਸਾਡੇ ਪਿਛਲੇ ਪਾਸੇ ਕੁਰਲਾਹਟ ਮਚ ਗਿਆ, ਰੋਣਾ ਪਿਟਣਾ ਸ਼ੁਰੂ ਹੋ ਗਿਆ। ਕਹਿੰਦੀ, ਮੈਨੂੰ ਛੱਡ ਗਏ ਨੇ ਉਹਨੂੰ ਲੈ ਗਏ ਨੇ। ਪਹਿਲਾਂ ਇਹੀ ਲਿਜਾਣੀ ਸੀ।

ਕਹਿੰਦੀ, ਭੈਣ ਜੀ! ਉਸ ਦਿਨ ਦੀ ਮੈਂ ਬੀਜਣਾ ਸ਼ੁਰੂ ਕਰ ਦਿਤਾ ਕਿ ਅੱਗੇ ਤਾਂ ਮਿਲਣਾ ਹੀ ਨਹੀਂ ਜੇ ਇਥੇ ਨਾ ਬੀਜਿਆ। ਉਥੇ ਤਾਂ ਮਿਲਣਾ ਹੀ ਓਹੀ ਹੈ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ - ੧੩੪*

ਆਹ ਕਰਮਾਂ ਦਾ ਖੇਤ ਹੈ ਜਿਹਦੇ 'ਚ ਆਪਾਂ ਬੀਜਣਾ ਹੈ। ਸਭ ਤੋਂ ਵੱਡਾ ਜਿਹੜਾ ਹੈ ਉਹ ਹੈ ਨਾਮ–

*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥*

*ਅੰਗ- ੫੯੫*

ਨਾਮ ਬੀਜ ਲੈ। ਜੇ ਨਾਮ ਬੀਜ ਲਿਆ, ਕਹਿੰਦੇ ਮੁਕਦਾ ਹੀ ਨਹੀਂ ਹੈ –

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅੰਗ- ੨੬੪*

ਹੱਦ ਤੋਂ ਜ਼ਿਆਦਾ ਮੁਸ਼ਕਲ ਹੋ ਗਈ। ਅੱਖ ਝਮਕਣ ਜਿੰਨੇ ਚਿਰ 'ਚ ਨਾਮ ਉਹਨੂੰ ਠੀਕ ਕਰ ਦਿੰਦੈ। ਸੋ ਨਾਮ ਬਾਕੀਆਂ ਨੂੰ ਤਾਂ ਲਗਦੈ, ਆਟਾ ਦੇਵੋਂਗੇ, ਕਣਕ ਦੇਵੋਂਗੇ, ਕੁਛ ਦੇਣਾ ਪੈਂਦੈ। ਕਈਆਂ ਦਾ ਜੀਅ ਘਟਦੈ ਕਿ ਐਨਾ ਅਸੀਂ ਦਾਨ ਕਰ ਦਿਤਾ। ਸੋ ਨਾਮ ਵਿਚ ਤਾਂ ਦੇਣਾ ਹੀ ਨਹੀਂ ਪੈਂਦਾ। ਵਾਹਿਗੁਰ-ਵਾਹਿਗੁਰੂ-ਵਾਹਿਗੁਰੂ ਕਰਨਾ ਪੈਂਦੈ। ਇਹਦੇ ਨਾਲ ਕੀ ਹੁੰਦੈ? –

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥ ਅੰਗ- ੨੯੩*

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥ ਅੰਗ- ੨੫੨*

ਆਦਰ ਮਿਲਦੈ। ਜੈ-ਜੈਕਾਰ ਹੁੰਦੀ ਹੈ। ਇਥੇ ਜਿਹੜੀ ਸੇਵਾ ਕਰੀ ਹੋਈ ਹੈ –

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ- ੨੬*

ਮਾੜੀਆਂ-ਮਾੜੀਆਂ ਹੀ ਗੱਲਾਂ ਨੇ, ਕੋਈ ਵੱਡੀਆਂ ਗੱਲਾਂ ਨਹੀਂ। ਕੋਈ ਡੂੰਘੀ ਫਿਲਾਸਫੀ ਨਹੀਂ। ਜਾਣਾ ਤਾਂ ਹੈ ਹੀ ਅਸੀਂ। ਪਰ ਜੇ ਇਕੱਲੇ ਜਾਵਾਂਗੇ, ਹੌਂਸਲੇ ਨਾਲ ਜਾਵਾਂਗੇ ਕਿਉਂਕਿ ਪੱਲੇ ਧਨ ਹੋਏ ਬੇਅੰਤ। ਪਤਾ ਹੋਏਗਾ ਕਿ ਬਹੁਤ ਵੱਡੀ ਪਦਵੀ ਮਿਲਣੀ ਹੈ ਦੁਨੀਆਂ 'ਚ ਸੇਵਾ ਕਰੀ ਹੈ –

*ਮਰਹਟ ਲਗਿ ਸਭੁ ਲੋਗੁ ਕੁਟੰਬੁ*
*ਮਿਲਿ ਹੰਸੁ ਇਕੇਲਾ ਜਾਇ ॥ ੧ ॥*
*ਵੈ ਸੁਤ ਵੈ ਬਿਤ ਵੈ ਪੁਰ ਪਾਟਨ*
*ਬਹੁਰਿ ਨ ਦੇਖੈ ਆਇ ॥ ਅੰਗ- ੧੧੨੪*

ਆਹ ਜਿਹੜੇ ਘਰ ਬਣਾਉਂਦੈ ਵਧੀਆ-ਵਧੀਆ, ਦੋ-ਦੋ ਤਿੰਨ-ਤਿੰਨ ਮੰਜ਼ਲੇ, ਪੁੱਤਰ ਨੇ ਮੇਰੇ, ਮੇਰੇ ਰਿਸ਼ਤੇਦਾਰ ਨੇ, ਮੇਰੀ ਇਸਤ੍ਰੀ ਹੈ। ਫੇਰ ਮੁੜ ਕੇ ਨਹੀਂ ਇਹਨਾਂ ਨਾਲ ਵਾਹ ਪੈਂਦਾ ਕਦੇ ਵੀ। ਦੇਖਣੇ ਹੀ ਨਹੀਂ ਮੁੜ ਕੇ। ਪਤਾ ਨਹੀਂ ਕਿੱਥੇ ਸੁੱਟ ਦਿਤਾ –

*ਕਹਤੁ ਕਬੀਰੁ ਰਾਮੁ ਕੀ ਨ ਸਿਮਰਹੁ*
*ਜਨਮੁ ਅਕਾਰਥੁ ਜਾਇ ॥ ਅੰਗ- ੧੧੨੪*

ਤਿੰਨ ਸਾਥੀ ਹੁੰਦੇ ਨੇ –

ਪਹਿਲਾ ਦੁਨੀਆਂ 'ਚ ਸਾਥੀ ਹੈ ਪੈਸਾ। ਦੂਜਾ ਸਾਥੀ ਹੈ ਰਿਸ਼ਤੇਦਾਰ, ਪੁੱਤਰ, ਧੀਆਂ। ਤੀਸਰਾ ਸਾਥੀ ਹੁੰਦੈ ਕਰਮ। ਪਹਿਲਾ ਜਿਹੜਾ ਸਾਥੀ ਹੈ ਪੈਸਾ, ਜੇ ਪੈਸਾ ਨਾ ਹੋਵੇ, ਕੋਈ ਨਹੀਂ ਨੇੜੇ ਆਇਆ ਕਰਦਾ। ਇਹ ਘਰ 'ਚ ਕੋਠੀ 'ਚ ਪਿਆ, ਬਟੂਏ 'ਚ ਪਿਆ ਹੀ ਰਹਿ ਜਾਂਦੈ। ਇਹ ਵੀ ਨਾਲ ਨਹੀਂ ਜਾਂਦਾ। ਇਹ ਤਾਂ ਜਿਹੜਾ ਦਾਨ 'ਚ ਦੇ ਦਿਤਾ ਉਹ ਤਾਂ ਜਾਣੈ ਨਾਲ, ਜਿਹੜਾ ਕੋਲ ਪਿਐ ਉਹਨੇ ਨਹੀਂ ਜਾਣਾ। ਜਿਹੜੇ ਰਿਸ਼ਤੇਦਾਰ ਨੇ, ਥੋੜ੍ਹੀ ਜਿਹੀ ਮਿਹਰ ਕਰਦੇ ਨੇ। ਕੰਧਿਆਂ 'ਤੇ ਚੁੱਕ ਕੇ, ਸ਼ਮਸ਼ਾਨ ਭੂਮੀ ਤਕ ਲੈ ਜਾਂਦੇ ਨੇ। ਦੇਹ ਰੁਲਦੀ ਨਹੀਂ ਹੈ, ਉਹਨੂੰ ਜਾਲ ਦਿੰਦੇ ਨੇ, ਕੋਈ ਪਾਣੀ 'ਚ ਸੁੱਟ ਦਿੰਦੈ। ਹੁਣ ਅੱਗੇ ਜਦੋਂ ਜਾਣੈ, ਉਥੇ ਸਾਥੀ ਨੇ ਕਰਮ। ਉਥੇ ਨਾ ਜਾਤ ਪੁਛਣੀ ਹੈ, ਨਾ ਅਮੀਰੀ ਪੁੱਛਣੀ ਹੈ, ਨਾ ਅਹੁਦਾ ਪੁਛਣੈ, ਉਥੇ ਕਰਮਾਂ ਨਾਲ ਨਿਬੇੜਾ ਹੋਣੈ ਕਿ ਕਿੰਨਾ ਕੁ ਇਹਨੇ ਨਾਮ ਜਪਿਐ, ਕਿੰਨੀ ਕੁ ਇਹਨੇ ਸੇਵਾ ਕਰੀ ਹੈ। ਮਹਾਰਾਜ ਕਹਿੰਦੇ ਤੂੰ ਅਸਲੀ ਗੱਲ ਸਮਝਣ ਦਾ ਯਤਨ ਕਰ। ਜੇ ਕੋਈ ਕਹੇ ਕਿ ਮੈਂ ਬਹੁਤ ਪਾਪ ਕੀਤੇ ਨੇ। ਮੇਰਾ ਵੀ ਉਧਾਰ ਹੋ ਜਾਏਗਾ? ਮਹਾਰਾਜ ਕਹਿੰਦੇ, ਬਹੁਤ ਵੱਡੇ-ਵੱਡੇ ਜਿਹੜੇ ਪਾਪੀ ਨੇ, ਜਦੋਂ ਉਹਨਾਂ ਦਾ ਉਧਾਰ ਹੋ ਗਿਆ, ਤੇਰਾ ਕਿਉਂ ਨਹੀਂ ਹੋਏਗਾ। ਉਹਨਾਂ ਨੂੰ ਸਪੈਸ਼ਲ ਤਾਂ ਕੋਈ ਰਿਆਇਤ ਨਹੀਂ ਸੀ। ਨਾਮ ਜਪਿਆ, ਨਾਮ ਜਪ ਕੇ ਉਧਾਰ ਹੋ ਗਿਆ –

*ਧਾਰਨਾ – ਨਾਮ ਜਪ ਕੇ ਤਰ ਗਏ ਪਾਪੀ ਬਹੁਤੇ,*
*ਤੂੰ ਵੀ ਤਰ ਜਾਵੇਂਗਾ ਮਨਾਂ।*

ਮਹਾਰਾਜ ਕਹਿੰਦੇ, ਜੇ ਤੂੰ ਨਾਮ ਜਪਣ ਲਗ ਜਾਵੇਂ, ਹੁਣ ਤੋਂ ਹੀ ਜਪਣ ਲਗ ਜਾਵੇਂ, ਤੇਰਾ ਤਾਂ ਬਹੁਤ ਵਧੀਆ ਉਧਾਰ ਹੋ ਜਾਏਗਾ। ਜਦ ਕਿ ਨਾਮ ਜਪਣ ਦੇ ਨਾਲ ਬਹੁਤ ਵੱਡੇ-ਵੱਡੇ ਪਾਪੀ ਤਰ ਗਏ। ਜੇ ਨਾਮ ਨਹੀਂ ਜਪਦੇ, ਬਾਕੀ ਕਰਮ ਜਿਹੜੇ ਨੇ, ਉਹ ਕਿਸੇ ਕੰਮ ਨਹੀਂ ਹੋਇਆ ਕਰਦੇ। ਇਕ ਸ਼ਬਦ ਵਿਚ ਅਮਰ ਗੁਰੂ ਰਵੀਦਾਸ ਜੀ ਮਹਾਰਾਜ ਦਸਦੇ ਨੇ ਕਿ ਕੋਈ ਆਦਮੀ ਛੇ ਖੱਟ ਕਰਮ ਕਰਦੈ। ਬ੍ਰਾਹਮਣਾਂ ਦੇ ਕਰਮ ਹੁੰਦੇ ਨੇ – ਯੱਗ ਕਰਨਾ, ਯੱਗ ਕਰਾਉਣਾ, ਦਾਨ ਲੈਣਾ, ਦਾਨ ਦੇਣਾ, ਵਿਦਿਆ ਪੜ੍ਹਨੀ ਤੇ ਵਿਦਿਆ ਪੜ੍ਹਾਉਣੀ। ਖੱਟ ਕਰਮ ਹੋਇਆ ਕਰਦੇ ਨੇ, ਉਹ ਛੇ ਹੀ ਕਰਮ ਕਰਦਾ ਹੋਵੇ ਤੇ ਕੁੱਲ ਸੰਯੁਕਤ ਹੈ। ਵੱਡੀ ਕੁਲ ਦੇ ਨਾਲ ਸਬੰਧ ਰੱਖਣ ਵਾਲਾ ਹੈ। ਉਹਦੇ ਜੇ ਹਿਰਦੇ 'ਚ ਰੱਬ ਦੀ ਭਗਤੀ, ਪਿਆਰ ਨਹੀਂ –

*ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ॥*
*ਅੰਗ- ੧੧੨੪*

ਕਹਿੰਦੇ ਉਹਦਾ ਦਰਜਾ ਕੀ ਹੈ -

*ਚਰਨਾਰਬਿੰਦ ਨ ਕਥਾ ਭਾਵੈ*
*ਸੁਪਚ ਤੁਲਿ ਸਮਾਨਿ ॥* *ਅੰਗ- ੧੧੨੪*

ਜੇ ਉਹਨੂੰ ਭਗਤੀ ਨਹੀਂ ਭਾਉਂਦੀ, ਪਿਆਰ ਨਹੀਂ ਭਾਉਂਦਾ, ਚਰਨਾਂ ਦਾ ਪਿਆਰ ਨਹੀਂ ਉਹਦੇ ਹਿਰਦੇ ਵਿਚ ਤੇ ਹਰੀ ਦੀ ਕਥਾ 'ਚ ਉਹਦਾ ਜੀਅ ਨਹੀਂ ਲਗਦਾ, ਕੀਰਤਨ 'ਚ ਜੀਅ ਨਹੀਂ ਲਗਦਾ ਕਹਿੰਦੇ - ***'ਸੁਪਚ ਤੁਲਿ ਸਮਾਨਿ॥'*** 'ਸੁ' ਕਹਿੰਦੇ ਨੇ ਕੁੱਤੇ ਨੂੰ, 'ਪਚ' ਕਹਿੰਦੇ ਨੇ ਖਾਣ ਵਾਲੇ ਨੂੰ। ਜਿਹੜੇ ਕੁੱਤੇ ਖਾਣ ਵਾਲੇ ਉਹਨਾਂ ਨੂੰ ਚੰਡਾਲ ਕਹਿੰਦੇ ਨੇ। ਕਹਿੰਦੇ, ਜਿਹੜਾ ਭਗਤੀ ਨਹੀਂ ਕਰਦਾ, ਨਾਮ ਨਹੀਂ ਜਪਦਾ ਕਹਿੰਦੇ, ਚੰਡਾਲ ਦੀ ਬਰਾਬਰੀ ਹੈ ਉਹਦੀ। ਨਾਲ ਮਿਸਾਲ ਦਿੰਦੇ ਨੇ ਕਿ ਪਿਆਰਿਆ-

*ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ ॥ ੧ ॥ ਰਹਾਉ ॥*
*ਅੰਗ- ੧੧੨੪*

ਬਾਲਮੀਕ ਵਲ ਤਾਂ ਦੇਖ ਕਿਹੋ ਜਿਹਾ ਪਾਪੀ ਸੀਗਾ। ਜਾਤ ਚੰਡਾਲ ਦੀ ਉਸਦੀ। ਕਿਸ ਪਦ ਤਕ ਪਹੁੰਚ ਗਿਆ। ਕਹਿੰਦੇ ਉਹ ਕੰਮ ਕੀ ਕਰਦਾ ਸੀ -

*ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥*
*ਅੰਗ- ੧੧੨੪*

ਕੁੱਤੇ ਮਾਰਨ ਦਾ। ਜਦੋਂ ਕਹਿੰਦੇ ਨੇ ਕਿ ਆਹ ਕੁੱਤੇ ਮਾਰ ਦਿਓ, ਵਾਧੂ ਵਧ ਗਏ। ਕਹਿੰਦੇ, ਉਹ ਕੁੱਤੇ ਮਾਰਿਆ ਕਰਦਾ ਸੀ। ਭਾਈ ਗੁਰਦਾਸ ਜੀ ਕਹਿੰਦੇ, ਇਕੱਲੇ ਕੁੱਤੇ ਨਹੀਂ ਸੀ ਮਾਰਦਾ, ਬੰਦਿਆਂ ਨੂੰ ਵੀ ਮਾਰਿਆ ਕਰਦਾ ਸੀ। ਜਦੋਂ ਉਹਦਾ ਪਿਆਰ ਲਗ ਗਿਆ ਵਾਹਿਗੁਰੂ ਨਾਲ। ਕਹਿੰਦੇ -

*ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥*
*ਅੰਗ- ੧੧੨੪*

ਕਹਿੰਦੇ, ਉਹਦੀ ਉਪਮਾ ਲੋਕਾਂ ਨੇ ਤਾਂ ਕੀ ਕਰਨੀ ਸੀ। ਉਹਦਾ ਜਸ ਤਿੰਨਾਂ ਲੋਕਾਂ 'ਚ ਫੈਲ ਗਿਆ। ਛੁੱਟੀਆਂ ਹੁੰਦੀਆਂ ਨੇ, ਮਨਾਉਂਦੇ ਨੇ ਉਹਨਾਂ ਦੇ ਦਿਨਾਂ ਨੂੰ। ਉਹਨਾਂ ਦੀ ਮਨੌਤ ਹੈ, ਮੰਦਰ ਬਣਦੇ ਨੇ। ਕਹਿੰਦੇ, ਉਹ ਤਾਂ ਇਸ ਤਰ੍ਹਾਂ ਤਰ ਗਿਆ ਤੇ -

*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥*
*ਅੰਗ- ੬੩੨*

ਅਜਾਮਲ ਪਾਪੀ ਸੀ, ਕਹਿੰਦੇ ਉਹ ਇਕ ਵਾਰੀ ਰਾਮ ਕਹਿਣ ਨਾਲ ਤਰ ਗਿਆ। ਪਿੰਗੁਲਾ ਜਿਹੜੀ ਸੀ ਉਹ ਇਕ ਵੇਸਵਾ ਸੀ। ਇਹ ਭਗਤੀ ਭਾਵ 'ਚ ਆ ਕੇ ਤਰ ਗਈ। ਲੁਭਤ ਜਿਹੜਾ ਸੀ ਇਹ ਸ਼ਿਕਾਰੀ ਸੀ। ਇਹ ਸ਼ਿਕਾਰ ਕਰਦਾ-ਕਰਦਾ ਹੀ ਜਦੋਂ ਮਹਾਤਮਾ ਨੇ ਦਸ ਦਿਤਾ ਕਿ ਚਤਰਭੁਜ ਲੈ ਕੇ ਆ ਜਾਨਵਰ, ਕਹਿੰਦੇ, ਉਹਦੇ ਨਾਲ ਹੀ ਤਰ ਗਿਆ। 'ਕੁੰਚਰੁ' ਹਾਥੀ ਜਿਹੜਾ ਸੀ ਸਰਾਪਿਆ ਹੋਇਆ, ਦੇਵ ਲੋਕ ਤੋਂ ਆ ਕੇ ਹਾਥੀ ਬਣਿਆ, ਜਦੋਂ ਫੜ ਲਿਆ ਤੰਦੂਏ ਨੇ, ਕਹਿੰਦੇ, ਉਹ ਵੀ ਤਰ ਗਿਆ। ਹੇਠਾਂ ਨਹੀਂ ਰਹੇ -

*ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ ॥*
*ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥*
*ਅੰਗ- ੧੧੨੪*

ਜਦੋਂ ਇਹੋ ਜਿਹੇ ਤਰ ਗਏ, ਕਹਿੰਦੇ ਫੇਰ ਤੇਰਾ ਵੀ ਕੋਈ ਸ਼ੱਕ ਹੈ? ਤੂੰ ਇਰਾਦਾ ਬਣਾ। ਬਾਲਮੀਕ ਦੇ ਬਾਰੇ -

*ਰੇ ਚਿਤ ਚੇਤਿ ਚੇਤ ਅਚੇਤ ॥*
*ਕਾਹੇ ਨ ਬਾਲਮੀਕਹਿ ਦੇਖ ॥* *ਅੰਗ- ੧੧੨੪*

ਮਹਾਰਾਜ ਪਹਿਲਾਂ ਹੀ ਲਿਖਦੇ ਨੇ ਭਗਤਾਂ ਦੇ ਵਿਚ ਕਿ ਕਥਾ ਸੁਣੋ -

*ਸੁਣਿ ਸਾਖੀ ਮਨ ਜਪਿ ਪਿਆਰ ॥* *ਅੰਗ- ੧੧੯੨*

ਤੁਹਾਨੂੰ ਅਸੀਂ ਗਵਾਹੀ ਦੇ ਕੇ ਗੱਲ ਕਰਦੇ ਹਾਂ, ਗਵਾਹੀ ਦੇ ਕੇ। ਐਵੇਂ ਸੁਣੀਆਂ-ਸੁਣਾਈਆਂ ਗੱਲਾਂ ਨਹੀਂ ਕਹਿੰਦੇ, ਸਾਖੀ ਸੁਣ ਤੂੰ -

*ਅਜਾਮਲੁ ਉਧਰਿਆ ਕਹਿ ਏਕ ਬਾਰ ॥ ਅੰਗ - ੧੧੯੨*

ਅਜਾਮਲ ਨੂੰ ਸਿਰਫ ਇਕ ਵਾਰ ਕਿਹਾ ਤੇ ਜਿਹੜਾ ਬਾਲਮੀਕ ਸੀ -

*ਬਾਲਮੀਕੈ ਹੋਆ ਸਾਧਸੰਗੁ ॥* *ਅੰਗ- ੧੧੯੨*

ਸਾਧੂਆਂ ਦੀ ਸੰਗਤ ਹੋ ਗਈ ਉਸ ਨੂੰ। ਸਾਧੂਆਂ ਦੀ ਸੰਗਤ ਦਾ ਜਿਹੜਾ ਫਲ ਹੈ, ਬਹੁਤ ਵੱਡਾ ਫਲ ਹੈ। ਮਹਾਰਾਜ ਕਹਿੰਦੇ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ- ੫੪੬*

ਸਾਧੂ ਹੋਵੇ ਸਹੀ। ਸਾਧੂਆਂ ਦੀ ਸੰਗਤ ਦੀ ਮਹਿਮਾ ਦਸ ਕੇ ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਸੁਣਿਓ ਮੇਰੇ ਮੀਤਾ,*
*ਮਹਿਮਾ ਸਾਧੂਆਂ ਦੇ ਸੰਗ ਦੀ।*

*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥*
*ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥ ੧ ॥*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥*
*੧ ॥ ਰਹਾਉ ॥*

*ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥*
*ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥ ੨ ॥*
*ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥*
*ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥ ੩ ॥*
*ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥*
*ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ ॥*

*ਅੰਗ - ੮੦੯*

ਪਿੰਗਲਾ ਜਿਹੜਾ ਹੈ ਉਹ ਬਹੁਤ ਔਖੀ ਥਾਂਵੇਂ ਹੈ, ਜਿਹਦਾ ਮਨ ਪਿੰਗਲਾ ਹੈ। ਜਿਹਦੇ 'ਚ ਸ਼ਰਧਾ ਭਾਵਨਾ ਦੀਆਂ ਲੱਤਾਂ ਨਹੀਂ ਹਨ। ਉਹ ਕਹਿੰਦੇ, ਸਾਧੂਆਂ ਦੀ ਸੰਗਤ ਕਰਕੇ ਦਸਵੇਂ ਦੁਆਰ 'ਚ ਪਹੁੰਚ ਜਾਂਦੇ ਨੇ। ਜਿਹੜੇ ਮੂਰਖ ਨੇ, ਕੁਛ ਨਹੀਂ ਜਾਣਦੇ, ਉਹ ਚਤੁਰ ਹੋ ਜਾਂਦੇ ਨੇ। ਜਿਹੜੇ ਗਿਆਨ ਤੋਂ ਅੰਨ੍ਹੇ ਨੇ ਉਹਨਾਂ ਨੂੰ ਗਿਆਨ ਦੇ ਦਿੱਬਯ ਚਕਸ਼ੂ ਮਿਲ ਜਾਇਆ ਕਰਦੇ ਨੇ, ਤ੍ਰਿਭਵਣ ਉਹਨੂੰ ਸੁੱਝਣ ਲਗ ਜਾਂਦੈ। ਜਦੋਂ ਪਵਿੱਤਰ ਸਾਧੂ ਦੀ, ਗੁਰੂ ਦੀ ਸੰਗਤ ਹੁੰਦੀ ਹੈ - ***'ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥ ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥'*** ਮੈਲ ਨਹੀਂ ਰਹਿੰਦੀ, ਕਰੋੜਾਂ ਪਾਪਾਂ ਦਾ ਖਾਤਮਾ ਹੋ ਜਾਂਦੈ।

ਇਕ ਥਾਂ ਜੰਗਲ ਦੇ ਅੰਦਰ ਕੁਛ ਝੌਂਪੜੀਆਂ ਸਨ, ਭੀਲ ਲੋਕਾਂ ਦੀਆਂ, ਚੰਡਾਲ ਜਿਹਨਾਂ ਨੂੰ ਕਹਿੰਦੇ ਨੇ ਉਹਨਾਂ ਦੀਆਂ ਤੇ ਉਹਨਾਂ ਦੇ ਵਿਚ ਇਕ ਨੌਜਵਾਨ, ਆਪਣੀ ਮਾਂ ਨੂੰ ਪੁਛਦੈ ਕਿ ਮਾਤਾ! ਪਿਤਾ ਤਾਂ ਚੜ੍ਹਾਈ ਕਰ ਗਿਆ। ਹੁਣ ਮੈਨੂੰ ਦਸ ਮੈਂ ਕੀ ਕੰਮ ਕਰਿਆ ਕਰਾਂ? ਕਹਿਣ ਲੱਗੀ, ਬੇਟਾ! ਅਜੇ ਤੂੰ ਛੋਟਾ ਹੈਂ, ਤਕੜਾ ਹੋ ਜਾ, ਕੰਮ ਮੈਂ ਤੈਨੂੰ ਫੇਰ ਦੱਸਾਂਗੀ। 18 ਸਾਲ ਦਾ ਹੋ ਗਿਆ, ਫੇਰ ਪੁਛਿਆ ਮਾਤਾ! ਇਸ ਤਰ੍ਹਾਂ ਕਿੰਨਾ ਕੁ ਚਿਰ ਗੁਜ਼ਾਰਾ ਕਰ ਲਵਾਂਗੇ ਤੇ ਮੈਨੂੰ ਕੰਮ ਤਾਂ ਦਸ? ਕਹਿਣ ਲੱਗੀ, ਤੂੰ ਆਪਣੇ ਪਿਉ ਵਾਲਾ ਹੀ ਕੰਮ ਕਰਨੈਂ। ਮੈਂ ਦਸ ਦਿੰਦੀ ਹਾਂ, ਦੇਖ ਹੁਣ ਤੂੰ ਮਜ਼ਬੂਤ ਹੋ ਗਿਆ। ਤੈਨੂੰ ਮੈਂ ਬੜੀ ਰੀਝ ਨਾਲ ਪਾਲਿਐ ਤੇ ਤਾਕਤ ਵੀ ਤੇਰੇ ਵਿਚ ਬਹੁਤ ਆ ਗਈ ਹੈ। ਦੋ ਚਾਰ ਬੰਦਿਆਂ ਨੂੰ ਤੂੰ ਸਮਝਦਾ ਹੀ ਕੱਖ ਨਹੀਂ ਜੇ ਤੇਰੇ ਨਾਲ ਸ਼ਸਤਰ ਨਾਲ ਵੀ ਲੜਨ। ਕਹਿੰਦੀ, ਹੁਣ ਇਸ ਤਰ੍ਹਾਂ ਕਰਿਆ ਕਰ ਤੂੰ, ਔਹ ਰਸਤਾ ਆਪਣੇ ਕੋਲ ਦੀ ਜਾਂਦੈ, ਵੱਡਾ ਰਸਤਾ, ਉਥੇ ਧਨੀ ਲੋਕ ਵੀ ਲੰਘਦੇ ਨੇ, ਇਕੱਲਾ-ਇਕੱਲਾ ਵੀ ਲੰਘਦੈ ਤੇ ਉਥੇ ਤੂੰ ਬੈਠ ਜਾਇਆ ਕਰ। ਕੁਹਾੜਾ ਲੈ ਕੇ ਤੇ ਜਿਸ ਵਕਤ ਕੋਈ ਨੇੜੇ ਆਇਆ, ਗਰਦਨ 'ਤੇ ਕੁਹਾੜਾ ਮਾਰਿਆ, ਉਸ ਤੋਂ ਬਾਅਦ ਉਹਦੀ ਜੇਬ ਫਰੋਲ ਕੇ ਲੈ ਆਇਆ ਕਰ, ਨਦੀ ਕੋਲ ਦੀ ਚਲਦੀ ਹੈ, ਘੜੀਸ ਕੇ ਵਿਚ ਸੁੱਟ ਦਿਤਾ ਉਹਦੇ। ਬੜਾ ਹੈਰਾਨ ਹੋਇਆ। ਕਹਿੰਦਾ, ਮਾਤਾ! ਇਹੋ ਜਿਹਾ ਕੰਮ? ਕਹਿੰਦੀ, ਹਾਂ, ਤੇਰਾ ਪਿਉ ਇਹੀ ਕੰਮ ਕਰਦਾ ਸੀ। ਚਲਿਆ ਗਿਆ, ਜਾ ਕੇ ਪਹਿਲੇ ਦਿਨ ਹੀ ਬੰਦਾ ਮਾਰਿਆ ਤੇ ਉਹਦੀ ਜੇਬ ਵਿਚੋਂ ਦੁਆਨੀ ਨਿਕਲੀ। ਮਾਂ ਦੇ ਕੋਲ ਆ ਗਿਆ। ਕੁਹਾੜਾ ਰਖ ਦਿਤਾ। ਕਹਿਣ ਲੱਗਿਆ, ਮਾਤਾ! ਇਹੋ ਜਿਹਾ ਉਲਟਾ ਕੰਮ? ਬੰਦਾ ਮਾਰਿਐ, ਫੇਰ ਵੀ ਮੇਰੇ ਵਰਗਾ ਹੀ ਉਹ ਬੰਦਾ ਸੀ। ਕਹਿੰਦੀ, ਦੇਖ, ਇਹ ਹੈ ਆਪਣਾ ਰੁਜ਼ਗਾਰ, ਰੁਜ਼ਗਾਰ 'ਚ ਪਾਪ ਪੁੰਨ ਨਹੀਂ ਵਿਚਾਰੀਦਾ ਹੁੰਦਾ। ਇਹ ਤਾਂ ਤੂੰ ਬਾਮ੍ਹਣਾਂ ਵਾਲੀਆਂ ਗੱਲਾਂ ਕਰਨ ਲਗ ਗਿਆ ਕਿ ਆਹ ਪਾਪ ਹੈ, ਆਹ ਪੁੰਨ ਹੈ। ਆਪਾਂ ਨੂੰ ਕਿਹੜਾ, ਪਾਪ ਪੁੰਨ ਹੈ, ਆਪਣਾ ਤਾਂ ਰੁਜ਼ਗਾਰ ਹੈ। ਰੁਜ਼ਗਾਰ ਇਹੀ ਹੈ ਜਿਹੜਾ ਤੇਰਾ ਪਿਉ ਕਰਦਾ ਸੀ, ਦਾਦਾ ਕਰਦਾ ਸੀ, ਤੂੰ ਵੀ ਇਹੀ ਕਰ। ਕਹਿੰਦੀ ਲਿਆ ਮੇਰੇ ਕੋਲ ਪੈਸੇ। ਦੋ ਪੈਸੇ ਲੈ ਕੇ ਚਲੀ ਗਈ। ਜਾ ਕੇ ਛੋਟੀ ਮੱਛੀ ਜਿਹੜੀ ਹੈ, ਉਹ ਝੱਕਰਾ ਭਰਾ ਲਿਆਈ। ਕਹਿੰਦੀ ਲੈ ਦੇਖ, ਤੂੰ ਤਾਂ ਦੁਆਨੀ ਪਿੱਛੇ ਇਕ ਬੰਦਾ ਮਾਰਿਆ ਹੈ। ਆਹ ਦੋ ਪੈਸੇ ਦੀਆਂ ਦੇਖ ਲੈ ਕਿੰਨੀਆਂ ਮੱਛੀਆਂ ਆਈਆਂ ਨੇ। ਇਹਨਾਂ ਵਿਚ ਵੀ ਤਾਂ ਜਾਨ ਸੀ, ਇਹਨੇ ਵੀ ਤਾਂ ਮਾਰੀਆਂ ਹੀ ਨੇ। ਬੰਦਾ ਮਾਰ ਦਿਤਾ ਕਿ ਮੱਛੀਆਂ ਮਾਰ ਦਿਤੀਆਂ, ਇਕੋ ਹੀ ਗੱਲ ਹੈ। ਪੁੱਠੀ ਮੱਤ ਦਿੰਦੀ ਸੀ।

ਮਹਾਰਾਜ ਕਹਿੰਦੇ, ਮਾਤਾ! ਪੁੱਤਰ ਨੂੰ ਤੂੰ ਸੁਮੱਤ ਦੇਣੀ ਸੀ। ਬੜਾ ਮਾੜਾ ਕੰਮ ਕਰਦੀ ਹੈਂ, ਪੁੱਤਰ ਨੂੰ ਗਲਤ ਰਸਤੇ ਪਾਉਂਦੀ ਹੈਂ। ਇਸ ਤਰ੍ਹਾਂ ਕਹਿੰਦੇ ਨੇ -

*ਧਾਰਨਾ - ਜੇ ਤੈਂ ਭਗਤ ਪੁੱਤਰ ਨਾ ਸੀ ਜੰਮਣਾ*
*ਵਿਧਵਾ ਹੋ ਜਾਂਦੀ।*

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥ ੧ ॥*
*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥ ੧ ॥ ਰਹਾਉ ॥*

*ਅੰਗ- ੩੨੮*

ਮਾਂ ਦੇ ਅਖਤਿਆਰ ਦੇ ਵਿਚ ਹੋਇਆ ਕਰਦੈ। ਬਹੁਤ ਸਾਰੀਆਂ ਬੀਬੀਆਂ ਆਉਂਦੀਆਂ ਨੇ, ''ਜੀ ਜਿੱਦ ਕਰਦੈ ਬੱਚਾ, ਆਖੇ ਨਹੀਂ ਲਗਦਾ, ਗਾਲ੍ਹਾਂ ਕੱਢਦੈ।'' ਮੈਂ ਕਹਿੰਦਾ, ਭਾਈ! ਤੁਹਾਡਾ ਹੀ ਬੱਚਾ ਹੈ ਜਾਂ ਤੇਰੇ ਵਰਗਾ ਹੈ ਜਾਂ ਆਪਣੇ ਪਿਤਾ ਵਰਗੈ। ਜਿਹੋ ਜਿਹਾ ਬੱਚੇ ਨੂੰ ਬਣਾ ਦਿਓ, ਉਹੋ ਜਿਹਾ ਬਣ ਜਾਂਦੈ। ਪਹਿਲੇ ਜ਼ਮਾਨਿਆਂ 'ਚ ਮਰਿਆਦਾ 'ਚ ਹੁੰਦੇ ਸੀ ਲੋਕ। ਦੇਖਿਆ, ਜਾਂਦਾ ਸੀ, ਮਾਂ ਕਹਿੰਦੀ ਸੀ ਮੈਂ ਯੋਧਾ ਪੁੱਤਰ ਪੈਦਾ ਕਰਨੈ। ਸੂਰਮਾ ਕਰਨੈ ਜਿਹੜਾ ਦਲਾਂ ਨੂੰ ਮੋੜ ਦੇਵੇ। ਮਾਂ ਦੇ ਖਿਆਲ ਹੁੰਦਾ ਕਿ ਮੈਂ ਐਸਾ ਦਾਤਾ ਪੈਦਾ ਕਰਨੈ ਕਿ ਵੱਡੇ-ਵੱਡੇ ਦਾਨ ਦੇਣ ਵਾਲਿਆਂ ਦਾ ਨਾਮ ਜਿਹੜਾ ਹੈ ਇਹਦੇ ਹੇਠਾਂ ਆ ਜਾਵੇ। ਕਰਣ ਵਰਗਾ ਪੁੱਤਰ ਪੈਦਾ ਕਰਨੈ ਜਿਹੜਾ ਸਵਾ ਮਣ ਸੋਨਾ ਰੋਜ਼ ਦਾਨ ਦਿਆ ਕਰਦਾ ਸੀ। ਤੀਸਰੀ ਮਾਤਾ ਕਹਿੰਦੀ ਹੈ ਕਿ ਮੈਂ ਤਾਂ ਪ੍ਰਮੇਸ਼ਰ

ਦਾ ਭਗਤ ਪੈਦਾ ਕਰਨੈ। ਬ੍ਰਹਮਗਿਆਨੀ ਜਿਹੜਾ 101 ਕੁਲ ਦਾ ਉਧਾਰ ਕਰ ਦੇਵੇ। ਜਦੋਂ ਪਤਾ ਲਗ ਜਾਂਦਾ ਸੀ ਬੱਚੇ ਦਾ, ਉਸ ਤੋਂ ਬਾਅਦ ਮਾਤਾਵਾਂ ਸਾਧੂਆਂ ਦੇ ਆਸ਼ਰਮਾਂ ਦੇ ਵਿਚ ਜਾ ਕੇ ਸੇਵਾ ਕਰਦੀਆਂ, ਕੀਰਤਨ ਸੁਣਦੀਆਂ, ਕਥਾ ਸੁਣਦੀਆਂ, ਘੰਟਿਆਂ ਬੱਧੀ ਬੈਠ ਕੇ ਸਮਾਧੀਆਂ ਲਾ-ਲਾ ਕੇ ਸਿਮਰਨ ਕਰਦੀਆਂ ਤੇ ਜਿਹੜੇ ਖਿਆਲ ਸੀ, ਸ਼ੁੱਧ ਖਿਆਲ ਉਹਨਾਂ ਦਾ ਅਸਰ ਬੱਚੇ ਨੂੰ ਭੇਜਦੀਆਂ। ਉਸ ਤੋਂ ਬਾਅਦ ਬੱਚੇ ਗਲਤ ਹੁੰਦੇ ਹੀ ਨਹੀਂ। ਸਹੀ ਉਲਾਦ ਆਉਂਦੀ ਸੀ। ਇਸੇ ਕਰਕੇ ਮਹਾਰਾਜ ਨੇ ਐਡੀ ਵੱਡੀ ਗੱਲ ਕਹਿ ਦਿਤੀ - *'ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ॥'* ***(ਅੰਗ-328)***

'ਆਤਮ ਮਾਰਗ' ਦੇ ਅੰਦਰ ਲੇਖ ਆਉਂਦੇ ਨੇ ਕਿ ਮਾਂ ਦੇ ਅਖਤਿਆਰ ਹੈ ਕਿ ਬੱਚੇ ਨੂੰ ਕਿਹੋ ਜਿਹਾ ਹੀ ਬਣਾ ਦੇਵੇ। ਚਾਹੇ ਹਰੀ ਭਗਤ ਬਣਾ ਦੇਵੇ, ਚਾਹੇ ਚੋਰ ਡਾਕੂ ਬਣਾ ਦੇਵੇ। ਸੋ ਇਹ ਮਾਤਾ ਨੇ ਉਲਟੇ ਰਸਤੇ ਲਾ ਦਿਤਾ। ਦਲੇਰ ਹੋ ਕੇ ਲਗ ਗਿਆ। ਭਾਈ ਗੁਰਦਾਸ ਜੀ ਨੇ ਇਹਦੀ ਕਥਾ ਲਿਖੀ ਹੈ। ਕਹਿੰਦੇ, ਇਹ ਕੰਮ ਕੀ ਕਰਦਾ ਸੀ, ਰਸਤੇ 'ਚ ਬਹਿ ਜਾਂਦਾ ਸੀ ਤੇ ਉਥੇ ਆਉਂਦੇ ਜਾਂਦੇ ਬੰਦੇ ਨੂੰ ਮਾਰ ਦਿਆ ਕਰਦਾ ਸੀ। ਇਸ ਤਰ੍ਹਾਂ ਨਾਲ ਪੜ੍ਹ ਲਓ -

*ਧਾਰਨਾ - ਵਾਟੈ ਮਾਣਸ ਮਾਰਦਾ,*
*ਬੈਠਾ ਬਾਲਮੀਕ ਬਟਵਾਰਾ।*

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।*
*ਭਾਈ ਗੁਰਦਾਸ ਜੀ*

ਪਤਾ ਨਹੀਂ ਕਿੰਨੇ ਕੁ ਬੰਦੇ ਮਾਰ ਦਿਤੇ ਹੋਣੇ ਨੇ। ਕਈ ਪ੍ਰੇਮੀ ਅਣਜਾਣਪੁਣੇ 'ਚ ਕਈ ਗੱਲਾਂ ਕਰ ਜਾਂਦੇ ਨੇ। ਇਕ ਪ੍ਰੇਮੀ 30 ਸੈਕਟਰ 'ਚ ਜ਼ਿਕਰ ਕਰ ਰਿਹਾ ਸੀ। ਬਾਲਮੀਕ ਦਾ ਦਿਹਾੜਾ ਮਨਾ ਰਹੇ ਸੀ। ਉਹ ਗੁੱਸੇ ਹੋ ਗਿਆ ਇਸ ਗੱਲ ਦੇ ਉਤੇ ਕਿ ਸਾਡੇ ਵੱਡੇ ਨੂੰ ਕਹਿ ਦਿਤਾ ਕਿ ਇਹ ਬੰਦੇ ਮਾਰਦਾ ਹੁੰਦਾ ਸੀ। ਉਹ ਤਾਂ ਕਹਿੰਦੇ, ਲਵ ਤੇ ਕੁਸ਼ ਉਹਦੇ ਕੋਲ ਰਹੇ ਨੇ, ਸੀਤਾ ਜੀ ਉਹਦੇ ਕੋਲ ਰਹੀ ਹੈ। ਅਣਜਾਣ ਬੰਦਿਆਂ ਨੂੰ ਪਤਾ ਨਹੀਂ ਹੁੰਦਾ। ਬਾਲਮੀਕ ਦੋ ਹੋਏ ਨੇ। ਇਕ ਤਾਂ ਤ੍ਰੇਤੇ ਯੁੱਗ 'ਚ ਹੋਇਐ, ਇਕ ਦੁਆਪਰ ਯੁੱਗ ਦੇ ਅਖੀਰ ਵਿਚ ਹੋਇਐ। ਤ੍ਰੇਤੇ ਯੁੱਗ ਦੇ ਅੰਦਰ ਕੋਈ ਵੀ ਅਛੂਤ ਜਿਹੜਾ ਸੀ, ਉਹ ਭਗਤੀ ਨਹੀਂ ਸੀ ਕਰ ਸਕਦਾ। ਕਰਨ ਹੀ ਨਹੀਂ ਸੀ ਦਿੰਦੇ। ਸਤਿਲੁਜ ਦੇ ਕੰਢੇ ਇਕ ਸੁੰਭਕ ਨਾਮ ਦਾ ਰਿਸ਼ੀ ਸੀ। ਛੋਟੀ ਜਾਤ ਦਾ। ਉਹ ਪੂਰਨ ਬ੍ਰਹਮਗਿਆਨੀ ਸੀ। ਇਕ ਬ੍ਰਾਹਮਣ ਦਾ ਲੜਕਾ ਮਰ ਗਿਆ। ਉਹਨੇ ਲਿਆ ਕੇ ਲੜਕਾ ਸ੍ਰੀ ਰਾਮ ਚੰਦਰ ਜੀ ਦੇ ਅੱਗੇ ਰਖ ਦਿਤਾ। ਕਹਿੰਦਾ, ਤੇਰੇ ਰਾਜ ਦੇ ਵਿਚ ਅਨਿਆਂ ਹੋ ਰਿਹੈ, ਗਲਤ ਗੱਲ ਹੋ ਰਹੀ ਹੈ ਤਾਂ ਮੇਰਾ ਲੜਕਾ ਮਰਿਆ ਹੈ। ਬ੍ਰਾਹਮਣ ਇਕੱਠੇ ਹੋ ਗਏ, ਸਾਰੇ ਪਿੱਛੇ ਪੈ ਗਏ। ਉਹ ਕਹਿਣ ਲੱਗੇ, ਦੱਸੋ ਤਾਂ ਸਹੀ ਕੀ ਅਨਿਆਂ ਹੋ ਰਿਹੈ। ਕਹਿਣ ਲੱਗੇ, ਸਤਿਲੁਜ ਦਰਿਆ ਦੇ ਕੰਢੇ ਇਕ ਛੋਟੀ ਜਾਤ ਦਾ ਰਿਸ਼ੀ ਹੈ, ਚੰਡਾਲ ਜਾਤੀ ਦਾ ਰਿਸ਼ੀ ਹੈ। ਉਹਦਾ ਨਾਉਂ ਹੈ ਸੁੰਭਕ। ਉਹ ਜਿੰਨੀ ਦੇਰ ਤਕ ਮਾਰਿਆ ਨਹੀਂ ਜਾਂਦਾ, ਓਨੀਂ ਦੇਰ ਤਕ ਅਮਨ ਨਹੀਂ ਹੋ ਸਕਦਾ। ਬੱਚੇ ਇਸੇ ਤਰ੍ਹਾਂ ਮਰਨਗੇ।

ਸ੍ਰੀ ਰਾਮ ਚੰਦਰ ਜੀ ਮਰਿਆਦਾ ਪੁਰਸ਼ੋਤਮ ਸੀ। ਉਹ ਭਗਤੀ ਵੀ ਸ੍ਰੀ ਰਾਮ ਚੰਦਰ ਜੀ ਦੀ ਕਰਿਆ ਕਰਦਾ ਸੀ। ਸ੍ਰੀ ਰਾਮ ਚੰਦਰ ਜੀ ਉਥੇ ਲੈ ਕੇ ਜਾਂਦੇ ਨੇ, ਜਿਸ ਵਕਤ ਕੋਲ ਪਹੁੰਚੇ ਤਾਂ ਲਛਮਣ ਜੀ ਤੇ ਨਾਲਦਿਆਂ ਸਾਰਿਆਂ ਨੂੰ ਕਹਿਣ ਲੱਗੇ, ਦੇਖੋ, ਕਿੰਨੀ ਸ਼ਾਂਤੀ ਆ ਗਈ, ਆਪਾਂ ਪਹੁੰਚ ਕਿਥੇ ਗਏ? ਆਪਣੇ ਆਪ ਮਨ ਪ੍ਰਭੂ ਦੇ ਚਰਨਾਂ ਵਿਚ ਜੁੜਦਾ ਜਾਂਦੈ। ਕਹਿੰਦੇ, ਹੇ ਰਾਮ ਜੀ! ਤੁਸੀਂ ਉਸੇ ਥਾਂ ਪਹੁੰਚ ਗਏ ਹੋਂ ਜਿਥੇ ਦੋਸ਼ ਹੈ। ਅੱਗੋਂ ਰਾਮ ਜੀ ਇਹੀ ਕਹੀ ਜਾਂਦੇ ਨੇ ਇਸ ਥਾਂ 'ਤੇ ਮੈਂ ਜਿਉਂ-ਜਿਉਂ ਅੱਗੇ ਜਾਂਦਾ ਹਾਂ, ਤਿਉਂ-ਤਿਉਂ ਮਨ ਵਿਚ ਪਿਆਰ ਦੀਆਂ ਲਹਿਰਾਂ ਉਠਦੀਆਂ ਜਾਂਦੀਆਂ ਨੇ। ਕੋਈ ਪਿਆਰ ਵਾਲਾ ਇਥੇ ਰਹਿੰਦੈ, ਕੋਈ ਬੰਦਗੀ ਵਾਲਾ ਇਥੇ ਰਹਿੰਦੈ। ਅਖੀਰ ਸੁੰਭਕ ਰਿਸ਼ੀ ਆ ਗਿਆ। ਕਹਿੰਦੇ, ਆਹੀ ਹੈ ਸੁੰਭਕ ਰਿਸ਼ੀ। ਇਹਨੂੰ ਤੁਹਾਨੂੰ ਆਪਣੇ ਆਪ ਤਲਵਾਰ ਦੇ ਨਾਲ ਮਾਰਨਾ ਪਵੇਗਾ। ਰਿਸ਼ੀ ਆ ਰਿਹੈ ਤੇ ਆ ਕੇ ਕਹਿੰਦੈ, ਮੇਰੇ ਰਾਮ! ਮੇਰੇ ਧੰਨਭਾਗ ਕਿ ਤੁਸੀਂ ਆ ਕੇ ਮੈਨੂੰ ਦਰਸ਼ਨ ਦਿਤੇ। ਕਿੱਡਾ ਮੈਂ ਭਾਗਾਂ ਵਾਲਾ ਹਾਂ ਕਿ ਜਿਹਨੂੰ ਸੁਰ ਨਰ ਮੁਨ ਜਨ ਸਾਰੇ ਹੀ ਚਾਹੁੰਦੇ ਨੇ ਤੇ ਉਹਨਾਂ ਨੂੰ ਤੁਸੀਂ ਆਪ ਆ ਕੇ ਦਰਸ਼ਨ ਦੇ ਦਿਤੇ। ਉਸ ਵੇਲੇ ਉਹ ਕਹਿੰਦੇ, ਤਿਆਰ ਹੋ ਜਾ। ਤੇਰਾ ਗਲ ਵੱਢਣੈ। ਉਹ ਸਾਮ੍ਹਣੇ ਆ ਜਾਂਦੈ। ਕਹਿੰਦਾ, ਮੇਰੇ ਵਰਗੇ ਭਾਗ ਕੀਹਦੇ ਨੇ ਜਿਹਦਾ ਸੀਸ ਸ੍ਰੀ ਰਾਮ ਜੀ ਦੇ ਚਰਨਾਂ 'ਚ ਭੇਟ ਹੋਵੇ। ਉਹਨੂੰ ਮਾਰ ਦਿਤਾ ਗਿਆ ਸੀ। ਇਸ ਕਰਕੇ ਕਿ ਅਛੂਤ ਉਸ ਵੇਲੇ ਭਗਤੀ ਨਹੀਂ ਸੀ ਕਰ ਸਕਦਾ, ਛੋਟੀ ਜਾਤ ਦਾ। ਦੁਆਪਰ ਯੁੱਗ ਦੇ ਅਖੀਰ ਦੀ ਬਾਤ ਹੈ ਇਹ। ਗਲਤੀ ਇਹ ਹੋ ਗਈ ਕਿ ਉਸ ਦੀ ਮਨੌਤ ਹੋਣੀ ਸ਼ੁਰੂ ਹੋ ਗਈ। ਜਿਹੜਾ ਪਹਿਲਾ ਬਾਲਮੀਕ ਸੀ ਉਹ ਜਾਤੀ ਦਾ ਬ੍ਰਾਹਮਣ ਸੀ। ਉਹਨੇ ਬੜਾ ਤਪ ਕਰਿਆ ਸੀ, ਅਨੁਭਵੀ ਸੀ। ਤਪੀਆਂ, ਸਾਰੇ ਰਿਸ਼ੀਆਂ ਮੁਨੀਆਂ ਦਾ ਸ਼੍ਰੋਮਣੀ ਸੀ। ਉਹਨੇ ਬੈਠ ਕੇ ਲਵ ਤੇ ਕੁਸ਼ ਨੂੰ, ਆਪਣੇ ਅੰਦਰੋਂ ਪ੍ਰੇਰਨਾ ਦੇ ਕੇ ਯੁੱਧ ਕਰਾਇਆ ਸੀ। ਆਪ ਸਮਾਧੀ ਲਾਈ ਬੈਠਾ ਸੀ, ਉਥੇ ਯੁੱਧ ਕਰਾਇਆ ਸੀ। ਐਸਾ ਯੁੱਧ ਕਰਾਇਆ ਕਿ ਚਾਰੋਂ ਹੀ ਭਰਾ ਸ੍ਰੀ ਰਾਮ ਚੰਦਰ ਜੀ, ਲਛਮਣ, ਭਰਤ, ਸਭ ਮੂਰਛਤ ਕਰ ਦਿਤੇ ਇਹਨਾਂ ਬੱਚਿਆਂ ਨੇ। ਇਹਨਾਂ

ਨੇ ਸਵਰਗ ਤੋਂ ਅੰਮ੍ਰਿਤ ਦਾ ਘੜਾ ਲਿਆ ਕੇ ਉਹਨਾਂ ਉਤੇ ਛਿੜਕਿਆ ਤੇ ਕੁਛ ਧਰਤੀ 'ਚ ਦੱਬ ਦਿਤਾ। ਜਿਥੇ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਸਰੋਵਰ ਹੈ ਉਹਦੀ ਪੁਰਾਤਨ ਇਸੇ ਤਰ੍ਹਾਂ ਦੀ ਲਿਖੀ ਹੋਈ ਹੈ ਕਿ ਉਹ ਅੰਮ੍ਰਿਤ ਦਾ ਘੜਾ ਉਥੇ ਹੋਣ ਕਰਕੇ ਇਹਦਾ ਨਾਉਂ ਵੀ ਅੰਮ੍ਰਿਤ ਸਰੋਵਰ ਹੋਇਆ।

ਇਹ ਜਿਹੜਾ ਬਾਲਮੀਕ ਸੀ ਇਹਦਾ ਕੰਮ ਇਹੀ ਸੀਗਾ। ਕੁੱਤੇ ਮਾਰਨ ਵਾਲੀ ਜਾਤ 'ਚੋਂ ਸੀ। ਚੰਡਾਲ, ਸੁਪਚ ਜਿਹਨੂੰ ਕਹਿੰਦੇ ਸੀ। ਉਹ ਬੰਦੇ ਮਾਰਿਆ ਕਰਦਾ ਸੀ। ਅੱਜ ਵਾਹਿਗੁਰੂ ਦੀ ਪ੍ਰੇਰਨਾ ਦੇ ਨਾਲ ਪੂਰਨ ਮਹਾਤਮਾ ਆ ਗਏ ਤੇ ਜਿਸ ਵਕਤ ਇਹਨੇ ਦੇਖੇ ਕਿ ਇਹ ਤਾਂ ਪੰਜ-ਛੇ ਆਉਂਦੇ ਨੇ ਤੁਰੇ। ਉਸ ਵੇਲੇ ਕੁਹਾੜਾ ਮੋਢੇ 'ਤੇ ਰਖ ਲਿਆ ਕਿ ਅੱਜ ਤਾਂ ਕਾਫੀ ਮਾਲ ਮਿਲੇਗਾ। ਰੋਣਕਾਂ ਵਾਲੇ ਨੇ, ਚਿਹਰਿਆਂ ਦੇ ਉਤੇ ਨੂਰ ਹੈ, ਜ਼ਰੂਰ ਇਹਨਾਂ ਦੇ ਕੋਲ ਪੈਸਾ ਬੰਨ੍ਹਿਆ ਹੋਇਐ ਹੈ। ਨਹੀਂ ਤਾਂ ਆਦਮੀ ਦਾ ਚਿਹਰਾ ਹੀ ਨਹੀਂ ਚਮਕਦਾ ਜੇ ਪੈਸਾ ਨਾ ਹੋਵੇ। ਮੁਰਝਾਇਆ ਰਹਿੰਦੈ। ਜਿਸ ਵਕਤ ਆ ਗਿਆ, ਆ ਕੇ ਕਹਿਣ ਲੱਗਿਆ, ਠਹਿਰੋ! ਕਹਿੰਦੇ ਕੀ ਗੱਲ?

ਕਹਿੰਦਾ, ਮੈਂ ਬਾਲਮੀਕ ਹਾਂ। ਮੈਂ ਗੱਲ ਨਹੀਂ ਪੁਛਦਾ, ਪਹਿਲਾਂ ਮਾਰਦਾ ਹੁੰਦਾਂ ਫੇਰ ਮੈਂ ਅੱਗੇ ਗੱਲ ਕਰਦਾਂ। ਉਹ ਜੋ ਪੂਰਨ ਮਹਾਤਮਾ ਸੀ ਉਹਨਾਂ ਨੇ ਬਾਲਮੀਕ ਦੇ ਮਨ ਨੂੰ ਫੜ ਲਿਆ ਅੰਦਰੋਂ।

*ਪੂਰਾ ਸਤਿਗੁਰੂ ਭੇਟਿਆ*
*ਮਨ ਵਿਚਿ ਹੋਆ ਖਿੰਜੋ ਤਾੜਾ।* *ਭਾਈ ਗੁਰਦਾਸ ਜੀ।*

ਅੱਜ ਪਹਿਲੀ ਵਾਰ ਮਨ ਵਿਚ ਹੋਇਆ ਕਿ ਮਾਰਾਂ ਕਿ ਨਾ ਮਾਰਾਂ। ਉਹ ਮਾਰਨ ਨੂੰ ਉਤੋਂ ਤਾਂ ਚਾਹੁੰਦਾ ਹੈ ਲੇਕਿਨ ਅੰਦਰਲੇ ਪਾਸਿਓਂ ਜ਼ੋਰ ਨਹੀਂ ਚਲ ਰਿਹਾ।

*ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਜਾੜਾ।*
*ਭਾਈ ਗੁਰਦਾਸ ਜੀ*

ਹੱਥ ਨਹੀਂ ਚਲਦੇ, ਕੁਹਾੜਾ ਉਭਾਰ ਲਿਆ, ਤਿਆਰ ਹੋ ਗਿਆ -

*ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੋਹਾੜਾ।*
*ਭਾਈ ਗੁਰਦਾਸ ਜੀ*

ਉਹ ਜੋਸ਼ ਹੀ ਨਹੀਂ ਹੈ ਅੰਦਰ। ਕੁਹਾੜਾ ਮੋਢੇ 'ਤੇ ਉਗਰੀ ਖੜ੍ਹੈ ਕਿ ਵੱਢ ਦੇਵਾਂ, ਪਰ ਹੱਥ ਨਹੀਂ ਚਲਦੇ ਅਗਾਂਹਾਂ ਨੂੰ।

ਪੂਰਨ ਮਹਾਤਮਾ ਪੂਰੀਆਂ ਸ਼ਕਤੀਆਂ ਵਾਲੇ ਹੋਇਆ ਕਰਦੇ ਨੇ।

*'ਚਲਦਾ..............।'*

*(ਪੰਨਾ 10 ਦੀ ਬਾਕੀ)*

*ਜਿਨੀ ਸਖੀਏ ਪ੍ਰਭੁ ਪਾਇਆ*

ਜਿਨ੍ਹਾਂ ਸੁਹਾਗਣਾਂ ਭੈਣਾਂ ਨੇ ਉਸ ਮਾਲਕ ਨੂੰ ਪਾ ਲਿਆ ਹੈ।

*ਹੰਉ ਤਿਨ ਕੈ ਸਦ ਬਲਿਹਾਰ॥*

ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ।

*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥*

ਮਇਆ ਦਾ ਅਰਥ ਹੈ ਕ੍ਰਿਪਾ। ਮੇਰੇ ਮਾਲਕ! ਤੁਸੀਂ ਕ੍ਰਿਪਾ ਕਰੋ। ਗੁਰੂ ਦਾ ਸ਼ਬਦ ਹੀ ਮੇਰੇ ਜ਼ਿੰਦਗੀ ਨੂੰ ਸਵਾਰ ਸਕਦਾ ਹੈ। ਕ੍ਰਿਪਾ ਕਰੋ ਮੈਨੂੰ ਸ਼ਬਦ ਨਾਲ ਜੋੜ ਦਿਉ। ਸਾਹਿਬ ਕਹਿੰਦੇ ਹਨ -

*ਸਾਵਣੁ ਤਿਨਾ ਸੁਹਾਗਣੀ*

ਉਹਨਾਂ ਗੁਰਮੁਖਾਂ ਲਈ, ਸੁਹਾਗਣਾਂ ਲਈ ਸਾਵਣ ਦਾ ਮਹੀਨਾ ਸੋਹਣਾ ਹੈ।

*ਜਿਨ ਰਾਮ ਨਾਮੁ ਉਰਿ ਹਾਰੁ॥*

ਜਿਸ ਨੇ ਹਿਰਦੇ ਵਿਚ ਵਾਹਿਗੁਰੂ ਦੇ ਨਾਮ ਨੂੰ ਹਾਰ ਬਣਾ ਕੇ ਪਾ ਲਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਕ੍ਰਿਪਾ ਕਰਨ, ਕਦੀ ਅਸੀਂ ਵੀ ਬਬੀਹੇ ਦੀ ਤਰ੍ਹਾਂ ਪੁਕਾਰੀਏ। ਫਿਰ ਪੁਕਾਰ ਸੁਣੀ ਜਾਵੇ ਤੇ ਉਥੋਂ ਆਵਾਜ਼ ਆਏ -

*ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥*

ਸੁਣ ਕੇ ਕਿਹਾ -

*ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥*
*ਅੰਗ - ੧੨੮੫*

ਕਈ ਵਾਰੀ ਅਸੀਂ ਕਹਿੰਦੇ ਹਾਂ ਕਿ ਪਿਆਰ ਕਰਨਾ ਹੈ, ਰੱਬ ਨੇ ਬੜੀਆਂ ਦਾਤਾਂ ਦਿਤੀਆਂ ਹਨ। ਸ੍ਰੀ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਮੰਨ ਲਉ, ਕੱਲ ਨੂੰ ਸੁੱਖ ਚਲਾ ਜਾਏ ਤਾਂ ਕੀ ਇਹ ਪ੍ਰੀਤ ਟੁੱਟ ਜਾਏਗੀ? ਸ੍ਰੀ ਗੁਰੂ ਨਾਨਕ ਸਾਹਿਬ ਕਹਿੰਦੇ ਹਨ, ਮੈਂ ਸੁਖ ਲੈ ਕੇ ਵੀ ਤੇਰੇ ਚਰਨ ਕਮਲਾਂ ਨੂੰ ਪਿਆਰ ਕਰਾਂ। ਸਾਹਿਬ ਕਹਿੰਦੇ ਹਨ, ਤੇਰੇ ਮੇਰੇ ਪਿਆਰ ਦੀ ਖੇਡ ਸਿਰਫ ਸੁੱਖ ਨਾਲ ਨਹੀਂ। ਜੇ ਮੇਰੇ ਸਰੀਰ ਨੂੰ ਰੋਗ ਲੱਗ ਜਾਏ ਤੇ ਉਸ ਦਾ ਕੋਈ ਇਲਾਜ ਨਾ ਮਿਲੇ ਤਾਂ ਵੀ ਮੈਂ ਤੇਰੇ ਚਰਨਾਂ ਨਾਲ ਪਿਆਰ ਕਰਾਂਗਾ। ਕਹਿੰਦੇ ਹਨ, ਮੇਰੀ ਅਤੇ ਉਸ ਦੀ ਉਦੋਂ ਦੀ ਪ੍ਰੀਤ ਹੈ, ਜਦੋਂ ਆਸਮਾਨ ਤੇ ਧਰਤੀ ਵੀ ਬਣੇ ਨਹੀਂ ਸਨ।

ਗੁਰਮੁਖੋ! ਸਾਡੇ ਅੰਦਰ ਵੀ ਗੁਰੂ ਨੂੰ ਇਹੋ ਜਿਹਾ ਪਿਆਰ ਕਰਨ ਦੀ ਤੜਪ ਉਠੇ। ਅਸੀਂ ਵੀ ਗੁਰੂ ਦੇ ਚਰਨਾਂ ਨਾਲ ਜੁੜੀਏ। ਇੰਨੀਆਂ ਬੇਨਤੀਆਂ ਪ੍ਰਵਾਨ ਕਰਨੀਆਂ। ਹੋਈਆਂ ਬੇਅੰਤ ਭੁੱਲਾਂ ਦੀ ਖਿਮਾ।

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-23)*

ਗੁਰੂ ਤੇ ਪ੍ਰਮੇਸ਼ਰ ਨੂੰ ਦੋ ਅੱਡ-ਅੱਡ ਹਸਤੀਆਂ ਨਾ ਜਾਣੋ। ਗੁਰੂ ਪੂਰਨ ਰੂਪ ਵਿਚ ਅਕਾਲ ਪੁਰਖ ਦਾ ਸਾਕਾਰ ਸਰਗੁਨ ਸਰੂਪ ਹੋਇਆ ਕਰਦਾ ਹੈ -

***ਬੀਸ ਬਿਸੁਏ ਜਾ ਮਨ ਠਹਰਾਨੇ॥***
***ਗੁਰ ਪਾਰਬ੍ਰਹਮ ਏਕੈ ਹੀ ਜਾਨੇ॥***
***ਅੰਗ - ੮੮੭***

***ਗੁਰ ਚਰਨੀ ਜਾ ਕਾ ਮਨੁ ਲਾਗਾ॥***
***ਨਾਨਕ ਦਾਸ ਤਿਸੁ ਪੂਰਨ ਭਾਗਾ॥***
***ਅੰਗ - ੮੭੯***

***ਸਤਿਗਰ ਜੇਵਡੁ ਅਵਰੁ ਨ ਕੋਇ।।***
***ਗੁਰੁ ਪਾਰਬ੍ਰਹਮ ਪਰਮੇਸਰੁ ਸੋਇ॥***
***ਜਨਮ ਮਰਣ ਦੂਖ ਤੇ ਰਾਖੈ॥***
***ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ॥***
***ਗੁਰ ਕੀ ਮਹਿਮਾ ਕਥਨੁ ਨ ਜਾਇ॥***
***ਗੁਰੁ ਪਰਮੇਸਰੁ ਸਾਚੈ ਨਾਇ॥***
***ਅੰਗ - ੧੨੭੧***

***ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥***
***ਆਠ ਪਹਰ ਨਾਨਕ ਗੁਰ ਜਾਪਿ॥***
***ਅੰਗ - ੩੮੭***

ਗੁਰੂ ਉਪਰ ਪ੍ਰਮੇਸ਼ਰ ਰੂਪ ਵਿਚ ਸ਼ਰਧਾ ਰੱਖੇ ਅਤੇ ਪੂਰੀ ਤਰ੍ਹਾਂ ਨਾਲ ਉਨ੍ਹਾਂ ਦੀ ਸੇਵਾ ਵਿਚ ਆਪਣਾ ਸਮਾਂ ਬਤੀਤ ਕਰੇ।

ਗੁਰੂ ਅਮਰਦਾਸ ਜੀ ਦੀ ਸੇਵਾ ਸਾਰੇ ਸੰਸਾਰ ਲਈ ਚਾਨਣ ਮੁਨਾਰਾ ਹੈ। 72 ਸਾਲ ਦੀ ਆਯੂ ਤਕ ਗੁਰੂ ਦੀ ਖੋਜ ਵਿਚ ਰਹੇ ਅਤੇ ਜਦੋਂ ਸਮਰੱਥ ਗੁਰੂ ਦੀ ਪ੍ਰਾਪਤੀ ਹੋ ਗਈ ਤਾਂ ਉਨ੍ਹਾਂ ਦੀ ਸੇਵਾ ਵਿਚ ਦਿਨ ਰਾਤ ਇਕ ਕਰ ਦਿਤਾ। ਸੂਰਜ ਪ੍ਰਕਾਸ਼ ਵਿਚ ਉਨ੍ਹਾਂ ਦੀ ਸੇਵਾ ਦਾ ਵਰਣਨ ਬਹੁਤ ਵਿਸਥਾਰ ਵਿਚ ਲਿਖਿਆ ਹੋਇਆ ਹੈ ਜਿਸ ਦਾ ਵਿਚਾਰਨਾ ਅਸਾਡੇ ਲਈ ਬਹੁਤ ਅਵਸ਼ਕ ਹੈ। ਉਸ ਸਾਰੀ ਵਾਰਤਾ ਨੂੰ ਜਗਿਆਸੂ ਦੀ ਗਿਆਤ ਲਈ ਸੂਰਜ ਪ੍ਰਕਾਸ਼ ਦੇ ਅੱਖਰਾਂ ਵਿਚ ਦਰਜ ਕਰ ਰਹੇ ਹਾਂ -

***ਜਲ ਢੋਵਨ ਅਰ ਲਕਰੀ ਲਜਾਵਨੋ ਕਰਨ***
***ਬੀਜਨੋ ਪ੍ਰਭੁ ਸਿਮਰਨੋ॥***
***ਚਰਨ ਪਖਾਰਨਿ ਅੰਨਿ ਪਕਾਵਨਿ***
***ਇੱਤਯਾਦਿਕ ਜੇਤਿਕ ਹੈਂ ਆਨੋ॥***
***ਮਿਲਿ ਸਤਿਸੰਗ ਕਰਨ ਜੋ ਸੇਵਾ***
***ਅਧਿਕ ਤਪਨ ਫਲ ਹੋਹਿ ਮਹਾਨੋ॥***
***ਇਮਿ ਬੀਚਾਰ ਸ੍ਰੀ ਅਮਰ ਕਹਯੋ***
***ਉਰ ਆਨੌਂ ਨੀਰ ਆਪਨੇ ਪਾਨੋ॥***
***ਨਿਤਿ ਸਤਿ ਸੰਗਤਿ ਦੇਵਨਿ ਠਾਨੋਂ***
***ਅਰ ਸਤਿਗੁਰੁ ਤਨ ਕਰਹਿਂ ਸ਼ਨਾਨੋ॥੪॥***
***ਮਿਲਿ ਸਿੱਖਜਨ ਮਹਿ ਭਨਯੋਂ***
***ਸਭਿਨਿ ਕੋ ਜਲ ਕੀ ਸੇਵਾ ਦਿਹੁ ਮੁਝ ਦਾਨ॥***
***ਆਇਸੁ ਲੇ ਕਰਿ ਕਲਸ ਉਚਾਯਹੁ***
***ਸਰਿ ਧਰਿ ਲਯਾਵਤਿ ਹੈ ਤਿਸ ਥਾਨ॥***
***ਦੇਤਿ ਰਸੋਈ ਮਹਿਂ ਚਹਿ ਜੇਤਕਿ***
***ਸਿੱਖਜਨ ਕੋ ਕਰਵਾਵਹਿਂ ਪਾਂਨ॥***
***ਮਨ ਨੀਵੋਂ ਕਰਿ ਸਾਦਰ ਬੋਲਹਿ***
***ਨਹਿ ਡੋਲੈ ਬੁਧਿ ਕੋ ਦ੍ਰਿੜ ਠਾਂਨ॥੫॥***
***ਸ੍ਰੀ ਅੰਗਦ ਜਬ ਜਾਮਨੀ***
***ਜਾਗਹਿਂ ਮੱਜਹਿਂ ਥਿਤ ਤਿਸੁ ਕਾਲ॥***
***ਤਬਿ ਤੇ ਆਗੇ ਹੀ ਉਠਿ ਕਰਿ ਕੈ***
***ਜਲ ਆਨਹਿਂ ਭਰਿ ਕਲਸ ਬਿਸਾਲ॥***
***ਅਧਿਕ ਪ੍ਰੀਤਿ ਕਰਿ ਸੇਵਾ ਠਾਨਹਿ***
***ਨਹਿ ਅਕੁਲਾਵਹਿ ਬਲਹਿ ਸੰਭਾਲ॥***
***ਪ੍ਰਥਮ ਸ਼ਨਾਨਹਿਂ ਬਸਤ੍ਰ ਪਖਾਲਹਿਂ***
***ਪੁਨਹਿ ਸ਼ੁਸ਼ਕ ਕਰਬੇ ਹਿਤ ਡਾਲ॥ ੬॥***
***ਪੁਨ ਇਕੰਤ ਹੁਇ ਸਭਿ ਤੇ ਬੈਠਹਿ***
***ਕਹਹਿ ਨ ਸੁਨਹਿ ਬਚਨ ਕਿਸਿ ਨਾਲਿ॥***
***ਸਤਿਗੁਰੁ ਮੂਰਤਿ ਰਿਦੈ ਸਮਾਲਹਿਂ***
***ਅਪਰ ਮਨੋਰਥ ਸਭ ਕੋ ਟਾਲਿ॥***
***ਨਿਜ ਕੁਲ ਕੋ ਨਿਜ ਗ੍ਰਿਹ ਕੋ***
***ਤਜਿ ਕਰ ਕਰਿ ਨਹੀਂ ਜਾਇ***
***ਪੁਨ ਕੀਨ ਸੰਭਾਲਿ।***
***ਨਰ ਉਪਹਾਸ ਕਰਨਿ ਸਭਿ ਲਾਗੇ***
***ਬ੍ਰਿੱਧ ਹੋਇ ਕਿਆ ਕੀਨੀ ਢਾਲਿ॥ ੭॥***
***ਸੰਬਤ ਗਯੋ ਬੀਤ ਜਬਿ ਇਸ ਬਿਧਿ***
***ਜੀਰਣ ਬਸਤ੍ਰ ਧਰੇ ਤਨੁ ਮਾਂਹਿ।***
***ਸ੍ਰੀ ਅੰਗਦ ਸੇਵਾ ਕੇ ਤਤਪਰ***
***ਅਪਰ ਮਨੋਰਥ ਹੋਹਿ ਨ ਕਾਹਿ।***
***ਖਾਨ ਪਾਨ ਨਿਰਬਾਹ ਦੇਹ ਹਿਤ***
***ਛੁਧਾ ਪਿਪਾਸਾ ਬਹੁ ਬਿਰਧਾਹਿ।***

*ਤਬ ਕੁਛ ਕਰਹਿ ਪਹਿਰਬੇ ਪਟ ਕੀ*
*ਸੁਧ ਬੁਧਿ ਕੌਨ ਕਰਹਿ ਹੁਇ ਨਾਹਿ॥ ੮॥*
*ਏਕ ਬਰਖ ਬੀਤਯੋ ਪਿਖ ਸਤਿਗੁਰ*
*ਗਜ ਡੇਢਕ ਤਬ ਦੀਨ ਰੁਮਾਲ।*
*ਸੋ ਲੇਕਰਿ ਨਿਜ ਸੀਸ ਚਢਾਯੋ*
*ਦ੍ਰਿਢ ਕਰਿ ਬਾਧਯੋ ਰਸਰੀ ਨਾਲ।*
*ਬਹੁਤ ਉਤਾਰਨਿ ਕੋ ਨਹਿ ਕੀਨਸਿ*
*ਲਖ ਕਰਿ ਗੁਰੁ ਪ੍ਰਸਾਦਿ ਬਿਸਾਲ।*
*ਸੇਵਾ ਕਰਹਿ ਤਿਸੀ ਬਿਧਿ ਨਿਸਦਿਨ*
*ਜਲ ਆਨਹਿ ਚਹੀਅਹਿ ਜਿਸ ਕਾਲ॥੯॥*
*ਬਰਖ ਬਹੱਤਰ ਭਈ ਆਰਬਲ*
*ਤਬਿ ਆਏ ਸਤਿਗੁਰ ਕੇ ਪਾਸਿ।*
*ਨਿਰਬਲ ਸਰੀਰ ਜਰਜਰੀ ਭੂਤ ਸੁ*
*ਤਊ ਸੇਵ ਕੋ ਧਰਹਿਂ ਹੁਲਾਸਿ।*
*ਆਲਸ ਤਜਾਗ ਕਰਤਿ ਉਦਯੋਗਹਿ*
*ਕਲਸ ਉਠਾਇ ਲਜਾਇ ਜਲ ਰਾਸਿ।*
*ਨਿਜ ਤਨ ਕੀ ਅਰ ਘਰ ਕੁਟੰਬ ਕੀ*
*ਸੁਧਿ ਭੂਲੀ ਕਰਿ ਗੁਰ ਨਿਰਜਾਸਿ॥ ੧੦॥*
*ਬਰਖ ਇਕਾਦਸ ਸੇਵਾ ਕੀਨਸਿ*
*ਦਿਏ ਰੁਮਾਲ ਇਕਾਦਸ ਪਾਨਿ।*
*ਸੋ ਸਗਰੇ ਸਿਰ ਪਰ ਕਰਿ ਬਾਂਧਨਿ*
*ਰਸਰੀ ਸੰਗ ਸੁ ਦ੍ਰਿੜਤਾ ਠਾਨਿ।*
*ਬਡੋ ਮੁਕਟ ਤਿਨ ਕੇ ਤਬ ਹੋਯਹੁ*
*ਦਿਨ ਪ੍ਰਤਿ ਭੀਗਹਿ ਨੀਰ ਮਹਾਨ।*
*ਬਹੁ ਪਿਪੀਲਕਾ ਬਾਸਾ ਕੀਨਸਿ*
*ਅਪਰ ਜੀਵ ਉਪਜੇ ਤਿਸ ਥਾਨ॥*
*ਜਬਿ ਕੇ ਦਏ ਸੀਸ ਪਰਿ ਬਾਂਧੇ*
*ਬਹੁਰ ਨ ਤਰੇ ਉਤਾਰਨਿ ਕੀਨ॥*
*ਕਰਤਿ ਰਹਤਿ ਦਿਨ ਪ੍ਰਤਿ ਦ੍ਰਿੜ*
*ਤਿਨ ਕੋ ਰੈਨ ਦਿਵਸ ਮਨ ਪ੍ਰੇਮ ਪ੍ਰਬੀਨਿ॥*
*ਅਪਰ ਬਾਸਨਾ ਰਹੀ ਨ ਕੋਊ*
*ਚਰਨ ਕਮਲ ਸਿਮਰਤਿ ਹੁਇ ਦੀਨਿ।*
*ਕਹਨਿ ਸੁਨਨਿ ਕਿਹ ਸੋਂ ਨ ਕਰਹਿ*
*ਕਹਿ ਇਕ ਸੇਵਾ ਕੇ ਤਤਪਰ ਭੀਨਿ।*
*ਬਰਖ ਦੁਆਦਸੋ ਸੇਵਤਿ ਆਯਹੁ*
*ਜੀਰਣ ਚੀਰ ਸ਼ਰੀਰ ਸੁ ਛਾਦਿ।*
*ਪਗ ਮਹਿ ਭਈ ਬਿਵਾਈ ਫੱਟ ਕਰਿ*
*ਖਾਨ ਪਾਨ ਕੋ ਚਹੈਂ ਨ ਸਾਦਿ।*
*ਜਲ ਸੋਂ ਭੀਜ ਰਾਖ ਤਿਸਿ ਬਿਧਿ ਕੇ*
*ਕਬ ਬੈਠਹਿਂ ਸੁਨਿ ਸ਼ਬਦ ਸੁ ਨਾਦਿ।*
*ਘਾਲੀ ਘਾਲ ਅਧਿਕ ਜਬ ਐਸੇ*
*ਦੇਖਤਿ ਸਿੱਖਯ ਹੋਹਿਂ ਬਿਸਮਾਦਿ।*
*ਮਧਰੋ ਡੀਲ ਸ਼ਰੀਰ ਅਲਪਾਇਨ*
*ਬਹੁਰ ਬ੍ਰਿੱਧ ਬਲ ਨਹਿਂ ਜਿਨ ਮਾਂਹਿ।*
*ਸ੍ਵੇਤ ਕੇਸ ਤਿਨ ਚਰਮ ਸਿਥਲ*
*ਬਹੁ ਸੇਵਾ ਸਭਿ ਤੇ ਅਧਿਕ ਕਰਾਹਿਂ।*
*ਚਰਨ ਅੰਗੂਠਾ ਨਿਸ ਮੁਖ ਰਾਖਤ*
*ਨਹਿਂ ਸੋਵਤ ਕਬਹੂੰ ਚਿਤ ਚਾਹਿ।*
*ਜਾਮ ਜਾਮਨੀ ਤੇ ਜਲ ਆਨਹਿ*
*ਗੁਰੂ ਸਨਾਨਹਿਂ ਪ੍ਰੇਮ ਉਮਾਹਿ।*
*ਸੀਤ ਉਸਨ ਬਰਖਾ ਬਡ ਹੋਵਤਿ*
*ਸੇਵਹਿ ਇਕ ਸਮ ਜਾਨਹਿ ਨਾਹਿ॥*
*ਤਪ ਬਿਸਾਲ ਕਰ ਘਾਲ ਸੁ ਘਾਲਹਿ*
*ਧੰਨ ਜਨਮ ਕਰ ਲੀਨਿ ਉਪਹਿਂ।*
*ਤੱਦਪਿ ਰੁਖ ਨਹਿ ਗੁਰ ਕਛੁ ਕਰਿ ਹੈਂ*
*ਉਦਾਸੀਨ ਸੀ ਬ੍ਰਿਤੀ ਰਖਾਂਹਿ।*
*ਨਿਕਟਿ ਬਿਠਾਹਿ ਨ ਬੋਲਹਿ ਬੂਝਹਿ*
*ਅਗਮ ਗੁਰ ਗਤਿ ਲਖੀ ਨ ਜਾਹਿ।*

***ਸੂਰਜ ਪ੍ਰਕਾਸ਼, 16-17***

ਉਪਰਲੀ ਸਾਰੀ ਵਿਚਾਰ ਤੋਂ ਜੋ ਗੁਰਮਤਿ ਦੇ ਪ੍ਰਕਾਸ਼ ਵਿਚ ਕੀਤੀ ਗਈ ਹੈ, ਉਸ ਅਨੁਸਾਰ ਕੇਵਲ ਮੁਰਸ਼ਦ-ਏ-ਕਾਮਲ, ਸਮਰੱਥ ਗੁਰੂ ਹੀ ਜਗਿਆਸੂ ਨੂੰ ਪਾਰ ਲਗਾ ਸਕਦਾ ਹੈ। ਕੱਚਾ ਗੁਰੂ, ਪਖੰਡੀ ਗੁਰੂ ਅਨੇਕਾਂ ਕਿਸਮ ਦੇ ਜਾਲ ਵਿਛਾਉਂਦਾ ਹੈ। ਉਹ ਆਪ ਭਟਕਿਆ ਹੋਇਆ ਹੁੰਦਾ ਹੈ, ਪਿਛੇ ਲੱਗਣ ਵਾਲਿਆਂ ਨੂੰ, ਜੇ ਆਪ ਖੱਡੇ ਵਿਚ ਗਿਰਿਆ ਹੈ ਤਾਂ ਉਨ੍ਹਾਂ ਡੂੰਘੇ ਖਾਤੇ ਵਿਚ ਸੁੱਟ ਦਿੰਦਾ ਹੈ।

ਸੰਮਤ 1900 ਦੇ ਸ਼ੁਰੂ ਵਿਚ ਰੋਪੜ ਦੇ ਇਲਾਕੇ ਵਿਚ ਕਿਸੇ ਪਿੰਡ ਦਾ ਪ੍ਰੇਮੀ ਇਕੋ ਗੱਲ ਕਹਿੰਦਾ ਪਿੰਡਾਂ ਵਿਚ ਘੁੰਮੀ ਜਾਂਦਾ ਸੀ। ਉਹ ਕਿਹਾ ਕਰਦਾ ਸੀ 'ਆ ਗਈ, ਆ ਗਈ, ਆ ਗਈ'। ਉਸ ਦੀ ਗੱਲ ਕਿਸੇ ਨੂੰ ਵੀ ਸਮਝ ਨਹੀਂ ਸੀ ਪੈਂਦੀ। ਕੋਈ ਵੀ ਪੁਰਸ਼ ਉਸ ਦੇ 'ਆ ਗਈ' ਦੇ ਅਰਥ ਸਪਸ਼ਟ ਨਹੀਂ ਸੀ ਕਰਦਾ। ਕੁਝ ਸਮਾਂ ਲੰਘ ਗਿਆ ਤਾਂ ਪੰਜਾਬ ਵਿਚ ਇਕ ਬਿਮਾਰੀ ਫੈਲ ਗਈ - ਪਲੇਗ ਵਗੈਰਾ ਦੀ, ਪਿੰਡਾਂ ਦੇ ਪਿੰਡ ਖਾਲੀ ਹੋ ਗਏ। ਬਹੁਤ ਸਾਰੇ ਪਿੰਡ ਤਾਂ ਬਿਲਕੁਲ ਹੀ ਖਾਲੀ ਕਰ ਦਿਤੇ ਅਤੇ ਉਨ੍ਹਾਂ ਦੇ ਥੇਹ ਬਣ ਗਏ। ਹੁਣ ਇਸਦੀ 'ਆ ਗਈ' ਦਾ ਮਤਲਬ ਇਹ ਲਿਆ ਗਿਆ ਕਿ ਇਹ ਕਿੰਨੇ ਸਾਲ ਪਹਿਲਾਂ ਕਿਹਾ ਕਰਦਾ ਸੀ ਕਿ ਬਿਮਾਰੀ ਆ ਗਈ, ਪਲੇਗ ਆ ਗਈ। ਜਨਤਾ ਬਹੁਤ ਡਰੀ ਹੋਈ ਸੀ, ਉਹ ਵੀਚਾਰ ਤੋਂ ਸੁੰਨ ਸਨ। ਉਹ ਇਸ ਬੰਦੇ ਦੇ ਪਿਛੇ ਅੰਨ੍ਹੇਵਾਹ ਲਗ ਗਏ ਅਤੇ ਬੇਅੰਤ ਪਦਾਰਥ ਉਸਦੀ ਭੇਟਾ ਹੋਣ ਲੱਗੇ। ਜਦੋਂ ਇਸ ਖਚਰੇ ਬੰਦੇ ਪਾਸ ਬਹੁਤ ਧਨ ਆ ਗਿਆ ਤਾਂ ਇਸ ਨੇ ਗੁਰੂ ਦਸ਼ਮੇਸ਼ ਪਿਤਾ ਦਾ ਰੂਪ ਧਾਰਨ

ਕਰਕੇ ਪੰਜ ਪਿਆਰੇ ਆਪਣੇ ਆਲੇ ਦੁਆਲੇ ਖੜ੍ਹੇ ਕਰਨੇ ਸ਼ੁਰੂ ਕੀਤੇ। ਜਦੋਂ ਇਹ ਚੱਲੇ ਤਾਂ ਤਿੰਨ-ਚਾਰ ਸੌ ਸ਼ਸ਼ਤਰਧਾਰੀ ਬੰਦਾ ਨਾਲ ਚਲਿਆ ਕਰਦਾ ਸੀ। ਦਿਨੋ ਦਿਨ ਇਸ ਦਾ ਪ੍ਰਭਾਵ ਪੈਂਦਾ ਗਿਆ ਅਤੇ ਇਸ ਨੇ ਕੇਸਗੜ੍ਹ ਦੇ ਤਖਤ ਉਪਰ ਕਬਜ਼ਾ ਕਰਨ ਦੇ ਉਪਰਾਲੇ ਕੀਤੇ। ਅਨੰਦਪੁਰ ਸਾਹਿਬ ਟਿਕਾਣਾ ਕਰ ਲਿਆ। ਇਥੋਂ ਬੈਠ ਕੇ ਸਿੱਖ ਰਾਜਿਆਂ ਨੂੰ ਫੁਰਮਾਨ ਭੇਜਿਆ ਕਿ ਅਸੀਂ ਕੇਸਗੜ੍ਹ ਸਾਹਿਬ ਦੇ ਮਾਲਕ ਦੁਬਾਰਾ ਆ ਗਏ ਹਾਂ। ਅਸਾਡੀ ਹੁਣ ਮਨਸ਼ਾ ਹੋਈ ਹੈ ਕਿ ਅਸੀਂ ਤੁਹਾਡੇ ਰਾਜ ਘਰਾਣਿਆਂ ਨਾਲ ਸਬੰਧ ਜੋੜੀਏ, ਇਸ ਕਰਕੇ ਅਸੀਂ ਇਸ ਫੁਰਮਾਨ ਰਾਹੀਂ ਤੁਹਾਨੂੰ ਦਸਦੇ ਹਾਂ ਕਿ ਤੁਸੀਂ ਆਪਣੀ ਇਕ-ਇਕ ਲੜਕੀ ਦੀ ਸ਼ਾਦੀ ਮੇਰੇ ਨਾਲ ਕਰ ਦੇਵੋ ਤਾਂ ਕਿ ਜਿਹੜਾ ਕੰਮ ਮੈਂ ਛੱਡ ਗਿਆ ਸੀ ਉਹ ਹੁਣ ਪੂਰਾ ਕਰਾਂ। ਅੰਗਰੇਜ਼ ਤੋਂ ਰਾਜ ਖੋਹ ਲਵਾਂ। ਇਹ ਚਿੱਠੀਆਂ ਦੇ ਕੇ ਪੰਜ-ਪੰਜ ਸਿੰਘਾਂ ਨੂੰ ਰਾਜਿਆਂ ਵੱਲ ਤੋਰ ਦਿਤਾ। ਹੋਰ ਸਾਰੇ ਰਾਜੇ ਤਾਂ ਚੁੱਪ ਕਰ ਰਹੇ ਪਰ ਮਹਾਰਾਜਾ ਨਾਭਾ ਜਿਨ੍ਹਾਂ ਦਾ ਨਾਮ ਹੀਰਾ ਸਿੰਘ ਸੀ, ਬਹੁਤ ਸਿਆਣੇ ਸਨ। ਉਨ੍ਹਾਂ ਦੀ ਦੂਰ ਦ੍ਰਿਸ਼ਟੀ ਨੇ ਭਾਂਪ ਲਿਆ ਕਿ ਇਹ ਕੋਈ ਪਾਖੰਡੀ ਆਪਣੇ ਆਪ ਨੂੰ ਸਮਰੱਥ ਗੁਰੂ ਜਣਾ ਰਿਹਾ ਹੈ। ਉਨ੍ਹਾਂ ਨੇ ਇਸ ਦਾ ਪਾਖੰਡ ਉਘੇੜਨ ਵਾਸਤੇ ਆਪਣੇ ਅਹਿਲਕਾਰ ਨੂੰ ਇਕ ਪੱਤਰ ਦੇ ਕੇ ਭੇਜ ਦਿਤਾ। ਲਿਖਿਆ ਕਿ ਮਹਾਰਾਜ! ਅਸਾਡੇ ਤਾਂ ਬੜੇ ਧੰਨ ਭਾਗ ਹਨ ਕਿ ਅਸੀਂ ਤੁਹਾਡੇ ਨਾਲ ਰਿਸ਼ਤਾ ਜੋੜੀਏ ਪਰ ਅਸੀਂ ਬੇਨਤੀ ਕਰਦੇ ਹਾਂ ਕਿ ਸ਼ਗਨ ਦੀ ਰਸਮ ਆਪ ਨਾਭੇ ਪੁੱਜ ਕੇ ਹੀ ਕਰ ਲਵੋ। ਉਹ ਆਪਣੇ ਨਾਲ ਹਜ਼ਾਰ ਕੁ ਸ਼ਸ਼ਤਰਧਾਰੀ ਸਿੰਘ ਲੈ ਕੇ ਪੁਜਿਆ। ਉਸ ਦਾ ਉਤਾਰਾ ਬਾਗ ਵਿਚ ਕੀਤਾ ਗਿਆ। ਦੂਸਰੇ ਦਿਨ ਮਹਾਰਾਜਾ ਨਾਭਾ ਨੇ ਬੇਨਤੀ ਕਰ ਭੇਜੀ ਕਿ ਮਹਾਰਾਜ! ਮੈਂ ਤੁਹਾਡੇ ਨਾਲ ਮੁਲਾਕਾਤ ਕਰਕੇ ਸਾਰੀ ਗੱਲ ਤਹਿ ਕਰਨਾ ਚਾਹੁੰਦਾ ਹਾਂ, ਇਸ ਕਰਕੇ ਆਪ ਕ੍ਰਿਪਾ ਕਰਕੇ ਮੇਰੇ ਦਫਤਰ ਦੇ ਸਾਮ੍ਹਣੇ ਆ ਕੇ ਮਿਲੋ। ਜਦੋਂ ਇਹ ਮਹਾਰਾਜੇ ਦੇ ਦਫਤਰ ਦੇ ਸਾਮ੍ਹਣੇ ਗਿਆ ਤਾਂ ਚੋਬਦਾਰ ਨੇ ਇਕ ਕੁਰਸੀ ਉਪਰ ਇਸਨੂੰ ਬਿਠਾ ਦਿਤਾ, ਬਗੈਰ ਜਲ ਪਾਣੀ ਪੁਛਿਆਂ ਸਾਰਾ ਦਿਨ ਬੈਠਾ ਰਿਹਾ। ਸ਼ਾਮ ਨੂੰ ਮਹਾਰਾਜੇ ਨੇ ਅੰਦਰੋਂ ਹੀ ਕਹਾ ਭੇਜਿਆ ਕਿ ਅੱਜ ਮੈਨੂੰ ਫੁਰਸਤ ਨਹੀਂ, ਕੱਲ ਨੂੰ ਫੇਰ ਆਪ ਦਰਸ਼ਨ ਦੇਵੋ। ਦੂਜੇ ਦਿਨ ਵੀ ਕੱਲ੍ਹ ਵਾਂਗ ਹੀ ਇਸ ਨਾਲ ਹੋਈ। ਮਹਾਰਾਜ ਨੇ ਚੰਗੀ ਤਰ੍ਹਾਂ ਨਿਰਨਾ ਕਰ ਲਿਆ ਕਿ ਇਹ ਨਾ ਤਾਂ ਕੋਈ ਨਿਰਇੱਛਤ ਸਾਧੂ ਹੈ, ਨਾ ਕੋਈ ਗਿਆਨਵਾਨ ਗੁਰਸਿੱਖ ਹੈ। ਗੁਰੂ ਤਾਂ ਕੀ, ਗੁਰੂ ਦੇ ਪਰਛਾਵੇਂ ਦੀ ਇਸ ਤੀਕਰ ਪਹੁੰਚ ਨਹੀਂ ਹੈ। ਸੋ ਆਪ ਨੇ ਬਿਨਾਂ ਹੀ ਮੁਲਾਕਾਤ ਕੀਤਿਆਂ ਕਹਾ ਦਿਤਾ ਕਿ ਕੱਲ੍ਹ ਨੂੰ ਸ਼ਗਨ ਦਿਤਾ ਜਾਵੇਗਾ, ਆਪ ਪੂਰੀ ਤਰ੍ਹਾਂ ਤਿਆਰ ਰਹਿਣਾ। ਮਹਾਰਾਜਾ ਹੀਰਾ ਸਿੰਘ ਨੇ ਆਪਣੇ ਵਜ਼ੀਰ ਨੂੰ ਅਤੇ ਆਪਣੇ ਫੌਜੀ ਜਰਨੈਲ ਨੂੰ ਬੁਲਾ ਕੇ ਹਦਾਇਤਾਂ ਦੇ ਦਿਤੀਆਂ ਕਿ ਕਲ੍ਹ ਨੂੰ ਇਸ ਪਖੰਡੀ ਦੀ ਮੁਰੰਮਤ ਕਰਨੀ ਹੈ, ਪਰ ਡਰਾਮਾ ਪੂਰਾ ਕਰਨਾ ਹੈ। ਕਪੜਿਆਂ ਨਾਲ ਢੱਕ ਕੇ ਥਾਲ ਇਸ ਤਰ੍ਹਾਂ ਲੈ ਕੇ ਜਾਣੇ ਹਨ ਜਿਵੇਂ ਕਿ ਕੋਈ ਸ਼ਗਨ ਦੀਆਂ ਸੁਗਾਤਾਂ ਜਾ ਰਹੀਆਂ ਹੋਣ, ਬੈਂਡ ਵਾਜਾ ਵਜਦਾ ਜਾਵੇ। ਮੈਂ ਤੁਹਾਡੇ ਨਾਲ ਚਲਾਂਗਾ ਅਤੇ ਜਦੋਂ ਮੈਂ ਇਸ਼ਾਰਾ ਕਰਾਂ, ਉਸੇ ਵੇਲੇ ਉਸ ਦੇ ਸਾਥੀਆਂ ਉਪਰ ਪੂਰੀ ਤਰ੍ਹਾਂ ਨਾਲ ਲਾਠੀ ਚਾਰਜ ਸ਼ੁਰੂ ਹੋ ਜਾਵੇ। ਦੂਜੇ ਦਿਨ ਸ਼ਗਨ ਦੇ ਨਕਲੀ ਖਾਲੀ ਥਾਲ ਬੈਂਡ ਵਾਜੇ ਵਜਾ ਕੇ ਉਸ ਵਲ ਨੂੰ ਵਧ ਰਹੇ ਹਨ, ਮਹਾਰਾਜਾ ਨਾਲ ਹੈ। ਉਸ ਪਖੰਡੀ ਨੇ ਜਦੋਂ ਰਾਜੇ ਨੂੰ ਆਉਂਦਿਆਂ ਦੇਖਿਆ ਤਾਂ ਆਪਣਾ ਆਸਣ ਛੱਡ ਕੇ ਮਹਾਰਾਜਾ ਹੀਰਾ ਸਿੰਘ ਦੇ ਚਰਨਾਂ ਉਪਰ ਮੱਥਾ ਟੇਕਣ ਲੱਗਿਆ, ਉਸੇ ਵੇਲੇ ਮਹਾਰਾਜੇ ਨੇ ਨਿਰਣਾ ਕਰ ਲਿਆ ਕਿ ਨਾ ਤਾਂ ਇਹ ਕੋਈ ਸਾਧੂ ਹੈ, ਨਾ ਹੀ ਕੋਈ ਗਿਆਨਵਾਨ ਪੁਰਸ਼ ਹੈ ਇਹ ਤਾਂ ਕੋਈ ਮੂੜ੍ਹ-ਮਤ ਪਾਖੰਡੀ ਹੈ ਜਿਸ ਦਾ ਦਾਓ ਲਗ ਗਿਆ ਤੇ ਦੁਨੀਆਂ ਧੋਖੇ ਵਿਚ ਆ ਗਈ। ਮਹਾਰਾਜੇ ਨੇ ਇਸ਼ਾਰਾ ਕਰ ਦਿਤਾ। ਉਸੇ ਵੇਲੇ ਲਾਠੀ ਚਾਰਜ ਸ਼ੁਰੂ ਹੋ ਗਿਆ। ਇਸ ਦੇ ਪੰਜ ਪਿਆਰੇ ਅਤੇ ਅਨੇਕ ਸ਼ਸ਼ਤਰਧਾਰੀ ਆਪਣੇ ਸ਼ਸ਼ਤਰ ਛੱਡ ਕੇ ਜਿਧਰ ਮੂੰਹ ਹੋਇਆ ਭੱਜ ਗਏ। ਅਖੀਰ ਇਹ ਇਕੱਲਾ ਕਾਬੂ ਆ ਗਿਆ। ਬੇਅੰਤ ਜਨਤਾ ਇਸ ਡਰਾਮੇ ਨੂੰ ਦੇਖਣ ਵਾਸਤੇ ਇਕੱਠੀ ਹੋ ਗਈ। ਉਸ ਵੇਲੇ ਇਸ ਤੋਂ ਪੁਛਿਆ ਗਿਆ ਕਿ ਤੂੰ ਕੌਣ ਹੈਂ? ਤਾਂ ਇਸ ਨੇ ਆਪਣੇ ਪਿੰਡ ਦਾ ਸਾਰਾ ਪਤਾ ਦੇ ਕੇ ਆਖਿਆ ਕਿ ਮੈਂ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਧਾਰ ਕੇ ਸਾਰੇ ਪਖੰਡੀ ਕਰਮ ਕਰ ਰਿਹਾ ਸਾਂ, ਹੁਣ ਮੈਨੂੰ ਖਿਮਾ ਕੀਤਾ ਜਾਵੇ, ਅੱਜ ਤੋਂ ਬਾਦ ਮੈਂ ਕਦੇ ਭੁੱਲ ਕੇ ਵੀ ਅਜਿਹੇ ਸਾਂਗ ਨਹੀਂ ਉਤਾਰਾਂਗਾ। ਸੋ ਇਹ ਵਾਰਤਾ ਹੈ ਇਕ ਪਾਖੰਡੀ ਗੁਰੂ ਦੀ।

ਇਸੇ ਤਰ੍ਹਾਂ ਨਾਲ ਗੁਰੂ ਸਤਵੇਂ ਪਾਤਸ਼ਾਹ ਲਧਾਈ ਕੇ ਪਿੰਡ ਜ਼ਿਲਾ ਫਿਰੋਜ਼ਪੁਰ ਵਿਚ ਗਏ ਹੋਏ ਹਨ। ਉਥੇ ਆਪ ਘੋੜਿਆਂ ਤੋਂ ਉਤਰ ਕੇ ਕੁਝ ਦੇਰ ਲਈ ਠਹਿਰ ਗਏ। ਉਥੇ ਦੇਖਿਆ ਕਿ ਇਕ ਸੱਪ ਨੂੰ ਕੀੜੇ ਮਕੌੜੇ ਚਿੰਬੜੇ ਹੋਏ ਹਨ। ਉਸ ਦੇ ਸਰੀਰ ਨੂੰ ਕੀੜੇ ਚੂੰਡ-ਚੂੰਡ ਕੇ ਖਾ ਰਹੇ ਹਨ ਅਤੇ ਖੱਲੜੀ ਤੋਂ ਥਾਂ-ਥਾਂ ਤੋਂ ਖੂਨ ਸਿੰਮ ਰਿਹਾ ਹੈ। ਗੁਰੂ ਮਹਾਰਾਜ ਨੇ ਉਸ ਸੱਪ ਦੀ ਕਲਿਆਣ ਕਰਨ ਹਿਤ ਆਪਣਾ ਚਾਂਦੀ ਦੀ ਸਿਰੀ ਵਾਲਾ ਤੀਰ ਉਸਦੀ ਗਰਦਨ ਤੇ ਮਾਰਿਆ, ਉਹ ਵੱਡੀ ਸਰ੍ਹਾਲ ਮਰ ਗਈ। ਸਿੱਖਾਂ ਨੇ ਪੁਛਿਆ ਕਿ ਮਹਾਰਾਜ ਇਹ ਕੀ ਕੌਤਕ ਹੋਇਆ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਫੁਰਮਾਇਆ ਕਿ ਇਹ ਇਕ ਪਾਖੰਡੀ ਵਿਦਵਾਨ ਸੀ, ਆਪਣੇ ਆਪ ਨੂੰ ਗੁਰੂ ਸਿੱਧ ਕਰਦਾ ਸੀ। ਆਪਣੇ ਚੇਲਿਆਂ ਤੋਂ ਜ਼ਬਰਦਸਤੀ ਦਸਵੰਧ ਉਗਰਾਹੁੰਦਾ ਸੀ ਅਤੇ ਉਸ ਦੀ

ਵਰਤੋਂ ਆਪਣੇ ਨਿਜ ਲਈ ਕਰਦਾ ਸੀ। ਬੜਾ ਹੰਕਾਰੀ ਪੁਰਸ਼ ਸੀ, ਧਨ ਦੀ ਬਹੁਲਤਾ ਕਰਕੇ ਹਰ ਵਕਤ ਆਫਰਿਆ ਰਹਿੰਦਾ ਸੀ। ਲੋਕਾਂ ਨੂੰ ਬੈਰਾਗ ਤੇ ਭਗਤੀ ਦੇ, ਸ਼ੁਭ ਪ੍ਰਸੰਗ ਸੁਣਾਇਆ ਕਰਦਾ ਸੀ ਅਤੇ ਆਪ ਆਪਣੇ ਜੀਵਨ ਵਿਚ ਕੁਝ ਵੀ ਨਹੀਂ ਅਪਣਾਇਆ ਕਰਦਾ ਸੀ। ਪ੍ਰੇਮ ਤੋਂ ਖਾਲੀ ਸੀ। ਪ੍ਰਭੂ ਦੇ ਉਤੇ ਨਿਸ਼ਚਾ ਨਹੀਂ ਸੀ। ਲੋਕ ਇਸ ਦੇ ਚੇਲੇ ਇਸ ਦੀ ਵਿਦਵਤਾ ਦੇ ਕਾਰਨ ਬਣੀ ਗਏ, ਬੇਅੰਤ ਧਨ ਕਮਾ ਲਿਆ। ਦਿਨ ਰਾਤ ਮਾਇਆ ਵਲ ਧਿਆਨ ਰਹਿੰਦਾ ਸੀ। ਇਹ ਜਦੋਂ ਸਰੀਰ ਛੱਡਣ ਲੱਗਿਆ ਤਾਂ ਪ੍ਰਮੇਸ਼ਰ ਦੇ ਪਿਆਰ ਤੋਂ ਸੁੰਨਾ ਹੋਣ ਕਰਕੇ, ਮਾਇਆ ਦੇ ਪਿਆਰ ਵਿਚ ਜੀਵਨ ਕੱਟਣ ਕਰਕੇ ਮਾਇਆ ਦੇ ਧਿਆਨ ਵਿਚ ਚਲਿਆ ਗਿਆ ਅਤੇ ਸੱਪ ਦੀ ਜੂਨੀ ਵਿਚ ਪੈ ਗਿਆ ਜਿਵੇਂ ਕਿ ਫੁਰਮਾਨ ਹੈ –

***ਅੰਤਿ ਕਾਲਿ ਜੋ ਲਛਮੀ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ॥***
***ਸਰਪ ਜੋਨਿ ਵਲਿ ਵਲਿ ਅਉਤਰੈ॥***

***ਅੰਗ – ੫੨੬***

ਇਹ ਜਿਹੜੇ ਕੀੜੇ ਇਸ ਦੇ ਮਾਸ ਨੂੰ ਕੱਟ-ਕੱਟ ਕੇ ਖਾ ਰਹੇ ਹਨ, ਇਹ ਇਸ ਦੇ ਸੇਵਕ ਹਨ, ਇਹ ਲੇਖਾ ਮੰਗ ਰਹੇ ਹਨ। ਗੁਰੂ ਮਹਾਰਾਜ ਜੀ ਨੇ ਫੁਰਮਾਇਆ ਕਿ ਜੋ ਪਾਖੰਡ ਕਰਕੇ ਗੁਰੂ ਬਣਦਾ ਹੈ ਉਸਦਾ ਇਹੀ ਹਾਲ ਹੋਇਆ ਕਰਦਾ ਹੈ। ਗੁਰੂ ਮਹਾਰਾਜ ਨੇ ਉਪਦੇਸ਼ ਦਿੰਦਿਆਂ ਕਿਹਾ ਕਿ ਪੂਜਾ ਦਾ ਧਾਨ ਨਹੀਂ ਖਾਣਾ ਚਾਹੀਦਾ। ਧਰਮ ਦੀ ਕਿਰਤ ਕਰਕੇ ਹੀ ਖਾਣਾ ਤੇ ਖੁਆਉਣਾ ਚਾਹੀਦਾ ਹੈ। ਜਿਹੜੇ ਧਰਮ ਦੀ ਕਿਰਤ ਕਰਕੇ ਦਸਵੰਧ ਕੱਢ ਕੇ ਖਾਂਦੇ ਹਨ, ਗੁਰੂ ਦੀ ਕ੍ਰਿਪਾ ਨਾਲ ਉਨ੍ਹਾਂ ਦੇ ਵਿਘਨ ਦੂਰ ਹੁੰਦੇ ਹਨ।

***ਪੂਜਾ ਅੰਸ ਨਾ ਇਹੁ ਕਬਿ ਖਾਹੇ,***
***ਹੋਇ ਦੁਖਦ, ਕੋ ਬਨਹਿ ਸਹਾਇ।***
***ਬਹੁਤ ਬਿਸੂ ਰਹਿ ਜਮ ਬਸਿ ਪਾਇ,***
***ਧਰਮ ਕਿਰਤ ਕਰ ਸੰਤਨ ਸੇਵਹਿ।***
***ਤਸ ਕੋ ਮੈ ਸਭਿ ਥਾਨ ਸੁਹਾਇ॥***

ਸਮਰੱਥ ਗੁਰੂ, ਧੁਰ ਦਰਗਾਹ ਤੋਂ ਮਸਤਕ ਵਿਚ ਲਿਖੇ ਲੇਖਾਂ ਅਨੁਸਾਰ ਹੀ ਮਿਲਿਆ ਕਰਦਾ ਹੈ ਜਿਵੇਂ ਕਿ ਫੁਰਮਾਨ ਕੀਤਾ–

***ਜਿਨ ਮਸਤਕਿ ਧੁਰ ਹਰਿ ਲਿਖਿਆ***
***ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥***

***ਅੰਗ – ੪੫੦***

**ਗੁਰੂ ਉਪਰ ਭਰੋਸਾ** – ਗੁਰੂ ਨੂੰ ਪ੍ਰਮੇਸ਼ਰ ਰੂਪ ਜਾਣ ਕੇ ਭਰੋਸਾ ਕੀਤਾ ਜਾਵੇ ਤਾਂ ਜਗਿਆਸੂ ਦਾ ਭਲਾ ਹੋਇਆ ਕਰਦਾ ਹੈ।

ਇਕ ਵਾਰੀ ਗੁਰੂ ਅੰਗਦ ਪਾਤਸ਼ਾਹ ਸੰਗਤ ਵਿਚ ਬੈਠੇ ਸਨ। ਆਪ ਨੇ ਭਾਈ ਬਾਲਾ ਜੀ ਨੂੰ ਪੁਛਿਆ ਕਿ ਭਾਈ ਬਾਲਾ ਜੀ! ਆਪ ਗੁਰੂ ਨਾਨਕ ਪਾਤਸ਼ਾਹ ਨਾਲ ਨੌਵਾਂ ਖੰਡਾਂ, ਸੱਤਾਂ ਦੀਪਾਂ, ਜਿਥੋਂ ਤਕ ਧਰਤੀ ਹੈ, ਅਬਾਦੀ ਹੈ ਉਨ੍ਹਾਂ ਸਾਰਿਆਂ ਥਾਵਾਂ, ਜੰਗਲਾਂ, ਪਹਾੜਾਂ, ਸਮੁੰਦਰ ਵਿਚ ਨਾਲ ਰਹੇ ਹੋ ਅਤੇ ਆਪ ਨੇ ਸਾਰੇ ਕੌਤਕ ਵੇਖੇ ਹਨ; ਆਪ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਕੀ ਸਮਝਦੇ ਰਹੇ? ਤਾਂ ਭਾਈ ਬਾਲਾ ਜੀ ਨੇ ਬੜੀ ਨਿਮਰਤਾ ਨਾਲ ਹੱਥ ਜੋੜੇ ਅਤੇ ਉਤਰ ਦਿਤਾ ਕਿ ਪਾਤਸ਼ਾਹ! ਗੁਰੂ ਨਾਨਕ ਪਾਤਸ਼ਾਹ ਤਾਂ ਪੂਰਨ ਸੰਤ ਸਨ। ਮਹਾਰਾਜ ਜੀ ਨੇ ਕਿਹਾ, "ਅੱਛਾ ਭਾਈ! ਤੂੰ ਸੰਤ ਹੋਇਆ।" ਬਾਬਾ ਬੁੱਢਾ ਜੀ ਵੱਲ ਦੇਖ ਕੇ ਕਿਹਾ ਕਿ ਬਾਬਾ ਜੀ! ਆਪ ਨੇ ਵੀ ਗੁਰੂ ਨਾਨਕ ਪਾਤਸ਼ਾਹ ਦੇ ਬੇਅੰਤ ਕੌਤਕ ਦੇਖੇ ਹਨ ਅਤੇ ਬੇਅੰਤ ਬਚਨ ਸਰਵਣ ਕੀਤੇ। ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਉਨ੍ਹਾਂ ਉਪਰ ਆਪ ਦੀ ਕੀ ਭਾਵਨਾ ਸੀ? ਉਸ ਵੇਲੇ ਬਾਬਾ ਜੀ ਨੇ ਹੱਥ ਜੋੜੇ ਅਤੇ ਸੀਸ ਨਿਵਾਇਆ ਅਤੇ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ ਜੀ! ਗੁਰੂ ਨਾਨਕ ਜੀ ਤਾਂ ਪੂਰਨ ਬ੍ਰਹਮਗਿਆਨੀ ਸਨ। ਉਸ ਵੇਲੇ ਸਤਿਗੁਰੂ ਅੰਗਦ ਪਾਤਸ਼ਾਹ ਜੀ ਨੇ ਕਿਹਾ ਕਿ ਬਾਬਾ ਜੀ ਤੁਸੀਂ ਬ੍ਰਹਮਗਿਆਨੀ ਹੋਏ। ਇਸੇ ਤਰ੍ਹਾਂ ਨਾਲ ਭਾਈ ਮਨਸੁਖ, ਭਾਈ ਭਗੀਰਥ, ਭਾਈ ਸਧਾਰਣ ਅਤੇ ਅਜਿੱਤਾ ਰੰਧਾਵਾ ਵਰਗਿਆਂ ਨੂੰ ਇਹੀ ਪ੍ਰਸ਼ਨ ਪੁਛਿਆ। ਸਭ ਨੇ ਆਪਣੀ ਭਾਵਨਾ ਦੇ ਮੁਤਾਬਿਕ ਉਤਰ ਦਿਤਾ। ਇਸ ਉਪਰੰਤ ਸਾਰੇ ਗੁਰਸਿੱਖਾਂ ਨੇ ਗੁਰੂ ਅੰਗਦ ਪਾਤਸ਼ਾਹ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਆਪ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਕੀ ਸਮਝਦੇ ਰਹੇ? ਉਸ ਵੇਲੇ ਗੁਰੂ ਅੰਗਦ ਪਾਤਸ਼ਾਹ ਜੀ ਗੰਭੀਰ ਹੋ ਗਏ ਆਪ ਜੀ ਨੇ ਫੁਰਮਾਨ ਕੀਤਾ ਕਿ ਗੁਰੂ ਨਾਨਕ ਪਾਤਸ਼ਾਹ ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ ਆਪ ਹੀ ਗੁਰੂ ਰੂਪ ਹੋ ਕੇ ਸੰਸਾਰ ਦੇ ਉਧਾਰ ਹਿਤ ਇਸ ਸੰਸਾਰ ਵਿਚ ਪ੍ਰਗਟੇ ਸਨ। ਉਹ ਆਪ ਨਿਰੰਕਾਰ ਸਨ। ਐਨੇ ਬਚਨ ਸੁਣ ਕੇ ਸਾਰਿਆਂ ਨੇ ਸੀਸ ਨਿਵਾ ਦਿਤਾ ਅਤੇ ਕਿਹਾ ਕਿ ਸੱਚੇ ਪਾਤਸ਼ਾਹ! ਆਪ ਇਸੇ ਵਾਸਤੇ ਵਾਹਿਗੁਰੂ ਦਾ ਸਰੂਪ ਬਣ ਗਏ ਹੋ।

ਇਸ ਤਰ੍ਹਾਂ ਨਾਲ ਗੁਰੂ ਉਪਰ ਕਈ ਕਿਸਮ ਦੇ ਵਿਸ਼ਵਾਸ਼ ਹੋਇਆ ਕਰਦੇ ਹਨ। ਇਕਨਾਂ ਦਾ ਵਿਸ਼ਵਾਸ਼ ਹੁੰਦਾ ਹੈ ਕਿ ਮੇਰਾ ਗੁਰੂ ਚੰਗਾ ਸੰਤ ਹੈ, ਕੁਝ ਕੁ ਦਾ ਵਿਸ਼ਵਾਸ਼ ਹੁੰਦਾ ਹੈ ਕਿ ਮੇਰਾ ਗੁਰੂ ਸਭ ਸੰਤਾਂ ਨਾਲੋਂ ਚੰਗਾ ਸੰਤ ਹੈ, ਕੁਝ ਕੁ ਦਾ ਵਿਸ਼ਵਾਸ਼ ਹੋਇਆ ਕਰਦਾ ਹੈ ਕਿ ਮੇਰਾ ਗੁਰੂ ਪ੍ਰਮੇਸ਼ਰ ਵਰਗਾ ਹੈ ਅਤੇ ਵਿਰਲਿਆਂ ਦਾ ਵਿਸ਼ਵਾਸ਼ ਹੁੰਦਾ ਹੈ ਕਿ ਮੇਰਾ ਗੁਰੂ ਪ੍ਰਮੇਸ਼ਰ ਹੀ ਹੈ। ਜਿਸ ਤਰ੍ਹਾਂ ਕਿ ਫੁਰਮਾਨ ਹੈ –

***ਸਤਿਗੁਰੁ ਪੁਰਖ ਅਗੰਮੁ ਹੈ***
***ਜਿਸੁ ਅੰਦਰਿ ਹਰਿ ਉਰਿਧਾਰਿਆ॥***

*ਸਤਿਗੁਰੂ ਨੋ ਅਪੜਿ ਕੋਇ ਨ ਸਕਈ*
*ਜਿਸੁ ਵਲਿ ਸਿਰਜਣਹਾਰਿਆ॥*
*ਸਤਿਗੁਰੂ ਕਾ ਖੜਗੁ ਸੰਜੋਉ*
*ਹਰਿ ਭਗਤਿ ਹੈ*
*ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ॥*

*ਅੰਗ - ੩੧੨*

ਜਿਹੋ ਜਿਹਾ ਨਿਸ਼ਚਾ ਕੋਈ ਸਤਿਗੁਰੂ ਤੇ ਕਰਦਾ ਹੈ, ਉਹੋ ਜਿਹਾ ਹੀ ਫਲ ਉਸਨੂੰ ਪ੍ਰਾਪਤ ਹੁੰਦਾ ਹੈ।

*ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ*
*ਬੀਜੇ ਤੇਹਾ ਫਲੁ ਪਾਏ॥*
*ਗੁਰਸਿਖੀ ਅੰਮ੍ਰਿਤੁ ਬੀਜਿਆ*
*ਤਿਨ ਅੰਮ੍ਰਿਤ ਫਲੁ ਹਰਿ ਪਾਏ॥*

*ਅੰਗ - ੩੦੨*

ਗੁਰੂ ਦੀ ਮਹਿਮਾ ਬਾਰੇ ਫੁਰਮਾਨ ਹੈ -

*ਗੁਰੁ ਸਮਰਥੁ ਅਪਾਰੁ ਗੁਰੁ*
*ਵਡਭਾਗੀ ਦਰਸਨੁ ਹੋਇ॥*
*ਗੁਰੁ ਅਗੋਚਰੁ ਨਿਰਮਲਾ*
*ਗੁਰ ਜੇਵਡੁ ਅਵਰੁ ਨ ਕੋਇ॥*
*ਗੁਰੁ ਕਰਤਾ ਗੁਰੁ ਕਰਣਹਾਰੁ*
*ਗੁਰਮੁਖਿ ਸਚੀ ਸੋਇ॥*
*ਗੁਰ ਤੇ ਬਾਹਰਿ ਕਿਛੁ ਨਹੀ*
*ਗੁਰੁ ਕੀਤਾ ਲੋੜੇ ਸੁ ਹੋਇ॥*
*ਗੁਰੁ ਤੀਰਥੁ ਗੁਰੁ ਪਾਰਜਾਤੁ*
*ਗੁਰੁ ਮਨਸਾ ਪੂਰਣਹਾਰੁ॥*
*ਗੁਰੁ ਦਾਤਾ ਹਰਿ ਨਾਮੁ ਦੇਇ*
*ਉਧਰੈ ਸਭੁ ਸੰਸਾਰੁ॥*
*ਗੁਰੁ ਸਮਰਥੁ ਗੁਰੁ ਨਿਰੰਕਾਰੁ*
*ਗੁਰੁ ਊਚਾ ਅਗਮ ਅਪਾਰੁ।।*
*ਗੁਰ ਕੀ ਮਹਿਮਾ ਅਗਮ ਹੈ*
*ਕਿਆ ਕਥੇ ਕਥਨਹਾਰੁ॥ ਅੰਗ - 52*
*ਸਫਲ ਮੂਰਤਿ ਗੁਰਦੇਉ ਸੁਆਮੀ*
*ਸਰਬ ਕਲਾ ਭਰਪੂਰੇ॥*
*ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ*
*ਸਦਾ ਸਦਾ ਹਜੂਰੇ॥*

*ਅੰਗ - ੮੦੨*

ਇਕ ਥਾਂ ਹੋਰ ਫੁਰਮਾਨ ਆਇਆ ਹੈ -

*ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ*
*ਹਰਿ ਹਰਿ ਕਥਾ ਸੁਣਾਵੈ॥*
*ਤਿਸੁ ਗੁਰ ਕਉ*
*ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ*
*ਸਤਿ ਕਰਿ ਮੁਖਿ ਸੰਚਹੁ ॥*
*ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ॥*
*ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ*
*ਜੋ ਅੰਮ੍ਰਿਤ ਬਚਨ ਸੁਣਾਵੈ॥*

*ਅੰਗ - 1264*

*ਨਾਨਕ ਸੋਧੇ ਸਿੰਮ੍ਰਿਤਿ ਬੇਦ॥*
*ਪਾਰਬ੍ਰਹਮ ਗੁਰ ਨਾਹੀ ਭੇਦ॥*

*ਅੰਗ - 1142*

*ਸਤਿਗੁਰ ਜੇਵਡੁ ਅਵਰੁ ਨ ਕੋਇ॥*
*ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ॥*

*ਅੰਗ - 1271*

*ਗੁਰ ਕੀ ਮਹਿਮਾ ਕਿਆ ਕਹਾ*
*ਗੁਰੁ ਬਿਬੇਕ ਸਤ ਸਰੁ॥*
*ਓਹੁ ਆਦਿ ਜੁਗਾਦੀ*
*ਜੁਗਹ ਜੁਗੁ ਪੂਰਾ ਪਰਮੇਸਰੁ॥ ਅੰਗ - ੩੯੮*

ਸੋ ਇਸ ਤਰ੍ਹਾਂ ਨਾਲ ਗੁਰੂ ਉਪਰ ਜੋ ਵਿਸ਼ਵਾਸ਼ ਹੋਣਾ ਚਾਹੀਦਾ ਹੈ ਉਹ ਗੁਰੂ ਨੂੰ ਪ੍ਰਮੇਸ਼ਰ ਰੂਪ ਕਰਕੇ ਜਾਣੇ। ਜਿੱਡਾ ਉਚਾ, ਸੁੱਚਾ ਗੁਰਸਿੱਖ ਦਾ ਵਿਸ਼ਵਾਸ਼ ਹੋਵੇਗਾ, 'ਆਤਮ ਮਾਰਗ' ਤੇ ਉਹ ਗੁਰਸਿੱਖ ਹੁਕਮ ਵਿਚ ਰਹਿੰਦਾ ਹੋਇਆ ਆਪਣੀ ਮੰਜ਼ਿਲ ਤੇ ਸ਼ੀਘਰ ਪਹੁੰਚ ਸਕੇਗਾ।

*'ਚਲਦਾ....'।*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੁਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੁਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੁਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।

# ਜਿਸ ਨੋ ਬਖਸੇ ਸਿਫਤਿ ਸਾਲਾਹ
# ਨਾਨਕ ਪਾਤਿਸਾਹੀ ਪਾਤਿਸਾਹੁ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

***ਅੰਗ - 256***

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

***ਅੰਗ - 289***

*ਧਾਰਨਾ - ਵਾਹਿਗੁਰੂ ਮਹਿਮਾ ਨਾ ਤੇਰੀ ਵੇਦ ਜਾਣਦੇ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥ ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥ ੨ ॥*
*ਅਪਨੈ ਰੰਗਿ ਕਰਤਾ ਕੇਲ ॥*
*ਆਪਿ ਬਿਛੋਰੈ ਆਪੇ ਮੇਲ ॥*
*ਇਕਿ ਭਰਮੇ ਇਕਿ ਭਗਤੀ ਲਾਏ ॥*
*ਅਪਣਾ ਕੀਆ ਆਪਿ ਜਣਾਏ ॥ ੩ ॥*
*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥ ੪ ॥ ੨੫ ॥ ੩੬ ॥*

*ਅੰਗ- ੮੯੪*

ਸਾਧਸੰਗਤ ਜੀ! ਗੱਜ ਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਸਤਿਸੰਗ ਦੇ ਵਿਚ ਕੇਵਲ ਪਹੁੰਚਣ ਮਾਤਰ ਦਾ ਜੋ ਮਹਾਤਮ ਲਿਖਿਐ ਹੋਇਐ ਗ੍ਰੰਥਾਂ ਦੇ ਅੰਦਰ ਉਸ ਅਨੁਸਾਰ, ਜਿੰਨੇ ਕਦਮ ਕੋਈ ਚਲ ਕੇ ਆਉਂਦੈ ਸਤਿਸੰਗ ਵਲ, ਓਨਾਂ ਹੀ ਉਸ ਨੂੰ ਹਰ ਕਦਮ ਦਾ ਇਕ ਯੱਗ ਦਾ ਫਲ ਪ੍ਰਾਪਤ ਹੋਇਆ ਕਰਦੈ। ਪਿਛਲੀ ਵਾਰੀ ਵੀ ਮੈਂ ਵਿਚਾਰ ਕੀਤੀ ਸੀ ਕਿ ਮਨੁੱਖ ਦਾ ਜੋ ਜਨਮ ਹੈ ਇਹਨੂੰ ਐਵੇਂ ਨਾ ਸਮਝੋ ਸਾਧਸੰਗਤ ਜੀ। ਬਹੁਤ ਹੀ ਕੀਮਤੀ ਚੀਜ਼ ਆਹ ਜੀਵ ਆਤਮਾ ਦੇ ਹੱਥ ਵਿਚ ਆ ਗਈ। ਬਹੁਤ ਸਾਰੇ ਪ੍ਰੇਮੀ ਹੈਰਾਨ ਹੋਣਗੇ। ਜਿਹੜੇ ਨਵੇਂ ਪ੍ਰੇਮੀ ਆਏ ਨੇ, ਪੁਰਾਣੇ ਤਾਂ ਜਾਣਦੇ ਨੇ। ਕਿਉਂਕਿ ਇਹ ਸਤਿਸੰਗ ਹੁੰਦੇ ਨੂੰ ਅੱਜ ਗਿਆਰ੍ਹਾਂ ਸਾਲ ਤੋਂ ਉਤੇ ਸਮਾਂ ਹੋ ਗਿਆ, ਇਸੇ ਥਾਂ 'ਤੇ। ਤੀਰਥ ਬਣ ਚੁਕਿਐ ਇਹ। ਬਹੁਤ ਵੱਡੇ-ਵੱਡੇ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ, ਇਥੇ ਬੈਠ ਕੇ ਉਚਾਰੇ ਗਏ ਨੇ। ਪੰਜ ਸੌ ਤੋਂ ਉਤੇ ਫਿਲਮਾਂ ਇਸ ਥਾਂ 'ਤੇ ਬਣੀਆਂ। ਦੂਰ-ਦਰਾਜ, ਦੇਸ਼ਾਂ ਵਿਦੇਸ਼ਾਂ ਦੇ ਵਿਚ ਦੇਖੀਆਂ ਜਾ ਰਹੀਆਂ ਨੇ। ਜਦੋਂ ਸਾਡੇ ਦਿਨ ਹੁੰਦੈ, ਉਥੇ ਰਾਤ ਹੁੰਦੀ ਹੈ। ਉਹ ਦੇਖ ਰਹੇ ਹੁੰਦੇ ਨੇ। ਇਕ ਪ੍ਰੇਮੀ ਦਾ ਟੈਲੀਫੋਨ ਆਇਆ, ਉਸ ਨੇ ਆਪਣਾ ਪਰੀਚੈ ਦਿਤਾ ਕਿ ਮੈਂ ਫਲਾਣੀ ਥਾਂ ਤੋਂ ਬੋਲ ਰਿਹਾ ਹਾਂ। ਕਹਿਣ ਲੱਗਿਆ ਜੀ, ਤੁਹਾਡੀ ਸਤਿਸੰਗ ਦੀਆਂ ਫਿਲਮਾਂ ਦਾ ਜੋ ਪ੍ਰਭਾਵ ਸਾਡੇ ਉਤੇ ਪੈ ਗਿਆ, ਉਹਦਾ ਮੈਂ ਜ਼ਿਕਰ ਕਿਵੇਂ ਕਰਾਂ, ਮੇਰੇ ਤੋਂ ਕਰ ਨਹੀਂ ਹੁੰਦਾ। ਮੈਂ ਇਕੋ ਹੀ ਗੱਲ ਕਹਿੰਦਾ ਹਾਂ ਕਿ ਤੁਸੀਂ ਕਿਸੇ ਤਰ੍ਹਾਂ ਅਮਰੀਕਾ ਵਿਚ ਪਹੁੰਚ ਜਾਵੋ। ਮੇਰਾ ਜੀ ਕਰਦੈ ਕਿ ਤੁਸੀਂ ਧਰਤੀ 'ਤੇ ਪੈਰ ਨਾ ਧਰੋ, ਮੇਰੇ ਉਪਰ ਦੀ ਲੰਘੀ ਜਾਓ। ਮੇਰਾ ਸਰੀਰ ਐਨਾ ਲੰਮਾ ਹੋ ਜਾਏ ਕਿ ਤੁਸੀਂ ਉਤੇ ਦੀ ਤੁਰੀ ਜਾਵੋ। ਕਹਿੰਦਾ, ਮੈਨੂੰ ਦਸਣਾ ਨਹੀਂ ਆਉਂਦਾ, ਜੋ ਮੇਰੇ 'ਤੇ ਅਸਰ ਹੋਇਐ। ਰੋ ਰਿਹਾ ਸੀ ਮੈਂ, ਭੁਲਿਆ-ਭਟਕਿਆ ਪਿਆ ਸੀ। ਕਿੰਨੀ ਸ਼ਾਂਤੀ ਆ ਗਈ। ਸ਼ਰਾਬ ਛੱਡ ਦਿਤੀ, ਮਾਸ ਛੱਡ ਦਿਤਾ। ਨਿੰਦਿਆ, ਚੁਗਲੀ, ਈਰਖਾ, ਬਖੀਲੀ ਦੇ ਜਲੇ ਹੋਏ ਸੀਗੇ, ਕਹਿੰਦਾ, ਹੁਣ ਸ਼ਾਂਤੀ ਹੀ ਸ਼ਾਂਤੀ ਹੈ ਅੰਦਰ।

ਮੈਂ ਕਿਹਾ, ਮੈਗਜ਼ੀਨ ਨਹੀਂ ਆਉਂਦਾ ਤੁਹਾਡੇ। ਕਹਿੰਦਾ, ਉਹ ਤਾਂ ਮੈਂ ਦਸ ਹੀ ਨਹੀਂ ਸਕਦਾ। ਮੈਗਜ਼ੀਨ ਦਾ ਕਿੰਨਾ ਅਸਰ ਹੁੰਦੈ। ਕਹਿੰਦਾ, ਮੈਂ ਸਾਰੀ ਜ਼ਿੰਦਗੀ ਦਾ ਭਟਕਿਆ ਹੋਇਆ, ਤੁਹਾਡਾ ਲਿਖਿਆ ਪੜ੍ਹਿਆ, ਮੈਨੂੰ ਉਹ ਚੀਜ਼ ਐਸੀ ਲੱਭ ਗਈ ਮੈਂ ਡਰਦਾ ਮਾਰਿਆ ਦਸਦਾ ਨਹੀਂ ਕਿਸੇ ਨੂੰ ਕਿ ਮੇਰੇ ਕੋਲੋਂ ਖੁਸ ਨਾ ਜਾਵੇ। ਸੋ ਇਹ ਕੁਦਰਤੀ ਗੁਰੂ ਮਹਾਰਾਜ ਦੇ ਹੁਕਮ ਦੇ ਅੰਦਰ ਇਹ ਬਾਤਾਂ ਚਲ ਰਹੀਆਂ ਨੇ। ਸਵੇਰੇ-ਸਵੇਰੇ ਫੋਨ ਆਉਂਦੇ ਨੇ, ਕੁਛ 'ਆਤਮ ਮਾਰਗ' ਦੇ ਆਉਂਦੇ ਨੇ,

ਕੁਛ ਸਤਿਸੰਗ ਦੀਆਂ ਫਿਲਮਾਂ ਬਾਰੇ ਆਉਂਦੇ ਨੇ। ਨਾਲ ਇਹ ਕਹਿੰਦੇ ਨੇ ਕਿ ਅਸੀਂ ਤੁਹਾਨੂੰ ਜਾਣਦੇ ਨਹੀਂ ਹਾਂ ਪਰ ਸਾਡਾ ਪਿਆਰ ਐਨਾ ਪੈ ਗਿਆ, ਫਿਲਮਾਂ ਦੇਖ ਕੇ ਕਿ ਤੁਸੀਂ ਜ਼ਰੂਰ ਆਵੋ। ਉਹ ਸਾਰੀਆਂ ਇਥੇ ਤੁਹਾਡੀ ਵਿਚੀਂ ਬੈਠ ਕੇ ਤਿਆਰ ਹੋਈਆਂ ਨੇ। ਸੰਗਤਾਂ ਦੀ ਜਾਣ-ਪਛਾਣ ਵਧ ਚੁਕੀ ਹੈ। ਪਿੱਛੇ ਇਕ ਮਿਲਣ ਆਏ, ਕਹਿੰਦੇ ਜੀ ਅਡਰੈਸ ਹੈ ਨਹੀਂ, ਉਹ ਕਹਿੰਦਾ, ਐਡਰੈਸ ਤਾਂ ਮੈਂ ਦਸ ਦੇਵਾਂਗਾ ਤੁਹਾਨੂੰ। ਮੋਹਾਲੀ ਪੈਟਰੋਲ ਪੰਪ ਤੋਂ ਅੱਗੇ ਆ ਕੇ, ਜਿਥੇ ਟਰੱਕ ਯੂਨੀਅਨ ਹੈ। ਕਹਿਣ ਲੱਗਿਆ, ਗੱਡੀ ਰੋਕੋ। ਅਡਰੈਸ ਲੱਭ ਗਿਆ। ਉਥੇ ਗਏ, ਪ੍ਰੇਮੀ ਖੜ੍ਹਾ ਸੀ ਫਤਹਿ ਬੁਲਾਈ। ਕਹਿੰਦੇ, ਤੁਸੀਂ ਸਾਨੂੰ ਇਸ ਤਰ੍ਹਾਂ ਨਹੀਂ ਜਾਣਦੇ, ਪਰ ਅਸੀਂ ਤੁਹਾਨੂੰ ਜਾਣਦੇ ਹਾਂ, ਅਸੀਂ ਤੁਹਾਨੂੰ ਫਿਲਮਾਂ 'ਚ ਬੈਠੇ ਦੇਖਿਆ ਹੈ। ਸਾਨੂੰ ਇਹ ਦਸ ਕਿ ਉਹ ਕਿਥੇ ਕੁ ਬਣਦੀਆਂ ਨੇ, ਕਿਥੇ ਉਹ ਰਹਿੰਦੇ ਨੇ? ਜੇ ਸਾਨੂੰ ਨਾਲ ਲੈ ਚੱਲੋ, ਫੇਰ ਹੋਰ ਵੀ ਵਧੀਆ। ਤੁਹਾਨੂੰ ਅਸੀਂ ਦੇਖਦੇ ਹੀ ਰਹਿੰਦੇ ਹਾਂ ਕਿ ਤੁਸੀਂ ਇਥੇ ਬੈਠੇ ਹੁੰਦੇ ਹੋਂ, ਬਹੁਤ ਸਾਰੇ ਪ੍ਰੇਮੀਆਂ ਨੂੰ ਅਸੀਂ ਜਾਣ ਗਏ। ਨਾਉਂ ਨਹੀਂ ਜਾਣਦੇ, ਸ਼ਕਲਾਂ ਤੋਂ ਜਾਣਦੇ ਹਾਂ।

ਸੋ ਇਥੇ ਬੈਠ ਕੇ ਬਹੁਤ ਵਿਚਾਰਾਂ ਹੋਈਆਂ। ਵੱਡਾ ਕੰਮ ਹੋਇਐ। ਗੁਰੂ ਮਹਾਰਾਜ ਨੇ ਸਹਿਜ ਨਾਲ ਕਰਾ ਲਿਆ। ਜੇ ਮੈਂ ਮਿੱਥ ਕੇ ਕਰਦਾ, ਸ਼ਾਇਦ ਨਾ ਹੁੰਦਾ। ਇਰਾਦਾ ਮੇਰਾ 11 ਫਿਲਮਾਂ ਬਣਾਉਂਣ ਦਾ ਸੀ। 11 ਬਣਦੀਆਂ-ਬਣਦੀਆਂ 31 ਬਣ ਗਈਆਂ, 31 ਤੋਂ 61, ਫੇਰ 107 ਬਣ ਗਈਆਂ। ਕੈਮਰਾ ਲੈ ਲਿਆ ਆਪਣਾ, 550 ਦੇ ਕਰੀਬ ਪਹੁੰਚਣ ਵਾਲੀਆਂ ਹੋ ਗਈਆਂ। ਸੋ ਬਹੁਤ ਵੱਡੇ-ਵੱਡੇ ਸਿਧਾਂਤ ਇਹਦੇ ਵਿਚ ਵਿਚਾਰੇ ਗਏ। ਵਿਦਵਾਨਾਂ ਨੂੰ ਵੀ ਰਾਹ ਦਿਖਾਉਂਦੀਆਂ ਨੇ। ਸਾਧੂ ਸੰਤ ਵੀ ਪ੍ਰਸੰਸਾ ਕਰਦੇ ਨੇ। ਸੋ ਵਿਚਾਰ ਹੈ, ਵਿਚਾਰ ਹੁੰਦੀ ਜਾਂਦੀ ਹੈ। ਜੇ ਕਹੇ ਕਿ ਮੇਰੇ ਯਾਦ ਨਹੀਂ। ਯਾਦ ਕਰਨ ਦੀ ਲੋੜ ਨਹੀਂ ਹੋਇਆ ਕਰਦੀ, ਜੀਵਨ 'ਚ ਚੀਜ਼ ਰਚ ਜਾਇਆ ਕਰਦੀ ਹੈ। ਜੇ ਤੁਸੀਂ ਦਵਾਈ ਖਾ ਕੇ ਗੋਲੀ ਦਾ ਜਾਂ ਤਰਲ ਪਦਾਰਥ ਦਾ ਰੰਗ ਭੁੱਲ ਜਾਵੇ, ਸਵਾਦ ਭੁੱਲ ਜਾਵੇ, ਪਏ ਭੁੱਲ ਜਾਵੇ। ਲੇਕਿਨ ਉਹਦਾ ਅਸਰ ਸਰੀਰ ਵਿਚ ਹੋਣਾ ਸ਼ੁਰੂ ਹੋ ਗਿਆ। ਬਹੁਤ ਸਾਰੇ ਪ੍ਰੇਮੀ ਕਹਿੰਦੇ ਨੇ ਜੀ ਯਾਦ ਨਹੀਂ ਹੁੰਦਾ। ਮੈਂ ਕਿਹਾ, ਯਾਦ ਦੀ ਗੱਲ ਨਹੀਂ ਹੁੰਦੀ। ਲੋੜ ਹੀ ਇਸ ਗੱਲ ਦੀ ਹੁੰਦੀ ਹੈ ਕਿ ਸਰੀਰ 'ਚ ਉਹ ਉਪਦੇਸ਼ ਰਚਿਆ ਹੈ ਕਿ ਨਹੀਂ। ਸੋ ਇਹ ਸੰਗਤ ਕਾਫੀ ਵਿਲੱਖਣ ਹੋ ਗਈ। ਛੇਤੀ-ਛੇਤੀ, ਛੋਟੀਆਂ-ਛੋਟੀਆਂ ਗੱਲਾਂ ਇਹਨਾਂ ਨੂੰ ਚੰਗੀਆਂ ਨਹੀਂ ਲਗਦੀਆਂ। ਦਿਲ ਪਰਚਾਵੇ ਦੇ ਕੀਰਤਨ ਦੀਵਾਨ ਚੰਗੇ ਨਹੀਂ ਲਗਦੇ। ਉਠ ਕੇ ਆ ਜਾਂਦੇ ਨੇ ਕਿਉਂਕਿ ਆਦਤ ਪੈ ਗਈ ਉਚੀਆਂ ਗੱਲਾਂ ਸੁਣਨ ਦੀ।

ਸੋ ਪਿਛਲੀ ਵਾਰੀ ਬੇਨਤੀ ਕਰੀ ਸੀ ਕਿ ਪਿਆਰਿਓ! ਇਹ ਜਨਮ ਹੱਥ ਨਹੀਂ ਆਉਣਾ, ਲੰਘ ਗਿਆ ਸੋ ਲੰਘ ਗਿਆ। ਪੁੱਤਰ, ਧੀਆਂ, ਜਾਇਦਾਦਾਂ, ਸੁਪਨਾ ਬਣ ਜਾਂਦੀਆ ਨੇ ਜਾਣ ਤੋਂ ਬਾਅਦ। ਨਾ ਮੁੜ ਕੇ ਇਹ ਦਿਸਣ ਕਿਸੇ ਨੂੰ। ਸੋ ਇਸ ਕਰਕੇ ਜੋ ਸਮਾਂ ਮਹਾਰਾਜ ਜੀ ਨੇ ਆਪਾਂ ਨੂੰ ਆਪਣੀ ਮੌਜ ਦੇ ਨਾਲ ਬਖਸ਼ਿਆ ਹੈ, ਉਸਨੂੰ ਪੂਰਾ-ਪੂਰਾ ਸਫਲ ਕਰਨ ਵਾਸਤੇ ਚਿਤ ਬਿਰਤੀਆਂ ਇਕਾਗਰ ਕਰੋ ਤੇ ਗੱਲ ਨੂੰ ਸਮਝੋ। ਉਹਨੂੰ ਐਨਾ ਸਰਾਹੋ ਜਿਥੇ ਆਪਾਂ ਗੱਲ ਕਰਦੇ ਹਾਂ। ਮਹਾਰਾਜ ਜੀ ਇਸ ਤਰ੍ਹਾਂ ਫੁਰਮਾਉਂਦੇ ਨੇ, ਪੜ੍ਹੋ ਪਿਆਰ ਨਾਲ -

*ਧਾਰਨਾ - ਕੌਡੀ ਬਦਲੇ ਜਾਂਦੈ,*
*ਸਾਂਭ ਜਨਮ ਅਮੋਲ ਨੂੰ।*
*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ੧ ॥*

*ਅੰਗ- ੧੫੬*

ਕਿੱਡੀ ਵੱਡੀ ਅਵਾਜ਼ ਹੱਕ ਦੀ ਆ ਰਹੀ ਹੈ। ਬੋਲ ਕੌਣ ਰਿਹੈ, ਅਕਾਲ ਪੁਰਖ। ਗੁਰੂਆਂ ਦੇ ਰਾਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚੀਂ ਹੋ ਕੇ ਸੁਣਾ ਰਹੇ ਨੇ ਕਿ ਤੇਰਾ ਜਨਮ ਜਾ ਰਿਹੈ, ਸਾਂਭ ਲੈ। ਕਿਵੇਂ ਸਾਂਭੀਏ? ਕੋਈ ਤਰੀਕਾ ਹੈ?

ਮਹਾਂਪੁਰਸ਼ ਕਹਿੰਦੇ, ਪਿਆਰਿਆ! ਤੇਰਾ ਸਫ਼ਰ ਬੜਾ ਲੰਮਾ ਹੈ। ਪਹਿਲਾਂ ਜਿਹੜਾ ਤੂੰ ਸਫ਼ਰ ਕੱਟ ਕੇ ਆਇਆ ਹੈਂ ਦੁਨੀਆਂ ਦੇ ਅੰਦਰ ਕੋਈ ਐਸਾ ਬੰਦਾ ਨਹੀਂ ਹੈ, ਨਾ ਕੋਈ ਮਸ਼ੀਨ। ਕਿਉਂਕਿ infinity (ਬੇਅੰਤ) ਨੂੰ ਨਾਪਣ ਵਾਲਾ ਕੋਈ ਯੰਤਰ ਅੱਜ ਤਕ ਨਾ ਬਣਿਆ, ਨਾ ਕਿਸੇ ਮਨੁੱਖ ਦਾ ਅਨੁਭਵ ਬਣਿਐ। ਬੇਅੰਤ-ਬੇਅੰਤ ਹੀ ਹੈ। ਕਹਿੰਦੇ, ਨਹੀਂ ਜਾਣਦਾ ਤੂੰ ਕਿ ਕਦੋਂ ਤੋਂ ਸੰਸਾਰ 'ਚ ਆਇਐਂ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਨੇ ਮੈਨੂੰ ਪੁਛਿਆ, ਜਦ ਮੇਰਾ 16ਵਾਂ ਸਾਲ ਖਤਮ ਹੋ ਰਿਹਾ ਸੀ 17ਵੇਂ 'ਚ ਦਾਖਲ ਹੋ ਰਿਹਾ ਸੀ। ਪਹਿਲੀ ਹੀ ਮੁਲਾਕਾਤ 'ਚ ਕਹਿਣ ਲੱਗੇ ਕਿ ਤੂੰ ਕੌਣ ਹੈਂ? ਮੈਂ ਨਾ ਕਦੇ ਫਿਲਾਸਫੀ ਪੜ੍ਹੀ, ਨਾ ਕਦੇ ਗੱਲਾਂ ਸੁਣੀਆਂ। ਸਕੂਲ ਦੀ ਪੜ੍ਹਾਈ, ਉਹ ਪੜ੍ਹਾਈ ਹੀ ਐਨੀ ਹੁੰਦੀ ਹੈ ਕਿ ਆਲੇ-ਦੁਆਲੇ ਦੀ ਸੋਝੀ ਨਹੀਂ ਹੁੰਦੀ। ਨਾ ਘਰਵਾਲੇ ਕਿਤੇ ਜਾਣ ਦਿੰਦੇ ਨੇ ਛੋਟੀ ਉਮਰ 'ਚ। ਸਾਧੂਆਂ ਤੋਂ ਉਸ ਤਰ੍ਹਾਂ ਡਰਦੇ ਸੀ ਕਿ ਮੁੰਡਾ ਸਾਧ ਹੋ ਜਾਊਗਾ। ਸਵਾਲ ਆ ਗਿਆ, ਸੋਚ ਆ ਗਈ ਕਿ ਹੈਂ ਮੈਂ ਕੌਣ ਹਾਂ? ਪਿਛਲਾ ਜਨਮ ਦਸਦੇ ਹੁੰਦੇ ਸੀ ਕਿ ਆਹ ਸੀ, ਤੇਰਾ ਨਾਉਂ ਆਹ ਸੀ। ਉਸ ਤੋਂ ਅਗਲਾ, ਉਸ ਤੋਂ ਅਗਲਾ, ਅਖੀਰ ਤਿੰਨ ਮਿੰਟ ਮੈਨੂੰ ਲਗ ਗਏ ਦਸਣ ਵਾਸਤੇ। ਮਹਾਰਾਜ ਕਹਿੰਦੇ, ਦੱਸੋ? ਮੈਂ ਕਿਹਾ,

ਮਹਾਰਾਜ ਜੀ! ਦਸਣਾ ਨਹੀਂ ਆਉਂਦਾ। ਸੰਗਤ ਸਾਰੀ ਹੱਸ ਪਈ ਕਿ ਇਹਨੂੰ ਇਹ ਦਸਣਾ ਨਹੀਂ ਆਉਂਦਾ ਕਿ ਮੈਂ ਕੌਣ ਹਾਂ। ਕਹਿੰਦੇ, ਕਿਵੇਂ ਨਹੀਂ ਦਸਣਾ ਆਉਂਦਾ? ਮੈਂ ਕਿਹਾ, ਮਹਾਰਾਜ! ਜੇ ਤਾਂ ਦਰਵਾਜ਼ਾ ਖੜਕਾਉਂਦਾ ਤਾਂ ਮੈਂ ਆਪਣਾ ਨਾਉਂ ਬੋਲਣਾ ਸੀ, ਜਿਹੜਾ ਮੇਰੇ ਸਰੀਰ ਦਾ ਨਾਉਂ ਰਖਿਆ ਹੋਇਐ। ਇਹ ਮੈਂ ਨਹੀਂ ਹਾਂ, ਮੇਰੇ ਸਰੀਰ ਦਾ ਨਾਮ ਰਖਿਐ। ਸਰੀਰ ਜਿਹੜਾ ਹੈ ਇਹ ਮੈਂ ਨਹੀਂ ਹਾਂ, ਇਹ ਮੇਰਾ ਸਰੀਰ ਹੈ। ਜੇ ਮੈਂ ਪੰਗਤ 'ਚ ਬੈਠਾ ਹੁੰਦਾ ਤਾਂ ਜਾਤ ਦਸਦਾ, ਜੇ ਹਨ੍ਹੇਰਾ ਹੁੰਦਾ ਤਾਂ ਮੈਂ ਦਸਦਾ ਕਿ ਮੈਂ ਕੁੜੀ ਹਾਂ ਜਾਂ ਮੁੰਡਾ, ਹੁਣ ਮੈਂ ਤੁਹਾਡੇ ਸਾਮ੍ਹਣੇ ਖੜ੍ਹਾ ਹਾਂ, ਹੁਣ ਮੈਨੂੰ ਦਸਣਾ ਨਹੀਂ ਆਉਂਦਾ? ਮੈਂ ਕਿਹਾ, ਪਿੱਛੇ ਨੂੰ ਭਉਣੀ ਘੁੰਮਾ ਲਓ। ਬੜੀ ਸਪੀਡ ਦੇ ਨਾਲ ਅਖੀਰ 'ਤੇ ਪਹੁੰਚ ਜਾਓ ਕਿ ਕੋਈ ਨਾ ਕੋਈ ਤਾਂ ਸਮਾਂ ਸੀਗਾ ਹੀ ਜਿਸ ਦਿਨ ਮੇਰਾ ਵਜੂਦ ਕਾਇਮ ਹੋਇਆ। ਕੋਈ ਸਮਾਂ ਤਾਂ ਹੋਣਾ ਹੀ ਹੈ ਨਾ। ਵਾਹਿਗੁਰੂ ਜੀ ਤਾਂ –

*ਆਦਿ ਸਚੁ ਜੁਗਾਦਿ ਸਚੁ॥*
*ਹੈਭੀ ਸਚੁ ਨਾਨਕ ਹੋਸੀ ਭੀ ਸਚੁ॥*

ਇਹ ਤਾਂ ਗੱਲ ਹੀ ਖਤਮ ਹੋ ਗਈ ਉਹ ਤਾਂ ਹੈ ਹੀ ਆਪ। ਕਦੋਂ ਤੋਂ ਨੇ। ਕੋਈ ਦੁਨੀਆਂ 'ਚ ਪੈਦਾ ਹੀ ਨਹੀਂ ਹੋਇਆ ਜਿਹੜਾ ਕਹਿ ਦੇਵੇ ਕਿ ਵਾਹਿਗੁਰੂ ਇਸ ਤੋਂ ਪਹਿਲਾਂ ਹੈ ਨਹੀਂ ਸੀ, ਐਨਾ ਚਿਰ ਹੋ ਗਿਆ। ਇਸ ਤਰ੍ਹਾਂ ਦਸਣ ਵਾਲੇ ਤਾਂ ਸ਼ਾਇਦ ਦੁਨੀਆਂ 'ਚ ਆ ਜਾਣ ਜਿਹੜੇ ਕਹਿ ਦੇਣ ਕਿ ਵਾਹਿਗੁਰੂ ਜੀ ਪਹਿਲਾਂ ਨਿਰਾਕਾਰ ਸਮਾਧੀ ਵਿਚ ਸੀਗੇ, ਕੁਛ ਨਹੀਂ ਸੀ ਕਰਦੇ ਜਿਵੇਂ ਬੀਜ ਦੇ ਵਿਚ ਜਿੰਦ ਪਈ ਹੁੰਦੀ ਹੈ, ਕਣਕ ਦਾ ਦਾਣਾ ਹੈ ਉਹਦੇ ਵਿਚ ਜਿੰਦ ਸੁੱਤੀ ਪਈ ਹੈ, ਉਹਨੂੰ ਸਮਾਧੀ ਕਹਿ ਦਿਓ। ਸੌਣ ਦਾ 'ਤੇ ਸਮਾਧੀ ਦਾ ਫਰਕ ਹੁੰਦੈ। ਸੌਣਾ ਅਗਿਆਨੀ ਦੀ ਬੇਹੋਸ਼ੀ ਹੁੰਦੀ ਹੈ, ਸਮਾਧੀ ਜਿਹੜੀ ਹੁੰਦੀ ਹੈ, ਨਿਰੀ ਚੇਤਨ ਫੁਰਨੇ ਰਹਿਤ ਅਵਸਥਾ ਹੋਇਆ ਕਰਦੀ ਹੈ। ਕੋਈ ਫੁਰਨਾ ਨਹੀਂ ਆਉਂਦਾ। ਉਸ ਅਵਸਥਾ ਦੇ ਵਿਚ, ਪ੍ਰਮੇਸ਼ਰ ਜਿਹਨੂੰ ਨਿਰੰਕਾਰ, ਨਿਰਾਕਾਰ ਬੇਅੰਤ ਨਾਮ ਨੇ ਇਸ ਅਵਸਥਾ ਦੇ। ਉਸ ਤੋਂ ਬਾਅਦ ਜਦੋਂ ਆਪ ਨੇ ਏਕੰਕਾਰ ਦਾ ਰੂਪ ਧਾਰਿਆ। ਆਪੇ ਹੀ ਆਪਣੇ ਆਪ ਤੋਂ 'ਆਪੀਨੈ੍ ਆਪੁ ਸਾਜਿਓ' ਆਪਣੇ ਆਪ ਨੂੰ ਸਾਜਿਆ ਵਾਹਿਗੁਰੂ ਨੇ, ਕ੍ਰਿਆਸ਼ੀਲ ਕੀਤਾ। ਜਿਵੇਂ ਦਾਣਾ ਹੈ, ਦਾਣੇ ਦੇ ਵਿਚੋਂ ਜਿਸ ਵਕਤ ਕੋਂਪਲ ਨਿਕਲਦੀ ਹੈ, ਤੂਈ ਨਿਕਲਦੀ ਹੈ ਤਾਂ ਇਸ ਤਰ੍ਹਾਂ ਸਮਝ ਲਓ ਕਿ ਆਪਣਾ ਆਪ ਦਾਣੇ ਨੇ ਸੁਹਾਗਣਾ ਸ਼ੁਰੂ ਕਰ ਦਿਤਾ। ਉਸ ਤੋਂ ਪਹਿਲਾਂ ਇਹ ਨਹੀਂ ਸੀ ਪਤਾ ਕਿ ਇਹ ਜਿਹੜਾ ਬੀਜ ਹੈ, ਬਰੋਟੇ ਦਾ, ਬੋਹੜ ਦਾ ਬੀਜ ਨਿੱਕਾ ਜਿਹਾ ਖਸਖਸ ਦੇ ਦਾਣੇ ਤੋਂ ਵੀ ਛੋਟਾ ਹੁੰਦਾ ਹੈ, ਇਹਦੇ ਵਿਚ ਕੀ ਛੁਪਿਆ ਪਿਐ। ਕੋਈ ਨਹੀਂ ਜਾਣਦਾ। ਹੁਣ ਕਹਿੰਦੇ ਨੇ ਕਿ ਸ਼ਾਇਦ ਸਾਇੰਸ ਐਸੀ ਤਰੱਕੀ ਕਰ ਲਵੇ ਕਿ ਬੀਜ 'ਚੋਂ ਹੀ ਪਤਾ ਲਗ ਜਾਵੇ ਕਿ ਇਹ ਦਰੱਖਤ ਐਨਾ ਲੰਮਾ ਚੌੜਾ, ਟਾਹਣੇ ਇਧਰ ਨੂੰ ਨਿਕਲਣਗੇ, ਓਧਰ ਨੂੰ ਨਿਕਲਣਗੇ। ਹੋ ਸਕਦਾ ਹੈ, ਕਿਉਂਕਿ ਪਦਾਰਥ (matter) ਹੈ matter (ਪਦਾਰਥ) ਦੇ ਵਿਚ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ। ਨਾ-ਹੋਣ ਵਾਲੀ ਗੱਲ ਨਹੀਂ ਹੈ। ਪਰ ਵਾਹਿਗੁਰੂ ਦੇ ਵਿਚ ਜਾਣ ਵਾਲਾ ਕੋਈ ਯੰਤਰ ਨਹੀਂ, ਨਾ ਕਿਸੇ ਦੀ ਬੁੱਧੀ ਹੈ, ਬੁੱਧੀ ਤਾਂ ਬਹੁਤ ਹੀ ਛੋਟੀ ਬਣਾ ਦਿਤੀ ਵਾਹਿਗੁਰੂ ਜੀ ਨੇ। ਓਧਰ ਸੀਮਾ ਹੈ, ਬਹੁਤ ਨਿੱਕੀ ਜਿਹੀ। ਬਹੁਤੀ ਨਹੀਂ ਵੱਡੀ ਹੈਗੀ, ਇਹ ਆਲੇ-ਦੁਆਲੇ ਚੌਗਿਰਦੇ ਨੂੰ ਜਾਣਦੀ ਹੈ। ਇਹਨੂੰ ਨਹੀਂ ਪਤਾ ਕਿ ਆਹ ਜਿਹੜਾ ਖਲਾਅ ਹੈ, ਵਿਚਾਲੇ ਸੂਰਜ ਅਤੇ ਸਾਡੇ ਵਿਚਾਲੇ, ਨੌਂ ਕਰੋੜ ਮੀਲ ਦਾ ਗੈਪ ਪਿਐ। ਇਹਦੇ ਵਿਚ ਕਿੰਨੀਆਂ ਕੁ ਦੁਨੀਆਂ ਨੇ, ਕਿੰਨੀਆਂ ਕੁ ਚੀਜ਼ਾਂ ਨੇ, ਨਹੀਂ ਬੁੱਧੀ ਨੂੰ ਪਤਾ ਕਿਉਂਕਿ ਇਹਨੂੰ ਉਹ ਚੀਜ਼ ਦਿਤੀ ਹੀ ਨਹੀਂ ਜਿਹਦੇ ਨਾਲ ਇਹ ਉਹਨਾਂ ਚੀਜ਼ਾਂ ਨੂੰ ਦੇਖ ਲਵੇ। ਬੇਅੰਤ ਕਿਸਮ ਦੀ ਦੁਨੀਆਂ ਇਹਦੇ ਵਿਚ ਵਸਦੀ ਹੈ। ਕਿਹੋ ਜਿਹੇ ਰੂਪ ਨੇ, ਕਿਹੋ ਜਿਹੀ ਹਸਤੀ ਹੈ, ਕੀ ਬੋਲੀ ਹੈ, ਮਹਾਰਾਜ ਕਹਿੰਦੇ, ਇਹਦਾ ਕੋਈ ਹਿਸਾਬ-ਕਿਤਾਬ ਨਹੀਂ ਹੈ –

*ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥*
*ਅੰਗ - ੭*

ਨਾ ਬਾਣੀਆਂ ਦਾ ਅੰਤ ਹੈ, ਨਾ ਖਾਣੀਆਂ ਦਾ ਅੰਤ ਹੈ। ਸੋ ਕੋਈ ਨਹੀਂ ਜਾਣ ਸਕਦਾ ਇਸ ਚੀਜ਼ ਨੂੰ। ਪਰ ਜਦੋਂ ਉਹਨੇ ਸਾਜ ਲਿਆ ਨਾ, ਦਾਣੇ 'ਚੋਂ ਬੋਹੜ ਦੇ ਬੀਜ ਵਿਚੋਂ ਦੋ ਪੱਤੇ ਨਿਕਲੇ। ਇਹਨੂੰ ਇਸ ਤਰ੍ਹਾਂ ਸਮਝ ਲਓ ਕਿ ਉਹਨੇ ਸਾਜ ਲਿਆ ਆਪਣੇ ਆਪ ਨੂੰ। ਸਾਜ ਕੇ ਪਸਾਰਾ ਸ਼ੁਰੂ ਕਰ ਦਿਤਾ –

*ਪਾਰਬ੍ਰਹਮ ਕੇ ਸਗਲੇ ਠਾਉ ॥*
*ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥ ਅੰਗ- ੨੭੫*

ਜਿਹੜੀ-ਜਿਹੜੀ ਚੀਜ਼ ਉਹਦੇ 'ਚੋਂ ਪੈਦਾ ਹੋਣ ਲਗ ਗਈ, ਓਹੀ ਉਹਦਾ ਨਾਉਂ ਰਖ ਦਿਤਾ। ਹੈ ਸਾਰੀ ਇਕੋ ਆਤਮਾ 'ਚੋਂ ਪੈਦਾ ਹੋਈ। ਜੜ੍ਹ ਇਹਦੀ ਸਾਰੀ ਪ੍ਰਕ੍ਰਿਤੀ ਦੀ ਇਕ ਆਤਮਾ ਦੇ ਵਿਚ ਹੈ। ਇਸ ਕਰਕੇ ਹੀ ਹੈ। ਮਹਾਰਾਜ ਕਹਿੰਦੇ –

*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ ਅੰਗ- ੯੭*

ਬਾਹਰ ਹੈ ਹੀ ਨਹੀਂ ਕਿਉਂਕਿ ਪੈਦਾ ਇਕ ਤੋਂ ਹੁੰਦੇ ਨੇ, ਇਕ ਵਿਚ ਲੀਨ ਹੁੰਦੇ ਨੇ। ਵਿਚਾਲੇ-ਵਿਚਾਲੇ ਜਿਹੜੀਆਂ ਕਿਸਮਾਂ ਨੇ ਬੇਅੰਤ ਹੀ, ਉਹਨਾਂ ਦਾ ਓਹੋ ਜਿਹਾ ਹੀ ਨਾਉਂ ਰਖ ਦਿਤਾ –

*ਆਪੇ ਕਰਨ ਕਰਾਵਨ ਜੋਗੁ॥ ਅੰਗ - ੨੭੫*

ਕਰਨ ਵਾਲਾ ਤੇ ਕਰਾਉਣ ਵਾਲਾ ਆਪੇ ਹੀ ਹੈ, ਉਥੇ ਕਾਰਨ ਤੇ ਕਾਰਜ ਦੀ ਲੋੜ ਨਹੀਂ ਹੈਗੀ। ਆਪੇ ਹੀ ਕਾਰਨ ਪੈਦਾ ਕਰਦੈ, ਆਪੇ ਹੀ ਕਰਤਾ ਪੁਰਖ ਹੈ। ਉਸ ਤੋਂ ਬਾਅਦ ਸ਼ਕਲ ਬਣ ਗਈ, ਫੈਲਣਾ ਸ਼ੁਰੂ ਹੋ ਗਿਆ -

*ਪਸਰਿਓ ਆਪਿ ਹੋਇ ਅਨਤ ਤਰੰਗ ॥ ਅੰਗ- ੨੭੫*

ਅਰਬਾਂ-ਖਰਬਾਂ ਸ਼ਕਲਾਂ ਦੇ ਵਿਚ ਪ੍ਰਮੇਸ਼ਰ ਪ੍ਰਗਟ ਹੋ ਗਿਆ, ਫੈਲ ਗਿਆ। ਜਿਵੇਂ ਬੋਹੜ ਦਾ ਦਰਖਤ ਫੈਲਣਾ ਸ਼ੁਰੂ ਕਰਦੈ। ਕਿਥੇ ਤਾਂ ਖਸਖਸ ਜਿੱਡਾ ਦਾਣਾ ਹੈ, ਕਿਥੇ ਜਾ ਕੇ ਏਕੜਾਂ 'ਚ ਫੈਲ ਜਾਂਦੈ। ਜੇ ਇਹਨੂੰ ਸੰਭਾਲੀ ਜਾਓ ਚਾਹੇ 20 ਏਕੜ 'ਚ ਲੈ ਜਾਓ ਇਹਨੂੰ, ਲਾ-ਲਾ ਕੇ ਜੜ੍ਹਾਂ ਇਹਦੀਆਂ। ਵਧਦਾ ਹੀ ਚਲਿਆ ਜਾਏਗਾ। ਇਹ ਤਾਂ ਫੇਰ limit (ਸੀਮਾ) ਵਿਚ ਹੈ, ਲੇਕਿਨ ਵਾਹਿਗੁਰੂ ਜਦੋਂ ਪਸਰਿਆ ਹੈ ਇਹਦੀ ਕੋਈ limit (ਸੀਮਾ) ਨਹੀਂ, ਕੋਈ ਇਹਦਾ ਪਾਸਾ ਨਹੀਂ। ਕੋਈ ਕਹਿ ਨਹੀਂ ਸਕਦਾ। ਮੈਂ ਬੇਨਤੀ ਕਰਦਾ ਸੀ ਕਿ ਅਸੀਂ ਹੁਕਮ ਦੇ ਵਿਚ ਹੋਏ - 'ਹੁਕਮੀ ਹੋਵਨਿ ਜੀਅ', ਹੁਣ ਹੁਕਮ ਦੇ ਵਿਚ ਕਦ ਪੈਦਾ ਹੋਏ -

*ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥*
*ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥*
*ਅੰਗ- ੪*

ਸੋ ਮੈਂ ਕਿਹਾ, ਮਹਾਰਾਜ! ਮੈਨੂੰ ਨਹੀਂ ਪਤਾ ਲਗਦਾ। ਪਰ ਐਨਾ ਮੈਨੂੰ ਪਤਾ ਹੈ ਕਿ ਮੈਂ ਇਹ ਕਦੇ ਨਾ ਕਦੇ ਜ਼ਰੂਰ ਬਣਿਆ ਹਾਂ। ਉਹ ਬਣਨ ਤੋਂ ਪਹਿਲਾਂ ਮੈਂ ਨਹੀਂ ਸੀਗਾ। ਮਹਾਰਾਜ ਕਹਿੰਦੇ, ਬਸ ਠੀਕ ਹੈ, ਬਹਿ ਜਾ। ਬੈਠਾ ਰਿਹਾ। 45 ਮਿੰਟ ਲੰਘ ਗਏ, ਬਚਨ ਹੀ ਨਾ ਕਰਿਆ। ਮਹਾਰਾਜ ਨੇ ਨੇਤਰ ਬੰਦ ਕਰ ਲਏ। 45 ਮਿੰਟ ਬਾਅਦ ਜਦੋਂ ਬੋਲੇ ਤਾਂ ਮੈਨੂੰ ਕਹਿੰਦੇ, ਇਹਨੂੰ ਕੋਈ ਵੀ ਨਹੀਂ ਦਸ ਸਕਦਾ। ਇਹਦਾ ਨਾਉਂ ਰਖ ਲਿਆ, ਪੜ੍ਹਿਆਂ ਲਿਖਿਆਂ ਨੇ। ਇਹਨੂੰ 'ਜੀਵ+ਆਤਮਾ' ਕਹਿੰਦੇ ਨੇ। ਜੇ ਤਾਂ ਆਤਮਾ ਵਲੋਂ ਇਹਦਾ ਮੁਖ ਮੁੜਿਆ ਹੋਇਐ, ਤਾਂ ਤਾਂ ਇਹ ਜੀਵ ਹੈ। ਜੇ ਇਹਦਾ ਮੁਖ ਆਤਮਾ ਵਲ ਨੂੰ ਹੋ ਜਾਵੇ ਤਾਂ, ਜੀਵ ਭਾਵ ਇਸਦਾ ਖਤਮ ਹੋ ਜਾਵੇ ਤੇ ਪਛਾਣ ਲਵੇ ਕਿ ਮੈਂ ਕਿਥੋਂ ਪੈਦਾ ਹੋਇਆ ਹਾਂ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ- ੮੪੬*

ਸਭ ਤੋਂ ਸਲੋਕ ਜੋ ਆਪਾਂ ਮੈਗਜ਼ੀਨ ਦੇ ਉਤੇ ਲਿਖਿਐ, ਇਹੀ ਹੈ ਬਾਣੀ ਦਾ ਕਿ ਇਕੋ ਆਤਮਾ ਦਾ ਪਸਾਰਾ ਹੈ ਸਾਰਾ ਸੰਸਾਰ -

*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ- ੧੨੯੧*

ਸੋ ਉਹਦਾ ਕੋਈ ਪਤਾ ਨਹੀਂ ਸਾਧਸੰਗਤ ਜੀ। ਜੀਵ ਆਤਮਾ ਦਾ ਸਫ਼ਰ ਸ਼ੁਰੂ ਹੋ ਗਿਆ ਹੁਕਮ ਵਿਚ। ਹੁਕਮ ਨੇ ਹਉਮੈ ਪੈਦਾ ਕਰ ਦਿਤੀ। ਉਹ ਵਾਹਿਗੁਰੂ ਜਿਹੜਾ ਇਕੋ ਹੀ ਸੀ, ਹਉਮੈ ਤੱਤ ਨੇ ਇਹਦੀ ਸ਼ਕਲ ਬਦਲ ਦਿਤੀ। ਤਿੰਨ ਬਣਾ ਦਿਤੇ। ਇਕ ਵਾਹਿਗੁਰੂ ਅੱਡ ਰਹਿ ਗਿਆ। ਇਕ ਸੰਸਾਰ ਬਣਾ ਦਿਤਾ, ਇਕ ਜੀਵ ਬਣਾ ਦਿਤਾ। ਉਹ ਹਉਮੈ ਤੱਤ ਨੇ ਬਣਾ ਦਿਤਾ, ਦਰਅਸਲ ਹੈ ਨਹੀਂ, ਜਿਵੇਂ ਭੁਲੇਖਾ ਪੈਂਦੈ, ਅੱਖ ਵਿਚ ਉਂਗਲੀ ਦੇ ਲਈਏ। ਚੰਨ ਵਲ ਦੇਖਣ ਲਗ ਜਾਈਏ ਰਾਤ ਨੂੰ। ਉਹ ਚੰਦ ਇਕ ਨਹੀਂ ਨਜ਼ਰ ਆਉਂਦਾ, ਦੋ ਨਜ਼ਰ ਆਉਂਦੇ ਨੇ। ਹੁਣ ਦੋ ਹੈ ਤਾਂ ਹੈ ਨਹੀਂ, ਹੈ ਤਾਂ ਇਕੋ ਹੀ। ਨੁਕਸ ਪੈ ਗਿਆ, ਅੱਖ 'ਚ। ਇਵੇਂ ਜਿਵੇਂ ਨੁਕਸ ਪੈ ਗਿਆ, ਸਾਡੀ ਬੁੱਧੀ ਦੇ ਵਿਚ। ਹਉਮੈ ਤੱਤ ਨੇ ਸੰਸਾਰ ਬਣਾ ਦਿਤਾ ਜਦੋਂ ਹਉਮੈ ਦਾ ਨਾਸ਼ ਹੋ ਗਿਆ। ਮਹਾਰਾਜ ਕਹਿੰਦੇ, ਦੇਖੋ ਤੁਹਾਨੂੰ ਦੱਸੀਏ ਅਜੀਬ ਬਾਤ। ਇਹ ਜਿਹੜਾ ਸੰਸਾਰ ਦਿਸਦਾ ਸੀ ਨਾ। ਇਹ ਕਹਿੰਦੇ, ਰੱਬ ਹੀ ਹੈ। ਹੋਰ ਹੈ ਨਹੀਂ ਕੁਛ। ਤੱਤ ਦੀ ਬਾਤ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਦਸ ਦਿਤੀ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਅੰਗ- ੯੨੨*

ਕਿੱਡਾ ਵੱਡਾ ਹੈ, ਕੋਈ ਨਹੀਂ ਕਹਿ ਸਕਦਾ। ਬੇਅੰਤਤਾਈ ਹੈ ਚਾਰੇ ਪਾਸੇ। ਸੋ ਇਹਦੇ ਵਿਚ ਮੈਂ ਜਿਹੜੀ ਬੇਨਤੀ ਕਰਦਾ ਸੀ ਕਿ ਇਹ ਜੀਵ ਆਤਮਾ ਹਉਮੈ ਦੇ ਅਧੀਨ ਹੋ ਕੇ, ਕਰਮ ਕਰਕੇ ਕਹਿੰਦੈ, ਮੈਂ ਕਰਦਾਂ। ਜਦੋਂ ਤਕ ਇਹ ਕਹਿੰਦਾ ਹੈ ਕਿ ਮੈਂ ਕਰਦਾ ਹਾਂ -

*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ ਅੰਗ- ੨੭੮*

ਇਹ ਤਾਂ ਸ਼ਰਤ ਹੈ ਕਿ ਓਨੀਂ ਦੇਰ ਤਕ ਇਹਨੇ ਜੰਮਣਾ ਮਰਨਾ-ਜੰਮਣਾ ਮਰਨਾ ਹੈ ਹੀ। ਇਲਾਜ ਕੀ ਹੋਇਆ? ਜਿਸ ਚੀਜ਼ ਨੇ ਸਾਨੂੰ ਮੌਤ ਦਾ ਖੇਲ੍ਹ ਦਿਖਾ ਦਿਤਾ। ਉਸ ਚੀਜ਼ ਨੂੰ ਪਰ੍ਹੇ ਦਿਖਾ ਦੇਈਏ, ਮੌਤ ਹਟ ਜਾਏਗੀ ਤੇ ਸਦਾ ਵਾਸਤੇ ਆਪਣੇ ਸਰੂਪ 'ਚ ਲੀਨ ਹੋ ਜਾਂਦੈ। ਆਤਮਾ ਹੀ ਹੁਣ ਹੈ। ਕੇਵਲ ਭੁਲੇਖਾ ਪੈਣ ਕਰਕੇ ਆਤਮਾ ਦੀ ਥਾਂ 'ਤੇ ਆਪਣੇ ਆਪ ਨੂੰ ਜੀਵ ਮੰਨ ਲਿਆ। ਆਹ ਜੇ ਇਕ ਬਚਨ ਵੀ ਸਮਝ ਆ ਜਾਵੇ। ਇਸੇ ਨੂੰ ਮਹਾਰਾਜ ਇਸ ਤਰ੍ਹਾਂ ਫੁਰਮਾਉਂਦੇ ਨੇ -

*ਧਾਰਨਾ - ਲੇਖੇ ਤੇਰੇ ਓ ਇੱਕ ਗੱਲ ਹੈ,*
*ਹੋਰ ਹਉਮੈ ਝੱਖਣਾ ਝਾਖ।*

*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥*

*ਅੰਗ- ੪੬੭*

ਆਹ ਜੇ ਇਕ ਗੱਲ ਸਮਝ ਆ ਜਾਵੇ, ਇਹਦੇ 'ਚ ਇਹ ਗੱਲ ਮਹਾਰਾਜ ਨੇ ਕਹੀ ਹੈ ਕਿ ਤੂੰ ਸਿੱਖ ਬਣ ਕੇ ਸਮਝ ਲੈ। ਨਾ ਬਿਲਕੁਲ ਨਹੀਂ। ਜਾਂ ਹਿੰਦੂ ਬਣ ਕੇ ਸਮਝ ਲੈ। ਈਸਾਈ ਬਣ ਕੇ ਸਮਝ ਲੈ। ਮੁਸਲਮਾਨ ਬਣ ਕੇ ਸਮਝ ਲੈ। ਯਹੂਦੀ ਬਣ ਕੇ, ਬੋਧੀ ਬਣ ਕੇ, ਜੈਨੀ ਬਣ ਕੇ ਸਮਝ ਲੈ। ਕਹਿੰਦੇ, ਇਕ ਗੱਲ ਸਮਝ ਲੈ। ਜੇ ਤੇਰੇ ਇਕ ਗੱਲ ਸਮਝ 'ਚ ਆ ਗਈ ਨਾ, ਤਾਂ ਤੂੰ ਜਿੱਤ ਗਿਆ। ਜੇ ਨਾ ਆਈ। ਸਭ ਕੁਛ ਕਰਦਾ-ਕਰਦਾ ਹਾਰ ਗਿਆ। ਉਹ ਗੱਲ ਨਹੀਂ ਸਮਝ 'ਚ ਆਉਂਦੀ। ਇਕੋ ਹੀ ਗੱਲ ਹੈ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ। ਜਿਹੜੀ ਕਹਿੰਦੇ, ਤੁਹਾਨੂੰ ਇਕ ਗੱਲ ਸਮਝਾਉਣੀ ਹੈ। 1430 ਅੰਗਾਂ ਦੇ ਅੰਦਰ ਬੇਅੰਤ ਤਰੀਕੇ ਕਰੇ ਨੇ। ਉਹ ਇਕ ਗੱਲ ਤਕ ਪਹੁੰਚਣ ਵਾਸਤੇ ਮਹਾਰਾਜ ਨੇ ਬੇਅੰਤ ਤਰੀਕਿਆਂ ਦੇ ਨਾਲ ਉਲੀਕਿਆ ਹੈ ਰਸਤਾ ਕਿ ਆਹ ਵੀ ਚਾਹੀਦੈ, ਆਹ ਵੀ ਚਾਹੀਦੈ। ਐਨੀ ਮਜ਼ਬੂਤੀ ਹੋਵੇ ਤਾਂ ਇਕ ਗੱਲ ਸਮਝ 'ਚ ਆਉਂਦੀ ਹੈ। ਇਹ ਨਹੀਂ ਆਉਂਦੀ। ਜੇ ਅਕਲ ਦੇ ਆ ਗਈ। ਅੰਦਰ ਕਮਜ਼ੋਰੀ ਹੈ ਬੜੀ ਜ਼ਬਰਦਸਤ।

ਇਕ ਵਾਰੀ ਦੀਵਾਨ ਲੱਗਿਆ ਹੋਇਆ ਹੈ 15 ਸੈਕਟਰ। 10 ਦਿਨ ਹੋ ਗਏ। 10 ਦਿਨ ਤੋਂ ਬਾਅਦ ਐਸਾ ਬਚਨ ਇਕ ਦਿਨ ਕਰ ਰਿਹਾ ਸੀ। ਇਕ ਪ੍ਰੇਮੀ ਆਇਆ ਕਹਿੰਦਾ ਜੀ ਮੈਂ ਤੁਹਾਨੂੰ ਗੁਰਦੁਆਰੇ ਦੇ ਪਿਛਲੇ ਪਾਸੇ ਮਿਲਣੈ। ਕੀਰਤਨ ਤੋਂ ਬਾਅਦ, ਮੇਰੇ ਕੰਨ 'ਚ ਕਹਿ ਗਿਆ। ਮੈਂ ਉਠਿਆ, ਪਿਛਲੇ ਪਾਸੇ ਚਲਿਆ ਗਿਆ। ਮੈਂ ਕਿਹਾ, ਦੱਸੋ? ਕਹਿੰਦਾ, ਜਿਹੜੀ ਗੱਲ ਤੁਸੀਂ ਅੱਜ ਕਹੀ ਹੈ ਇਹ ਪਹਿਲੇ ਦਿਨ ਹੀ ਕਿਉਂ ਨਾ ਕਹੀ? ਮੈਂ ਕਿਹਾ ਕਿ ਮੈਂ ਤਾਂ ਨਹੀਂ ਕਹੀ ਕਿ ਇਹਦਾ ਵਜ਼ਨ ਐਨਾ ਜ਼ਿਆਦਾ ਹੈ ਕਿ ਜੇ ਇਕ ਬੱਚੇ ਦੇ ਸਿਰ 'ਤੇ ਇਕ ਕੁਇੰਟਲ ਦੀ ਬੋਰੀ ਰਖ ਦਿਓ, ਕੁਚਲ ਕੇ ਮਰ ਜਾਏਗਾ। ਦਸ ਦਿਨ ਹੋ ਗਏ ਇਸ ਗੱਲ ਦੇ ਵਾਸਤੇ ਤਿਆਰ ਕਰਦਿਆਂ ਨੂੰ ਤੇ ਸਿਰਫ਼ ਇਹ ਗੱਲ ਦਸੀ ਹੈ। ਇਹ ਗੱਲ ਅਪਣਾਈ ਨਹੀਂ ਜਾ ਸਕਦੀ। ਅਪਨਾਉਣ ਵਾਸਤੇ ਬਹੁਤ ਸਾਧਨਾ ਕਰਨ ਦੀ ਲੋੜ ਹੈ। ਜੀਵਨ ਨੂੰ ਬਿਲਕੁਲ ਸੁੱਚਾ ਕਰਨ ਦੀ ਲੋੜ ਹੈ। ਭੋਰਾ ਜਿੰਨੀ ਵੀ ਚਲਾਕੀ, ਭੋਰਾ ਜਿੰਨੀ ਵੀ ਚਤੁਰਾਈ ਇਹ ਗੱਲ ਨਹੀਂ ਸਹਿਨ ਦੇਵੇਗੀ। ਇਹ ਤਾਂ ਮਜ਼ਬੂਤ ਹੋਣੈ ਮਨ ਨੇ, ਬੁੱਧੀ ਨੇ, ਤਾਂ ਜਾ ਕੇ ਇਹ ਗੱਲ ਮੰਨੀ ਜਾਣੀ ਹੈ। ਨਹੀਂ ਤਾਂ ਮੰਨ ਨਹੀਂ ਹੁੰਦੀ। ਮੈਂ ਕਿਹਾ, ਕਈ ਜਨਮ ਵੀ ਲਗ ਸਕਦੇ ਨੇ ਇਸਨੂੰ ਮੰਨਣ ਵਾਸਤੇ। 10, 50, 100 ਕੋਈ ਇਹਦੇ ਵਿਚ ਸੀਮਾ ਨਹੀਂ ਹੈ। ਜਦੋਂ ਤਕ ਸਾਰੇ ਪਲੱਗ, ਵਿਘਨਕਾਰੀ (loop holes) ਨੇ ਜਿਹੜੇ, ਉਹ ਬੰਦ ਨਹੀਂ ਹੁੰਦੇ। ਜਹਾਜ਼ ਸਮੁੰਦਰ 'ਚੋਂ ਕਿਵੇਂ ਲੰਘ ਜਾਏਗਾ, ਪਾਣੀ ਨਾਲ ਭਰ ਜਾਏਗਾ। ਸਾਰੇ ਸੁਰਾਖ ਪਾਣੀ ਦੇ ਵਿਚ ਜਿਹੜੇ ਨੇ ਉਹ ਬੰਦ ਕਰਨੇ ਪੈਂਦੇ ਨੇ। ਇਸ ਤਰ੍ਹਾਂ ਜੀਵਨ ਦੇ ਅੰਦਰ ਜਿੰਨੀਆਂ ਕਚਿਆਈਆਂ ਨੇ ਸਾਰੀਆਂ ਦੀਆਂ ਸਾਰੀਆਂ ਬੰਦ ਕਰਨੀਆਂ ਪੈਂਦੀਆਂ ਨੇ। ਜੇ ਇਕ ਵੀ ਰਹਿ ਗਈ ਉਹਦੇ ਵਿਚੋਂ ਪਾਣੀ ਆਈ ਜਾਣੈ। ਉਸੇ ਨਾਲ ਸਮੁੰਦਰ ਦਾ ਪਾਣੀ ਭਰ ਕੇ ਜਹਾਜ਼ ਨੇ ਡੁੱਬ ਜਾਣੈ। ਸੋ ਜੀਵਨ ਦੇ ਵਿਚ ਅਨੇਕ ਕਿਸਮ ਦੇ ਘਾਟੇ ਨੇ। ਜਿਹਦੀਆਂ ਆਪਾਂ ਵਿਚਾਰਾਂ ਕਰਦੇ ਰਹਿੰਦੇ ਹਾਂ। 'ਆਤਮ ਮਾਰਗ' ਮੈਗਜ਼ੀਨ ਦੇ ਅੰਦਰ ਵੀ ਬੜਾ ਖੋਲ੍ਹ ਕੇ ਲਿਖੀਦੈ। ਬੜੀਆਂ ਸ਼ਿਕਾਇਤਾਂ ਆਉਂਦੀਆਂ ਨੇ ਕਿ ਜੀ ਨਾਮ ਚਲ ਰਿਹਾ ਸੀ, ਰੁਕ ਗਿਆ। ਹਟ ਗਿਆ। ਕੋਈ ਨਾ ਕੋਈ ਗੱਲ ਗਲਤ ਹੋ ਜਾਂਦੀ ਹੈ। ਕਿਸੇ ਨਾ ਕਿਸੇ ਥਾਂ 'ਤੇ ਕੋਈ ਜਿਹੜੀ ਰਹਿਤ ਸੀ ਉਹ ਟੁੱਟ ਗਈ। ਅੰਦਰਲੀ ਰਹਿਤ ਪ੍ਰਮੇਸ਼ਰ ਨੂੰ ਮਿਲਣ ਵਾਸਤੇ ਹੱਦ ਤੋਂ ਜ਼ਿਆਦਾ ਜ਼ਰੂਰੀ ਹੈ। ਬਾਹਰਲੀ ਰਹਿਤ ਜੇ ਟੁੱਟ ਜਾਂਦੀ ਹੈ, ਅਸੀਂ ਪੰਜ ਪਿਆਰਿਆਂ ਤੋਂ ਬਖਸ਼ਾ ਲਵਾਂਗੇ। ਕੋਈ ਐਸੀ ਚੀਜ਼ ਨਹੀਂ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਆਉਂਦੀ, ਜਿਥੇ ਇਹ ਹੋਵੇ ਕਿ ਤੁਸੀਂ ਕੁੰਭੀ ਨਰਕ 'ਚ ਜਾਵੋਂਗੇ। ਲੇਕਿਨ ਦੂਸਰੇ ਪਾਸੇ ਜੇ ਇਕ ਰਹਿਤ ਟੁੱਟ ਜਾਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਜਿਹੜੀਆਂ ਰਹਿਤਾਂ ਨੇ, ਮਹਾਰਾਜ ਕਹਿੰਦੇ, ਉਸ ਇਕ ਰਹਿਤ ਤੋੜਨ ਦੇ ਨਾਲ ਜਿਹੜਾ ਤੇਰਾ ਚੱਲ ਰਿਹਾ ਜੀਵਨ ਸੀ, ਉਹ ਨਸ਼ਟ ਭ੍ਰਸ਼ਟ ਹੋ ਗਿਆ। ਤੂੰ ਕਿਸੇ ਦੀ ਨਿੰਦਿਆ ਕਰ ਦਿਤੀ। ਬੇਅੰਤ ਦਾਨ ਕਰੇ ਨੇ, ਬੇਅੰਤ ਪੁੰਨ ਕਰੇ ਨੇ। ਮੈਂ ਬਹੁਤ ਵਾਰੀ ਦਸਿਐ, ਕਰੋੜਾਂ ਦੀਆਂ ਰਕਮਾਂ ਲਿਖ ਲਓ, ਉਹਨਾਂ ਨੂੰ ਜ਼ਰਬ-ਜ਼ਰਬ ਕਰੀ ਜਾਓ, ਅਖੀਰ ਦੇ ਉਤੇ ਇਕ ਜ਼ੀਰੋ ਲਗਾ ਦਿਓ। ਸਿਆਣਾ ਵਿਦਿਆਰਥੀ ਜਿਹੜਾ ਹੈ ਉਹ ਸਾਰੀ ਸਲੇਟ ਦੇ ਉਤੇ ਅਖੀਰ ਵਿਚ ਜ਼ੀਰੋ ਲਿਖ ਦੇਵੇਗਾ। ਜਿਹੜਾ ਅਨਜਾਣ ਹੈ ਉਹ ਜ਼ਰਬਾਂ ਦੇਈ ਜਾਏਗਾ। ਅਖੀਰ 'ਤੇ ਉਹਨੇ ਵੀ ਜ਼ੀਰੋ 'ਤੇ ਪਹੁੰਚਣੈ। ਕੁਛ ਕਰਮ ਸਾਡੇ ਐਸੇ ਨੇ ਜਿਹੜੀ ਸਾਡੀ ਕਰਨੀ ਨੂੰ ਜ਼ੀਰੋ ਬਣਾ ਦਿੰਦੇ ਨੇ। ਜਿਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

*ਧਾਰਨਾ - ਨਿੰਦਾ ਭਲੀ ਕਿਸੇ ਦੀ ਨਾਹੀ,*
*ਮਨਮੁਖ ਲੋਕੀ ਕਰਦੇ ਨੇ।*

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*

*ਅੰਗ - ੭੫੫*

ਕੌਣ ਹੈ ਜਿਹੜਾ ਇਸ ਮਹਾਨ ਪ੍ਰਮੇਸ਼ਰ ਦੇ ਹੁਕਮ ਨੂੰ ਉਲੱਦ ਦੇਵੇ। ਤਾਕਤ ਹੈ ਨਿੰਦਕ ਦੇ ਵਿਚ? ਮਹਾਰਾਜ ਕਹਿੰਦੇ -

*ਜੇ ਓਹੁ ਕੂਪ ਤਟਾ ਦੇਵਾਵੈ ॥*
*ਕਰੈ ਨਿੰਦ ਸਭ ਬਿਰਥਾ ਜਾਵੈ ॥* *ਅੰਗ- ੮੭੫*

ਜੇ ਉਹ ਖੂਹ ਲਵਾ ਦੇਵੇ, ਤਲਾਬ ਬਣਾ ਦੇਵੇ, ਇਸਤ੍ਰੀ ਨੂੰ ਦਾਨ ਕਰ ਦੇਵੇ ਗਹਿਣਿਆਂ ਸਮੇਤ, ਸਾਰੀ ਜ਼ਮੀਨ ਦਾਨ ਕਰ ਦੇਵੇ ਕਿ ਇਹਦੇ 'ਚ ਮੰਦਰ ਬਣਾ ਲਓ, ਇਹਦੇ 'ਚ ਗੁਰਦੁਆਰਾ ਬਣਾ ਲਓ, ਮਸਜਿਦ ਬਣਾ ਲਓ, ਆਹ ਜ਼ਮੀਨ ਦੇ ਵਿਚ ਸਤਿਸੰਗ ਕਰਿਆ ਕਰੋ, ਹੁਣ ਫਲ ਤਾਂ ਬੇਅੰਤ ਮਿਲਣੈ ਪਰ ਜ਼ੀਰੋ ਬਣੀ ਜਾਂਦੈ ਕਿਉਂਕਿ ਉਹ ਨਿੰਦਿਆ ਕਰਦੈ। ਕਿੱਡੀ ਵੱਡੀ ਕੁਰਹਿਤ ਹੈ ਸਾਧਸੰਗਤ ਜੀ। ਕਿੱਡੀ ਵੱਡੀ ਜ਼ਬਰਦਸਤ ਕੁਰਹਿਤ ਹੈ, ਜਿਹੜੀ ਸਾਡੇ ਤੋਂ ਸਹਿਜ ਸੁਭਾਅ ਹੋ ਰਹੀ ਹੈ। ਰੱਬ ਕਿਥੋਂ ਮਿਲੇ? ਕਿਸ ਤਰ੍ਹਾਂ ਦੇ ਨਾਲ (realization) ਅਹਿਸਾਸ ਹੋਵੇ, ਕਿਵੇਂ ਸਾਡਾ ਨਾਮ ਚੱਲੇ, ਨਹੀਂ ਚੱਲਿਆ ਕਰਦਾ। ਸੋ ਸੁਭਾਅ ਹੈ ਲੋਕਾਂ ਨੂੰ ਨਿੰਦਿਆ ਕਰਨਾ, ਈਰਖਾ ਕਰਨੀ, ਦੂਸਰੇ ਨੂੰ ਦੁਖ ਦੇਣਾ। ਮਹਾਰਾਜ ਕਹਿੰਦੇ, ਸੰਤ ਸਾਰਿਆਂ ਦਾ ਭਲਾ ਮਨਾਉਂਦੇ ਨੇ। ਕਿਸੇ ਨੂੰ ਬੁਰਾ ਨਹੀਂ ਕਹਿੰਦੇ, ਕਦੇ ਨਹੀਂ ਕਹਿੰਦੇ। ਜਦੋਂ ਆਖਰੀ ਲਾਈਨ ਆਉਂਦੀ ਹੈ ਨਾ, ਸੰਤਾਂ ਦੀ ਸੁਰਤ ਜਿਹੜੀ ਹੈ ਜੇ ਬਾਹਰ ਵੀ ਗਈ ਹੋਵੇ, ਇਕ ਦਮ ਇਕਾਗਰ ਹੋ ਕੇ ਕਹਿੰਦੀ ਹੈ ਕਿ –

*ਨਾਨਕ ਨਾਮ ਚੜ੍ਹਦੀ ਕਲਾ,*
*ਤੇਰੇ ਭਾਣੇ ਸਰਬੱਤ ਕਾ ਭਲਾ।*

ਹੇ ਵਾਹਿਗੁਰੂ! ਸਭ ਦਾ ਭਲਾ ਕਰ, ਬੜੀ ਮੁਸ਼ਕਲ ਦੇ ਨਾਲ ਮਨੁੱਖਾ ਜਨਮ ਮਿਲਿਆ ਹੈ। ਤੇਰੀ ਦੁਨੀਆਂ ਹੈ ਪਾਤਸ਼ਾਹ! ਪਸ਼ੂਆਂ ਨੂੰ ਵੀ ਰਾਜ਼ੀ ਰੱਖ, ਦਰਖਤਾਂ ਨੂੰ ਵੀ ਠੀਕ ਰੱਖ। ਪੰਛੀਆਂ ਨੂੰ ਵੀ ਰਾਜ਼ੀ ਰੱਖ, ਸਾਰੇ ਸੁੱਖ ਦੀ ਜ਼ਿੰਦਗੀ ਬਤੀਤ ਕਰਨ। ਮਨੁੱਖਾਂ ਨੂੰ ਵੀ ਸਹੀ ਰੱਖ। ਇਹ ਅਰਦਾਸ ਨਹੀਂ ਕਿ ਸਿਰਫ ਆਪਣਿਆਂ ਦਾ ਭਲਾ, ਸਰਬੱਤ ਦਾ ਭਲਾ। ਇਸ ਗੱਲ ਨੂੰ ਅਸੀਂ ਪ੍ਰੈਕਟਿਸ (ਅਮਲ) ਵਿਚ ਨਹੀਂ ਲਿਆ ਸਕੇ ਬਿਲਕੁਲ ਵੀ, 1% ਵੀ। ਇਕ ਨਾਅਰਾ ਹੀ ਹੈ, ਇਕ ਗੱਲ ਹੀ ਹੈ, routine (ਆਦਤ) ਜਿਵੇਂ ਰਿਕਾਰਡ ਦੇ ਉਤੇ ਆ ਜਾਂਦੀ ਹੈ ਇਵੇਂ ਸਾਡੇ ਦਿਮਾਗ ਦੇ ਵਿਚ ਸਮਾਅ ਗਈ ਹੈ। ਲੇਕਿਨ ਅਮਲ ਕੋਈ ਨਹੀਂ। ਪੜੋਸੀ ਨਾਲ ਤਾਂ ਅਸੀਂ ਬਣਾ ਨਹੀਂ ਸਕਦੇ, ਸਰਬੱਤ ਦਾ ਭਲਾ ਕਿਵੇਂ ਕਰ ਲਵਾਂਗੇ। ਕੋਈ ਨਿੰਦਿਆ, ਚੁਗਲੀ, ਈਰਖਾ ਕਰਦੈ; ਉਹਦੇ ਨਾਲ ਬਣਾ ਨਹੀਂ ਸਕਦੇ। ਵੈਰ ਦੀ ਭਾਵਨਾ ਰਖਦੇ ਹਾਂ, ਵੈਰ, ਵਿਰੋਧ, ਕਾਮ, ਕ੍ਰੋਧ, ਮੋਹ, ਝੂਠ, ਵਿਕਾਰ, ਮਹਾਂ ਲੋਭ, ਧ੍ਰੋਹ, ਐਸੇ ਔਗੁਣ ਸਾਡੇ 'ਚ ਭਰੇ ਪਏ ਨੇ। ਫੇਰ ਸਰਬੱਤ ਦਾ ਭਲਾ ਕਿਵੇਂ ਕਹਿ ਦੇਵਾਂਗੇ। ਸੰਤ ਕਿਉਂ ਕਹਿੰਦੇ ਨੇ। ਸੰਤਾਂ ਦੀ ਦ੍ਰਿਸ਼ਟੀ ਵਿਚ ਹੋਰ ਨਹੀਂ ਕੋਈ ਹੁੰਦਾ। ਪ੍ਰਮੇਸ਼ਰ ਆਪ ਹੀ ਅਨੇਕ ਰੰਗਾਂ ਦੇ ਵਿਚ ਪ੍ਰੀਪੂਰਨ ਹੋ ਰਿਹਾ ਹੈ –

*ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ।*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।*

ਉਹ ਪ੍ਰਮੇਸ਼ਰ ਹੀ ਨਜ਼ਰ ਆਉਂਦੈ। ਭਾਵੇਂ ਗਿਆਨ ਵਿਚ ਹੈ, ਭਾਵੇਂ ਅਗਿਆਨ ਵਿਚ ਹੈ। ਹੈ ਪ੍ਰਮੇਸ਼ਰ ਹੀ, ਆਪਣੀ ਰਜ਼ਾ ਦੇ ਵਿਚ। ਉਹ ਸਰਬ ਦੇ ਵਿਚ ਪ੍ਰਮੇਸ਼ਰ ਦੇਖ ਕੇ ਕਹਿੰਦੇ ਨੇ ਕਿ –

*ਨਾਨਕ ਨਾਮ ਚੜ੍ਹਦੀ ਕਲਾ।*
*ਤੇਰੇ ਭਾਣੇ ਸਰਬੱਤ ਕਾ ਭਲਾ।*

ਲੇਕਿਨ ਸੰਸਾਰ ਦੀ ਜੋ ਕਰਨੀ ਹੈ ਉਹ ਹੈ ਕਿ –

*ਸੰਤਾਂ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ॥*
*ਅੰਗ – ੬੪੯*

ਅਕਾਰਨ ਸਾਧੂਆਂ ਨਾਲ ਵੈਰ ਸ਼ੁਰੂ ਕਰ ਲੈਂਦੇ ਨੇ, ਨਾ ਜਾਨਣ, ਨਾ ਪਛਾਨਣ, ਗੱਲਾਂ ਇਹੋ ਜਿਹੀਆਂ ਕਰਨਗੇ ਜਿਹੜੀਆਂ ਸੁਣੀਆਂ ਨਾ ਜਾਣ।

*ਆਪਿ ਨ ਦੇਹਿ ਚੁਰੂ ਭਰਿ ਪਾਨੀ ॥*
*ਤਿਹ ਨਿੰਦਹਿ ਜਿਹ ਗੰਗਾ ਆਨੀ ॥ ੨ ॥*
*ਅੰਗ – ੩੩੨*

ਜਿਹਨੇ ਹਿੰਦੁਸਤਾਨ ਨੂੰ ਸਰਸਬਜ਼ ਬਣਾ ਦਿਤਾ ਗੰਗਾ ਲਿਆ ਕੇ, ਉਸ ਭਗੀਰਥ ਨੂੰ ਨਿੰਦਦੇ ਨੇ ਕਿ ਇਥੋਂ ਦੀ ਦਰਿਆ ਕੱਢ ਦਿਤਾ। ਹੜ੍ਹ ਆ ਜਾਂਦੇ ਨੇ ਸਾਡੇ ਘਰ ਢਹਿ ਜਾਂਦੇ ਨੇ। ਬੜਾ ਮਾੜਾ ਬੰਦਾ ਸੀ ਇਥੋਂ ਦੀ ਦਰਿਆ ਕੱਢ ਦਿਤਾ। ਕਹਿੰਦੇ, ਆਹ ਦੁਨੀਆਂ ਦਾ ਹਿਸਾਬ ਹੈ –

*ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥*
*ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥*
*ਅੰਗ– ੬੪੯*

ਕਹਿੰਦੇ, ਇਹਦਾ ਨਤੀਜਾ ਕੀ ਹੋਏਗਾ। ਨਾ ਹੁਣ, ਨਾ ਇਥੋਂ ਸੰਸਾਰ ਤੋਂ ਜਾਣ ਤੋਂ ਬਾਅਦ ਕਹਿੰਦੇ, ਸੁਖ ਨਹੀਂ ਹੋਣਾ। ਦੂਜਾ ਉਹਦੇ ਗਲ ਦੇ ਵਿਚ ਬਲਾ ਪੈ ਜਾਏਗੀ 'ਮਰਿ ਜੰਮਹਿ ਵਾਰੋ ਵਾਰ'।

*ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ ॥*
*ਅੰਗ– ੬੪੯*

ਦੋ ਚੀਜ਼ਾਂ ਆਦਮੀ ਨੂੰ ਮਾਰਦੀਆਂ ਨੇ, ਇਕ ਤਾਂ ਦੁਬਿਧਾ ਮਾਰਦੀ ਹੈ। ਦੂਜਿਆਂ ਨਾਲ ਵੈਰ ਭਾਵ। ਆਪਣਿਆਂ ਨਾਲ ਪਿਆਰ। ਦੂਸਰਾ ਜਿਹੜੀ ਤ੍ਰਿਸ਼ਨਾ ਹੈ ਇਹ ਅੱਗ ਹੈ –

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ ੧ ॥ ਰਹਾਉ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥ ੧ ॥ ਅੰਗ– ੨੧੩*

*ਏਹ ਤਿਸਨਾ ਵਡਾ ਰੋਗੁ ਲਗਾ*
*ਮਰਣੁ ਮਨਹੁ ਵਿਸਾਰਿਆ ॥ ਅੰਗ– ੯੧੯*

ਇਹ ਨਹੀਂ ਕਹਿੰਦੇ ਬੁਝਦੀ ਕਦੇ ਵੀ। ਦੁਬਿਧਾ ਨਾਲ ਬੰਦਾ ਖੁਆਰ ਹੁੰਦੈ।

*ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ॥*

*ਅੰਗ- ੬੪੯*

ਦੇਖ ਕੇ ਕਹਿੰਦੇ ਨੇ ਮਹਾਰਾਜ -

*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥ ਅੰਗ- ੮੯੪*

*ਜਨ ਨਾਨਕ ਕਉ ਸਭ ਸੋਝੀ ਪਾਈ*
*ਹਰਿ ਦਰ ਕੀਆ ਬਾਤਾ ਆਖਿ ਸੁਣਾਏ ॥*

*ਅੰਗ- ੩੦੮*

ਕਹਿੰਦੇ, ਤੁਹਾਨੂੰ ਅੱਖਾਂ ਨਾਲ ਦੇਖੀਆਂ ਹੋਈਆਂ ਗੱਲਾਂ ਦਸਦੇ ਹਾਂ ਭਾਈ। ਪਿਆਰਿਓ! ਮੂੰਹ ਕਾਲੇ ਹੁੰਦੇ ਨੇ ਉਥੇ।

*ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ ॥*
*ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ ॥*

*ਅੰਗ- ੬੪੯*

*ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ ॥*
*ਈਹਾ ਸੁਖੁ ਨਹੀ ਦਰਗਹ ਢੋਈ ਜਮ ਪੁਰਿ ਜਾਇ ਪਚਾਵੈ ॥*

*ਅੰਗ- ੩੮੦*

ਮਾੜੀ ਜਿਹੀ ਕੁਰਹਿਤ ਦਾ ਕਿੱਡਾ ਵੱਡਾ ਫਲ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ, ਸਭ ਤੋਂ ਪਹਿਲਾਂ ਭਾਈ ਲਾਲੋ ਦੇ ਕੋਲ ਗਏ। ਪ੍ਰਮੇਸ਼ਰ ਦਾ ਪਿਆਰਾ, ਭਗਤੀ ਦਾ ਰੂਪ, ਨਿਰਾ ਹੀ ਪ੍ਰੇਮ ਦਾ ਸਰੂਪ ਭਾਈ ਲਾਲੋ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਸੰਦ ਆਇਆ। ਕਿਸੇ ਗਿਆਨੀ ਕੋਲ ਨਹੀਂ ਗਏ। ਅਹੰ ਬ੍ਰਹਮਅਸਵੀ ਬੇਅੰਤ ਸੀ, ਪਰ ਗੁਰੂ ਜੀ ਰਸੀਏ ਕੋਲ ਗਏ। ਰਸਕ ਵੈਰਾਗੀ ਦੇ ਕੋਲ। ਬੰਦਗੀ ਕਰਨ ਵੇਲੇ ਜਿਹਦੇ ਨੇਤਰਾ 'ਚੋਂ ਜਲ ਚੱਲਿਆ ਕਰਦਾ ਸੀ, ਉਹ ਸੁੱਕਾ ਨਹੀਂ ਸੀ ਰਾਮ-ਰਾਮ ਕਹਿੰਦਾ। ਰਾਮ ਨੂੰ ਬੁਲਾਉਂਦਾ ਸੀ। ਹੇ ਰਾਮ, ਕਿਵੇਂ ਤੇਰੇ ਦਰਸ਼ਨ ਪਾਵਾਂ? ਬਿਰਹੁੰ ਦੀ ਮੂਰਤ ਸੀ, ਕਿਰਤ ਦਾ ਮੁਜੱਸਮਾ ਸੀ। ਕਿਰਤ ਕਰਦਾ ਸੀ।

ਚੱਲ ਭਾਈ ਮਰਦਾਨਿਆਂ! ਬਹੁਤ ਪਿਆਰਾ ਹੈ ਆਪਣਾ। ਚਲੇ ਜਾਂਦੇ ਨੇ। ਭਾਈ ਲਾਲੋ ਦੇ ਜਾ ਕੇ ਦਸਤਕ ਦਿਤਾ। ਦਰਵਾਜ਼ਾ ਖੋਲ੍ਹਿਆ। ਕੋਈ ਚੀਜ਼ ਬਣਾ ਰਿਹੈ, ਕੋਈ ਚਾਰਪਾਈ ਵਗੈਰਾ ਸੈੱਟ ਕਰਕੇ ਬਣਾ ਰਿਹੈ। ਮਹਾਰਾਜ ਕਹਿੰਦੇ, ਭਾਈ ਲਾਲੋ! ਤੂੰ ਕੰਮ ਵੀ ਕਰੀ ਜਾਹ। ਆਪਾਂ ਬਚਨ ਵੀ ਕਰੀ ਜਾਵਾਂਗੇ। ਵਿਹਲੇ ਬੈਠ ਕੇ ਕਿਉਂ ਕਰਨੇ ਨੇ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਜੀਵਨ ਵਿਚ ਇਹੋ ਜਿਹੀਆਂ ਬੇਅੰਤ ਗੱਲਾਂ ਆਉਂਦੀਆਂ ਨੇ। ਇਕ ਸਾਖੀ ਆਉਂਦੀ ਹੈ ਐਸੀ ਕਿ ਜਿਸ ਵਕਤ ਭਾਈ ਝੰਡੇ ਕੋਲ ਜਾਂਦੇ ਨੇ ਮਹਾਰਾਜ। ਉਹ ਵਾਣ ਵੱਟਦਾ ਸੀ। ਵਾਣ ਵੱਟਦਾ-ਵੱਟਦਾ ਉਹ ਰੁਕ ਗਿਆ। ਮਹਾਰਾਜ ਕਹਿੰਦੇ, ਦੇਖ ਤੈਨੂੰ ਇਕ ਜੁਗਤ ਦਸਦੇ ਹਾਂ ਵਾਣ ਵੱਟਣ ਦੀ। ਆਹ ਬਣਾ ਲੈ, ਇਕ ਘਿਰਲਾ ਜਿਹਾ ਬਣਾ ਦਿਤਾ ਉਹ ਘੁੰਮੀ ਜਾਂਦੈ। ਦੂਜਾ ਉਹਦੇ ਵਿਚ ਲਾਈ ਜਾਂਦੈ, ਪੱਠੇ। ਵਾਣ ਵੱਟਿਆ ਜਾਂਦੈ। ਕਹਿੰਦੇ, ਲੈ ਮੈਂ ਲਾਉਂਨਾ ਤੂੰ ਘੁੰਮਾਈ ਜਾਹ। ਇਸ ਵਾਣ ਵੱਟਿਆ ਜਾਊ ਤੇ ਆਪਾਂ ਬਚਨ ਵੀ ਕਰੀ ਜਾਵਾਂਗੇ। ਨਾਲੇ ਤੇਰਾ ਕਾਰਜ ਸਿੱਧ ਹੋ ਜਾਏਗਾ। ਇਸ ਤਰ੍ਹਾਂ ਨਹੀਂ ਸੀ ਕਰਦੇ ਕਿ ਬਹਿ ਜਾਹ ਛੱਡ ਕੇ, ਆ ਤੇਰੇ ਨਾਲ ਗੱਲ ਕਰੀਏ।

ਸੋ ਕਹਿੰਦੇ, ਭਾਈ ਲਾਲੋ! ਕੰਮ ਵੀ ਕਰੀ ਜਾਹ ਤੇ ਨਾਲ ਆਪਾਂ ਬਚਨ ਵੀ ਕਰੀ ਜਾਂਦੇ ਹਾਂ। ਸੋ ਬੜੇ ਬਚਨ ਹੋਏ, ਮਹਾਰਾਜ ਜੀ ਉਹਦੇ ਪਿਆਰ ਦੇ ਬੰਨ੍ਹੇ ਹੋਏ ਉਥੇ ਰਹਿ ਪਏ। ਹੁਣ ਉਥੇ ਜਿਹੜੇ ਕੱਟੜ ਬੰਦੇ ਸੀ ਉਹ ਬੜੇ ਹੀ ਲੱਗਣ ਲਗ ਗਏ। ਇਕ ਤਾਂ ਇਸ ਕਰਕੇ ਕਿ ਇਹ ਖੱਤਰੀ ਹੋ ਕੇ ਸ਼ੂਦਰ ਦੇ ਘਰ ਪ੍ਰਸ਼ਾਦਾ ਛਕਦੈ। ਐਨਾ ਜਾਤ-ਪਾਤ ਦਾ ਜ਼ੋਰ ਸੀ। ਸ਼ੂਦਰ ਦੋ ਕਿਸਮ ਦੇ ਬਣਾਏ ਸੀ - ਇਕ ਨੂੰ ਛੂਤ ਕਹਿੰਦੇ ਸੀ। ਇਕ ਨੂੰ ਅਛੂਤ। ਛੂਤ ਉਹ ਸੀਗੇ, ਰੋਟੀ ਕਮਾਉਣ ਵਾਸਤੇ ਜਿਹਨੂੰ ਗਰਮੀ ਆ ਜਾਵੇ, ਗਰਮੀ ਦੀ ਧਾਰ ਚੱਲ ਜਾਵੇ ਸਰੀਰ ਦੇ ਉਤੇ, ਉਹ ਛੂਤ ਹੁੰਦਾ, ਸ਼ੂਦਰ ਹੁੰਦਾ। ਦੂਸਰਾ ਜਿਹੜਾ ਮਰੇ ਹੋਏ ਡੰਗਰਾਂ ਨੂੰ ਹੱਥ ਲਾਉਂਦੈ, ਮੈਲੀਆਂ ਚੀਜ਼ਾਂ ਨੂੰ ਹੱਥ ਲਾਉਂਦੈ, ਉਹ ਅਛੂਤ ਸੀ, ਉਹਨੂੰ ਹੱਥ ਵੀ ਨਾ ਲਾਓ, ਨੇੜੇ ਵੀ ਨਾ ਆਉਣ ਦਿਓ। ਉਸ ਤੋਂ ਬਗੈਰ ਕੰਮ ਨਹੀਂ ਸੀ ਚਲਦਾ। ਸੋ ਨਿੰਦਿਆ ਹੋ ਗਈ। ਭਾਈ ਮਰਦਾਨਾ ਜਿੱਧਰ ਜਾਂਦੈ, ਕੁਰਾਹੀਏ ਦਾ ਕਹਿੰਦੇ ਨੇ ਡੂੰਮ। ਕੋਈ ਗੱਲ ਨਹੀਂ ਕਰਦਾ ਸਿੱਧੇ ਮੂੰਹ, ਤਾਹਨੇ ਦੇਈ ਜਾਂਦੇ ਨੇ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਆ ਗਿਆ ਕਹਿਣ ਲੱਗਿਆ, ਪਾਤਸ਼ਾਹ! ਇਥੇ ਤਾਂ ਰਹਿਣਾ ਬੜਾ ਔਖਾ ਹੈ। ਗੱਲਾਂ ਨਹੀਂ ਸੁਣੀਆਂ ਜਾਂਦੀਆਂ। ਸਾਨੂੰ ਤਾਂ ਜਿਹੜੀਆਂ ਕਰਦੇ ਨੇ ਕਰਨ, ਪਰ ਪਾਤਸ਼ਾਹ! ਜਦੋਂ ਤੁਹਾਡੇ ਖਿਲਾਫ਼ ਗੱਲਾਂ ਕਰਦੇ ਨੇ, ਕੁਰਾਹੀਆ ਕਹਿੰਦੇ ਨੇ, ਤੁਹਾਡੇ ਬਾਰੇ ਉਲਟ-ਪੁਲਟ ਗੱਲਾਂ ਬੋਲਦੇ ਨੇ ਫੇਰ ਸਾਡੇ ਤੋਂ ਸਹਿਆ ਨਹੀਂ ਜਾਂਦਾ।

ਮਹਾਰਾਜ ਕਹਿਣ ਲੱਗੇ, ਭਾਈ ਲਾਲੋ! ਜੇ ਇਥੇ ਦੇ ਲੋਕ ਔਖੇ ਨੇ ਸਾਡੇ ਰਹਿਣ ਨਾਲ! ਦੇਖ! ਭਾਈ ਮਰਦਾਨੇ ਦਾ ਦਿਲ ਉਦਾਸ ਹੋ ਗਿਆ। ਇਹ ਲੋਕ ਜਾਤ ਪਾਤ ਦੇ ਵਿਚ, ਨਿੰਦਿਆ, ਚੁਗਲੀ, ਈਰਖਾ, ਵਿਦਵਾਨ ਬ੍ਰਾਹਮਣ ਜਿਹੜੇ ਨੇ ਇਥੇ ਦੇ ਜਾਂ ਉੱਚੀਆਂ ਜਾਤਾਂ ਵਾਲੇ ਨੇ, ਕਹਿੰਦੇ ਇਹ ਤਾਂ ਟਿਕਣ ਨਹੀਂ ਦਿੰਦੇ। ਕਿਸੇ ਤਰ੍ਹਾਂ ਵੀ ਨਹੀਂ ਸਾਨੂੰ ਟਿਕਣ ਦਿੰਦੇ। ਹੁਣ ਅਸੀਂ ਜਾਂਦੇ ਹਾਂ ਇਥੋਂ। ਉਸ ਵੇਲੇ ਭਾਈ ਲਾਲੋ ਕਹਿਣ ਲੱਗਿਆ, ਪਾਤਸ਼ਾਹ! ਕ੍ਰਿਪਾ ਕਰੋ, ਜਾਓ ਨਾ ਹੁਣ ਆਪ ਇਥੇ ਹੀ

ਰਹੋ। ਮਹਾਰਾਜ ਕਹਿੰਦੇ, ਭਾਈ ਲਾਲੋ! ਐਸੀ ਹਾਲਤ ਦੇ ਵਿਚ ਰਹਿਣਾ ਬੜਾ ਔਖਾ ਹੈ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਝੱਟ ਕਿੱਥੇ ਲੰਘਾਵਾ ਓ,*
*ਮਾਲਕਾ ਦੁਨੀਆਂ ਟਿਕਣ ਨਾ ਦੇਵੇ।*

ਜਨਮ ਸਾਖੀ ਦੇ ਅੰਦਰ ਕੁਝ ਤੁਕਾਂ ਆਉਂਦੀਆਂ ਨੇ ਗੁਰੂ ਪਾਤਸ਼ਾਹ ਦੇ ਨਾਮ ਨਾਲ ਲਾ ਕੇ –

***ਏਸ ਕਲੀਓ ਪੰਜ ਭੀਤਿਓ***
***ਕਿਉ ਕਰਿ ਰਖਾਂ ਪਤਿ॥***
***ਜੇ ਬੋਲਾਂ ਤਾਂ ਆਖੀਐ***
***ਬੜ ਬੜ ਕਰੈ ਬਹੁਤ॥***
***ਚੁਪ ਕਰਾਂ ਤਾਂ ਆਖੀਐ***
***ਇਤ ਘਟਿ ਨਾਹੀ ਮਤਿ॥***
***ਜੇ ਬਹਿ ਰਹਾਂ ਤਾਂ ਆਖੀਐ***
***ਬੈਠਾ ਸਥਰ ਘਤ॥***
***ਉਠ ਜਾਈ ਤਾਂ ਆਖੀਐ***
***ਛਾਰੁ ਗਇਆ ਸਿਰ ਘਤਿ॥***
***ਜੇ ਕਰਿ ਨਿਵਾਂ ਤਾਂ ਆਖੀਐ***
***ਡਰਦਾ ਕਰੇ ਭਗਤ॥***
***ਕਾਈ ਗਲੀ ਨ ਮੇਵਨੀ***
***ਜਿਥੇ ਕਢਾਂ ਝੱਤਿ॥***
***ਏਥੈ ਓਥੈ ਨਾਨਕਾ ਕਰਤਾ ਰਖੈ ਪਤਿ॥***

***ਜਨਮ ਸਾਖੀ***

ਕਹਿੰਦੇ, ਭਾਈ ਲਾਲੋ! ਭਾਈ ਮਰਦਾਨੇ ਨੂੰ ਬੜੀ ਤਕਲੀਫ਼ ਹੁੰਦੀ ਹੈ। ਇਸ ਤੋਂ ਸੁਣ ਨਹੀਂ ਹੁੰਦੀਆਂ ਇਹ ਗੱਲਾਂ। ਇਥੋਂ ਤਕ ਵੀ ਹੋਇਐ ਕਿ ਇਸ ਨੂੰ ਇਸਲਾਮ ਵਾਲੇ ਵੀ ਧੱਕੇ ਮਾਰਦੇ ਨੇ ਕਿ ਹਿੰਦੂ ਦੇ ਨਾਲ ਤੁਰਿਆ ਫਿਰਦੈ। ਬਹੁਤ ਹੋਰ ਕਿਸਮ ਦੇ ਲੋਕ ਨੇ।

ਭਾਈ ਲਾਲੋ! ਵੈਰਾਗ ਦੇ ਵਿਚ ਆ ਜਾਂਦੈ। ਕਹਿਣ ਲੱਗਿਆ, ਮਹਾਰਾਜ ਕ੍ਰਿਪਾ ਕਰੋ। ਜਾਇਓ ਨਾ ਪਾਤਸ਼ਾਹ।

ਮਹਾਰਾਜ ਕਹਿੰਦੇ, ਕੋਈ ਨਾ ਭਾਈ ਲਾਲੋ ਦੇਖ ਕਰਤਾਰ ਦੇ ਰੰਗ। ਓਧਰਲੇ ਪਾਸੇ ਉਸ ਸ਼ਹਿਰ ਦਾ, ਏਮਨਾਬਾਦ ਦਾ, ਪ੍ਰਬੰਧਕ ਹੈ ਇਕ ਜਿਸ ਦਾ ਨਾਮ ਭਾਗੋ ਹੈ, ਮਲਕ ਜਾਤੀ ਹੈ ਉਹਦੀ, ਤੇ ਲੁੱਟ ਮਾਰ ਦਾ ਮੁਜੱਸਮਾ ਬਣਿਆ ਹੋਇਆ ਹੈ। ਖੋਹ-ਖਿੰਝ ਕੇ, ਲੁੱਟ ਕੇ ਬਹੁਤ ਅਮੀਰ ਬਣਿਆ ਹੋਇਆ ਹੈ। ਲੇਕਿਨ ਉਹਦੇ ਮਨ ਵਿਚ ਇਕ ਭਰਮ ਪਿਆ ਹੋਇਆ ਹੈ ਕਿ ਜਿਹੜੇ ਮੈਂ ਪਾਪ ਕਰਦਾ ਹਾਂ। ਜੇ ਮੈਂ ਇਹਦੇ ਵਿਚੋਂ ਹਿੱਸਾ ਕੱਢ ਕੇ ਸਾਧੂਆਂ ਸੰਤਾਂ ਨੂੰ ਖਲਾ ਦੇਵਾਂ ਤਾਂ ਮੇਰੇ ਪਾਪ ਜਿਹੜੇ ਨੇ ਪੁੰਨ ਵਿਚ ਬਦਲ ਜਾਣਗੇ। ਹਰ ਸਾਲ ਇਕ ਬ੍ਰਹਮ ਭੋਜ ਕਰਦੈ, ਬਹੁਤ ਵੱਡਾ। ਦੂਰ-ਦੂਰ ਦੇ ਇਲਾਕਿਆਂ ਤਕ ਜਿੱਥੇ ਕੋਈ ਸਾਧੂ, ਸੰਤ, ਬ੍ਰਾਹਮਣ, ਕੋਈ ਵੀ ਹੈ ਨਿਉਂਦਾ ਦੇ ਕੇ ਬੁਲਾਉਂਦੈ। ਆਮ ਜਨਤਾ ਨੂੰ ਵੀ ਨਿਉਂਦਾ ਦੇ ਕੇ ਬੁਲਾਉਂਦੈ। ਅੱਜ ਉਸ ਦਾ ਬ੍ਰਹਮ ਭੋਜ ਹੋ ਰਿਹੈ। ਉਸ ਨੇ ਕਿਹਾ ਕਿ ਜਾਓ ਭਾਈ! ਜਾ ਕੇ ਨਿਉਂਦੇ ਦੇ ਕੇ ਆਓ। ਦੌੜੇ ਫਿਰਦੇ ਨੇ, ਨਾਲੇ ਸਲਾਹਾਂ ਕਰਦੇ ਨੇ ਕਿ ਗੁਰੂ ਨਾਨਕ ਨੂੰ ਦੇ ਕੇ ਆਈਏ। ਉਥੇ ਆ ਗਏ। ਕਹਿੰਦੇ, ਤਪਾ ਜੀ! ਸਾਨੂੰ ਪਤਾ ਹੈ ਕਿ ਸ਼ੂਦਰ ਦੇ ਘਰ ਰੋਟੀ ਖਾਂਦੇ ਹੋ ਤੁਸੀਂ। ਖੱਤਰੀ ਹੋ ਕੇ। ਤੁਹਾਡੀ ਬੁੱਧੀ ਉਲਟੀ ਹੋਈ-ਹੋਈ ਹੈ। ਆ ਤੁਹਾਨੂੰ ਅੱਜ ਪ੍ਰਸ਼ਾਦੇ ਛਕਾਈਏ ਤੇ ਤੁਹਾਡੀ ਜਾਤੀ ਦੇ ਮਲਕ ਭਾਗੋ ਨੇ ਜਿਹੜਾ ਖੱਤਰੀ ਹੈ, ਉਹਨੇ ਅੱਜ ਬ੍ਰਹਮ ਭੋਜ ਲਾਇਆ ਹੈ, ਅੱਜ ਤੁਸੀਂ ਸ਼ੁੱਧ ਅੰਨ ਵੀ ਖਾ ਕੇ ਦੇਖ ਲਓ ਤੇ ਤੁਹਾਨੂੰ ਬੁਲਾਇਆ ਉਸ ਨੇ।

ਮਹਾਰਾਜ ਰੋੜੀ ਸਾਹਿਬ ਨੂੰ ਜਾ ਰਹੇ ਸੀ। ਕਹਿੰਦੇ, ਭਾਈ! ਸਾਨੂੰ ਤਾਂ ਲੋੜ ਹੀ ਨਹੀਂ, ਭੁੱਖ ਹੀ ਨਹੀਂ ਹੈ। ਕਹਿੰਦੇ, ਫੇਰ ਜਾਣਾ ਪੈਣਾ ਤੁਹਾਨੂੰ। ਤਾਂ ਹੀ ਤੁਹਾਨੂੰ ਕੁਰਾਹੀਆ ਕਹਿੰਦੇ ਨੇ। ਰਾਹ ਦੀ ਤੁਸੀਂ ਗੱਲ ਨਹੀਂ ਕਰਦੇ, ਉਲਟੀ ਗੱਲ ਕਰਦੇ ਹੋ। ਸਾਰੇ ਸਾਧੂ, ਸੰਤ, ਮਹਾਂਪੁਰਸ਼ ਜਾ ਰਹੇ ਨੇ, ਤੁਸੀਂ ਕਹਿੰਦੇ ਹੋ ਮੈਨੂੰ ਭੁੱਖ ਹੀ ਨਹੀਂ ਹੈ। ਕਹਿੰਦੇ, ਜ਼ਬਰਦਸਤੀ ਖਿਲਾਉਣੈ? ਕਹਿੰਦੇ, ਜਾਣਾ ਹੀ ਪੈਣੈ ਉਥੇ। ਮਹਾਰਾਜ ਕਹਿੰਦੇ, ਜੇ ਨਾ ਜਾਈਏ?

ਕਹਿੰਦੇ, ਫੇਰ ਹੁਣੇ ਪਤਾ ਲਗ ਜੂ।

ਜਾ ਕੇ ਮਲਕ ਨੂੰ ਕਹਿਣ ਲੱਗੇ, ਮਲਕ ਜੀ! ਇਥੇ ਇਕ ਕੁਰਾਹੀਆ ਰਹਿੰਦੈ। ਨਾਨਕ ਉਹਦਾ ਨਾਉਂ, ਤਪਾ ਵੀ ਉਹਨੂੰ ਕਹਿੰਦੇ ਨੇ। ਕਹਿੰਦੇ, ਉਹ ਕਿਸੇ ਦੀ ਪਰਵਾਹ ਨਹੀਂ ਕਰਦਾ। ਸ਼ੂਦਰ ਦੇ ਘਰ ਰੋਟੀ ਖਾਂਦੈ। ਅਸੀਂ ਤੁਹਾਡਾ ਨਾਉਂ ਲਿਆ, ਗਿਣਿਆ ਹੀ ਨਹੀਂ ਉਹਨੇ ਕੁਛ। ਜਿਵੇਂ ਕਿਤੇ ਜਾਣਦਾ ਹੀ ਨਹੀਂ ਹੁੰਦਾ। ਸਾਨੂੰ ਅੱਗੋਂ ਕਹਿੰਦਾ, ਮੈਂ ਤਾਂ ਉਸ ਨੂੰ ਜਾਣਦਾ ਨਹੀਂ, ਮੇਰਾ ਕੀ ਕੰਮ ਉਹਦੇ ਨਾਲ? ਮੈਨੂੰ ਜਦੋਂ ਲੋੜ ਹੀ ਨਹੀਂ, ਮੈਂ ਕਿਉਂ ਜਾ ਕੇ ਉਹਦੇ ਰੋਟੀਆਂ ਖਾਵਾਂ।

ਕਹਿਣ ਲੱਗੇ, ਬੜਾ ਅਭਿਮਾਨ ਵਾਲਾ ਹੈ। ਕਹਿੰਦੇ, ਰੀਤ ਤਜ ਦਿਤੀ ਜਿਹੜੀ ਅਸਲੀ ਕਰਮ ਕਾਂਡ ਦੀ ਸੀ। ਤੇ ਉਲਟੇ ਕਰਾਹ ਦੇ ਵਿਚ ਪੈਰ ਧਰਦੈ। ਸ਼ੂਦਰ ਦੇ ਘਰ ਭੋਜ ਕਰਦਾ ਹੈ। ਨਾ ਤਾਂ ਕਹਿੰਦੇ ਡਰਦਾ ਹੈ, ਨਾ ਇਥੇ ਆਉਂਦਾ ਹੈ।

ਮਲਕ ਨੇ ਕਿਹਾ ਕਿ ਫੇਰ ਜਾਓ, ਬੁਲਾ ਕੇ ਲਿਆਓ। ਫੇਰ ਜਾਂਦੇ ਨੇ। ਮਹਾਰਾਜ ਕਹਿੰਦੇ, ਤੁਹਾਨੂੰ ਕਹਿ ਤਾਂ ਦਿਤਾ। ਭਾਈ ਲਾਲੋ ਆਉਂਦੈ, ਬਹੁਤ ਬੇਨਤੀਆਂ ਕਰਦਾ ਕਿ ਇਹ ਤਾਂ ਬਹੁਤ ਬੰਦਗੀ ਵਾਲੇ ਨੇ। ਤੁਸੀਂ ਕਾਹਨੂੰ ਇਹ ਗੱਲਾਂ ਕਹਿ ਰਹੇ ਹੋਂ।

ਕਹਿੰਦੇ, ਇਹ ਤਾਂ ਲੈ ਕੇ ਜਾਣੇ ਨੇ ਅਸੀਂ।

ਮਹਾਰਾਜ ਕਹਿੰਦੇ, ਭਾਈ ਲਾਲੋ! ਤੂੰ ਚੁੱਪ ਕਰ, ਤੂੰ ਨਾ ਫਿਕਰ ਕਰ ਸਾਡਾ। ਜੋ ਹੋਣੈ ਉਹ ਹੋਣਾ ਹੀ ਹੈ। ਤੂੰ ਦੇਖਦਾ ਰਹਿ ਕੀ ਹੁੰਦੈ। ਮਹਾਰਾਜ ਫੇਰ ਨਾ ਗਏ। ਦੂਜੀ ਵਾਰੀ ਜਾ ਕੇ ਦਸਿਆ। ਜਦੋਂ ਕਹਿੰਦਾ, ਪੰਜ ਸਿਪਾਹੀ ਜਾਓ, ਰੱਸਿਆਂ ਨਾਲ ਬੰਨ੍ਹ ਕੇ ਲੈ ਆਓ ਉਹਨੂੰ।

ਉਸੇ ਵੇਲੇ ਆਏ, ਆ ਕੇ ਕਹਿਣ ਲੱਗੇ, ਤਪਾ ਜੀ! ਜਾਂ ਤਾਂ ਆਪੇ ਨਿਕਲ ਆਓ ਬਾਹਰ, ਨਹੀਂ ਤਾਂ ਅਸੀਂ ਬੰਨ੍ਹ ਕੇ ਲੈ ਜਾਣੇ ਨੇ। ਹੁਕਮ ਹੈ, ਐਡੇ ਪ੍ਰਤਾਪ ਵਾਲੇ ਅਫ਼ਸਰ ਨੂੰ ਤੁਸੀਂ ਕੀ ਸਮਝਦੇ ਹੋਂ? ਧਮਕਾਂ ਦਿੰਦੇ ਨੇ।

ਮਹਾਰਾਜ ਕਹਿੰਦੇ, ਕੋਈ ਗੱਲ ਨਹੀਂ, ਅਸੀਂ ਆਪ ਹੀ ਚਲਦੇ ਹਾਂ। ਆਪ ਚਲੇ ਗਏ, ਜਾ ਕੇ ਸਿੱਧੇ ਹੀ ਖੜ੍ਹੇ ਹੋ ਕੇ, ਨਾ ਕੋਈ ਜੈ ਰਾਮ ਨਾ ਨਮਸਤੇ, ਕਿਉਂ ਕਰਨੀ ਸੀ। ਉਹਨਾਂ ਨੂੰ ਡਰ ਹੁੰਦੈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਸ ਦਾ ਡਰ। ਉਹ ਤਾਂ ਬੇਪਰਵਾਹ ਹੋਇਆ ਕਰਦੇ ਨੇ –

*ਧਾਰਨਾ – ਰੰਗ ਹਸਦੇ ਤੇ ਰੰਗ ਰੋਂਦੇ,*
*ਪਰਵਾਹ ਨਾ ਕਿਸੇ ਦੀ ਰਖਦੇ ਸਾਧੂ।*

*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥*

*ਅੰਗ- ੪੭੩*

'ਰੰਗ' ਪਿਆਰ ਨੂੰ ਕਹਿੰਦੇ ਨੇ। ਪਿਆਰ 'ਚ ਆ ਕੇ ਹਸਦੇ ਨੇ, ਪਿਆਰ 'ਚ ਆ ਕੇ ਵੈਰਾਗ ਕਰਦੇ ਨੇ। 'ਚੁਪ ਭੀ ਕਰਿ ਜਾਹਿ' ਮਰਜ਼ੀ ਹੈ ਨਹੀਂ ਕਿਸੇ ਨਾਲ ਬੋਲਣਾ ਤਾਂ। ***'ਪਰਵਾਹ ਨਾਹੀ ਕਿਸੈ ਕੇਰੀ'*** ਸੰਸਾਰ ਦੇ ਬੰਦਿਆਂ ਦੀ ਕਿਸੇ ਦੀ ਪਰਵਾਹ ਨਹੀਂ ਹੋਇਆ ਕਰਦੀ। ਸੰਤ ਜਿਹੜਾ ਸਹੀ ਹੈ। ਹੁੰਦਾ ਨਿਮਰਤਾ ਦਾ ਪੁੰਜ ਹੈ, ਲੇਕਿਨ ਗਰਜ਼ ਨਹੀਂ ਕਿਸੇ ਨਾਲ ਵੀ ਹੁੰਦੀ। ਕੋਈ ਗੱਲ ਨਹੀਂ ਸੋਚਦੇ। ਕਿਉਂਕਿ ਉਹਨਾਂ ਦਾ ਮਾਲਕ ਜਿਹੜਾ ਹਰ ਵਕਤ ਨਾਲ ਰਹਿੰਦੈ –

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*

*ਅੰਗ- ੬੭੭*

ਐਸੇ ਦੋਸਤ, ਮਿੱਤਰ ਨੂੰ ਜਿਹੜਾ ਹਰ ਵਕਤ ਨਾਲ ਰਹਿੰਦੈ। ਉਹਨੂੰ ਗੈਰਹਾਜ਼ਰੀ 'ਚ ਪਾ ਕੇ, ਫੇਰ ਡਰਦਾ ਤਾਂ ਉਹੀ ਹੈ ਜਿਹਦੇ 'ਚੋਂ ਵਾਹਿਗੁਰੂ ਭੁੱਲ ਜਾਵੇ ਜਾਂ ਡਰਦੈ ਪਾਪ ਕਰਨ ਵਾਲਾ –

*ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥*

*ਅੰਗ – ੮੪*

ਗਰਜ ਨਹੀਂ ਕਿਸੇ ਨਾਲ ਹੋਇਆ ਕਰਦੀ। ਸਭ ਦੇ ਆਪਣੇ ਹੁੰਦੇ ਨੇ, ਸਭ ਤੋਂ ਨਿਆਰੇ ਹੁੰਦੇ ਨੇ। ਮੌਜ ਵਿਚ ਰਹਿੰਦੇ ਨੇ।

ਬਾਬਾ ਨੰਦ ਸਿੰਘ ਜੀ ਪਟਿਆਲੇ ਵਾਲੇ। ਆਪ ਦਾ ਜਾਮਾ ਜਿਹੜਾ ਸੀ ਇਸਤ੍ਰੀ ਦਾ ਸੀ। ਪਹਿਲਾਂ ਜਿਹੜੇ ਬਾਬੇ ਸੀਗੇ। ਉਹਨਾਂ ਦੇ ਕੋਲ ਮਹਾਰਾਜਾ ਪਟਿਆਲਾ ਆਇਆ। ਉਹਨਾਂ ਦਾ ਨਾਮ ਬੀਬੀ ਜਸ ਕੌਰ ਸੀ। ਲੇਕਿਨ ਬਾਬਾ ਜੱਸਾ ਸਿੰਘ ਜੀ ਕਹਿੰਦੇ ਹੁੰਦੇ ਸੀ ਉਹਨਾਂ ਨੂੰ। ਕਛਹਿਰਾ ਤੇੜ ਰਖਦੇ ਹੁੰਦੇ। ਉਤੇ ਗਿਲਟੀ ਮਾਰ ਕੇ ਰਖਦੇ ਹੁੰਦੇ। ਸਿਰ ਦੇ ਉਤੇ ਦੋ ਗਜ਼ ਪਰਨਾ ਬੰਨ੍ਹ ਰਖਣਾ। ਆਹ ਰਹਿਤ ਸੀ ਉਹਨਾਂ ਦੀ। ਰਾਜੇ ਮਹਾਰਾਜੇ ਆਉਂਦੇ ਹੁੰਦੇ ਸੀ ਆਪ ਦੇ ਪਾਸ। ਇਕ ਵਾਰੀ ਮਹਾਰਾਜਾ ਰਜਿੰਦਰ ਸਿੰਘ ਵਲੈਤ ਗਿਆ। ਉਥੋਂ ਦੁਸ਼ਾਲੇ ਲੈ ਆਇਆ। ਦੁਸ਼ਾਲੇ ਲਿਆ ਕੇ ਬਾਬਾ ਜੀ ਦੀ ਭੇਟਾ ਕਰੇ। ਰੇਸ਼ਮ ਦੇ ਕੱਪੜੇ ਬਹੁਤ ਸੋਹਣੇ ਖਰੀਦ ਕੇ ਲਿਆਇਆ। ਕਹਿਣ ਲੱਗਿਆ, ਬਾਬਾ ਜੀ! ਇਹ ਬਹੁਤ ਵਧੀਆ, ਕੀਮਤੀ ਚੀਜ਼ਾਂ ਹਿੰਦੁਸਤਾਨ ਤਾਂ ਮਿਲਦੀਆਂ ਨਹੀਂ, ਮੈਂ ਤਾਂ ਸ਼ਿਪ ਕਰਕੇ ਲਿਆਇਆ ਹਾਂ ਨਾਲ। ਜਦੋਂ ਤੁਸੀਂ ਵਰਤੋਂਗੇ, ਤੁਹਾਨੂੰ ਪਤਾ ਲੱਗੇਗਾ। ਅੱਠ ਦਸ ਵਾਰੀ ਕਹਿ ਦਿਤਾ ਉਹਨੇ ਕਿ ਮੈਂ ਇਸ ਤਰ੍ਹਾਂ ਲਿਆਇਆ, ਮੈਂ ਹੀ ਲਿਆ ਸਕਦਾਂ, ਹੋਰ ਨਹੀਂ ਕੋਈ ਲਿਆ ਸਕਦਾ। ਸਾਰਾ ਸਮਾਨ ਬਾਬਾ ਜੀ ਨੇ ਉਥੇ ਹੀ ਛੱਡ ਦਿਤਾ। ਉਥੇ ਚਾਰ ਪੰਜ ਸੌ ਕੁੱਤਾ ਰਿਹਾ ਕਰਦਾ ਸੀ। ਰਾਤ ਨੂੰ ਕੁੱਤੇ ਚਾਮਲੇ ਲੱਗ ਗਏ। ਰਾਤ ਨੂੰ ਰੇਸ਼ਮ ਦੇ ਥਾਨ ਖਿੱਚਣ, ਗਲੀਚੇ ਖਿੱਚਣ, ਸਾਰੀ ਰਾਤ ਪਾੜਦੇ ਹੀ ਰਹੇ।

ਮਹਾਰਾਜਾ ਸਵੇਰੇ ਹੀ ਆਇਆ ਦੇਖਣ ਵਾਸਤੇ ਕਿ ਬਾਬਿਆਂ ਨੇ ਕਿਹੜੇ-ਕਿਹੜੇ ਕਮਰੇ 'ਚ ਲਾ ਦਿਤੇ। ਕੀ ਵਿਉਂਤ ਕਰੀ ਹੈ। ਦਰਜ਼ੀ ਨੂੰ ਨਾਲ ਲਿਆਇਆ ਕਿ ਇਥੇ ਵਸਤਰ ਵੀ ਇਹਨਾਂ ਦੇ ਸਿਉਂ ਦਿਉ। ਬਹੁਤ ਵਧੀਆ ਵਸਤਰ ਨੇ। ਰਸਤੇ 'ਚ ਕੀ ਦੇਖਦੈ, ਪੱਛੋਂ ਦੀ ਹਵਾ ਚਲਦੀ ਹੈ, ਲੀਰਾਂ ਚੁੱਕ ਕੇ ਹਵਾ ਨੇ ਵਾੜ ਦੇ ਉਤੇ ਮਾਰੀਆਂ, ਖੇਤ ਨੇੜੇ ਸੀਗੇ। ਗੰਦੇ ਨਾਲੇ ਦੇ ਕੰਢੇ ਹੈ ਇਹ, ਜਿਥੇ ਅੱਜਕੱਲ੍ਹ ਗੁਰਮਤਿ ਕਾਲਜ ਹੈ।

ਮਹਾਰਾਜਾ ਘੋੜੇ 'ਤੇ ਸਵਾਰ ਹੋਇਆ ਜਾਂਦੈ, ਕਹਿੰਦਾ ਦੇਖੋ ਤਾਂ ਆਹ ਲੀਰਾਂ ਕਿੱਥੋਂ ਆ ਗਈਆਂ? ਨਾਲ ਦੇ ਅਫਸਰ ਤੇ ਅੰਗ ਰਖਿਅੱਕ ਕਹਿਣ ਲੱਗੇ ਕਿ ਮਹਾਰਾਜ! ਇਹ ਤਾਂ ਉਹੀ ਦੁਸ਼ਾਲੇ ਨੇ ਜਿਹੜੇ ਤੁਸੀਂ ਕੱਲ੍ਹ ਭੇਟਾ ਕਰਕੇ ਆਏ ਹੋਂ। ਕਹਿੰਦੇ, ਕਮਾਲ ਹੈ, ਸਾਧਾਂ ਨੂੰ ਇਸ ਤਰ੍ਹਾਂ ਨਹੀਂ ਪਤਾ ਬਈ ਐਨੀ ਕੀਮਤ ਨਾਲ ਤੇ ਐਨੀ ਮਿਹਨਤ ਨਾਲ ਮੈਂ ਲੈ ਕੇ ਆਇਆ ਹਾਂ। ਕਮਾਲ ਦੀ ਗੱਲ ਹੈ। ਕਹਿੰਦਾ ਮੈਂ ਤਾਂ ਐਵੇਂ ਹੀ ਦੇ ਦਿਤੇ। ਬਾਬਾ ਜੀ ਦੇ ਕੋਲ ਚਲਿਆ ਗਿਆ। ਦੂਰੋਂ ਹੀ ਹਾਕ ਮਾਰੀ।

ਕਹਿੰਦੇ, ਰਾਜਨ! ਵਾਹ ਬਈ ਵਾਹ, ਜਿਹੜੇ ਤੇਰੇ ਲਿਆਂਦੇ ਹੋਏ ਸੀ ਨਾ ਕੱਪੜੇ। ਉਹ ਐਨੇ ਤਕੜੇ ਨੇ, ਮਜ਼ਬੂਤ ਨੇ, ਸਾਡੇ ਕੁੱਤਿਆਂ ਦਾ ਸਾਰਾ ਹੀ ਜ਼ੋਰ ਲਗ ਗਿਆ ਉਹਨਾਂ ਨੂੰ ਪਾੜਨ 'ਚ। ਕਹਿੰਦੇ, ਹੁਣ ਤੂੰ ਇਹਨਾਂ ਨੂੰ ਰੱਜਵਾਂ ਪ੍ਰਸ਼ਾਦ, ਪੰਜ ਸੌ ਰੁਪਏ ਦਾ ਪ੍ਰਸ਼ਾਦ ਕਰ ਤਾਂ ਇਹਨਾਂ ਦਾ ਥਕੇਵਾਂ ਲਹਿਣੈ।

ਕਿੱਡੀ ਬੇਪਰਵਾਹੀ ਹੈ। ਉਹ ਤਾਂ ਕਹਿੰਦਾ ਹੈ ਕਿ ਮੈਂ ਗਲੀਚੇ ਲੈ ਕੇ ਆਇਆ ਹਾਂ। ਮੈਂ ਲੰਡਨ ਤੋਂ ਲੈ ਕੇ ਆਇਆ ਹਾਂ। ਜਿਹੜੀ ਉਹਦੇ 'ਚ 'ਮੈਂ' ਬੋਲਦੀ ਸੀ, ਉਹ ਬਾਬਿਆਂ ਨੂੰ ਭਾਈ ਨਾ। ਉਹ ਕਹਿੰਦੇ, ਤੇਰੀ ਮੈਂ ਦਾ ਆਹੀ ਇਲਾਜ ਹੈ। ਇਹ ਬੇਪਰਵਾਹੀ ਹੈ।

ਮਹਾਰਾਜਾ ਨਾਭਾ, ਹੀਰਾ ਸਿੰਘ ਬੜਾ ਸਿਆਣਾ ਰਾਜਾ ਹੋਇਐ। ਉਹ ਸਾਧੂ ਸੰਤਾਂ ਦਾ ਅੰਤਵਾਰਾ ਲੈਂਦਾ ਸੀ। ਜਿਹੜਾ ਵੀ ਸੰਤ ਜਾਣਾ, ਐਸਾ ਉਹਦੇ ਕੋਲ ਬਚਨ ਕਰ ਦੇਣਾ ਜਿਹਦਾ ਜਵਾਬ ਨਹੀਂ ਸੀ ਵਿਚਾਰਿਆਂ ਨੂੰ ਆਉਂਦਾ। ਉਹ ਸਮਝ ਜਾਂਦਾ ਸੀ ਕਿ ਐਵੇਂ ਹੀ ਇਹ ਤਾਂ ਰੋਟੀਆਂ ਖਾਣ ਵਾਲਾ ਹੀ ਹੈ।

ਸੰਤ ਮਸਤੂਆਣੇ ਵਾਲੇ ਗਏ। ਕਹਿੰਦਾ, ਬਾਬਾ ਜੀ! ਇਕ ਤੁਕ ਦਾ ਮਤਲਬ ਨਹੀਂ ਮੈਨੂੰ ਸਮਝ ਆਉਂਦਾ? ਉਹ ਜਾਣਦੇ ਸੀ ਕਿ ਇਹਨੇ ਕੋਈ ਇਹੋ ਜਿਹੀ ਅਜੀਬ ਗੱਲ ਕਰਨੀ ਹੈ। ਸੀਗਾ ਸਿਆਣਾ।

ਕਹਿੰਦੇ, ਦਸ ਰਾਜਨ! ਕੀ ਹੈ?

ਕਹਿੰਦਾ, ਝੁਮਕੇ ਲੈਣ ਹੁਲਾਰੇ, ਡੰਡੀਆਂ ਨੂੰ ਵਲ ਪੈ ਗਏ।

ਬੋਲੀ ਹੈ ਇਹ।

ਬਾਬਾ ਜੀ ਚੁੱਪ ਹੋ ਗਏ। ਕਹਿਣ ਲੱਗੇ, ਰਾਜਨ! ਤੂੰ ਚੌਥੇ ਪਦ ਦੀ ਗੱਲ ਕਰ ਦਿਤੀ। ਕਹਿੰਦੇ ਜਿਹੜੇ ਝੁਮਕੇ ਨੇ, ਰਸੀਏ ਪ੍ਰਮੇਸ਼ਰ ਦਾ ਨਾਮ ਲੈਣ ਵਾਲੇ। ਜਦ ਉਹਨਾਂ ਦੀ ਬਿਰਤੀ ਦਸਮ ਦੁਆਰ 'ਚ ਪਹੁੰਚਦੀ ਹੈ ਤੇ ਉਸ ਥਾਂ ਦੇ ਉਤੇ ਅੰਮ੍ਰਿਤ ਝਰਦੈ। ਫੇਰ ਕਹਿੰਦੇ, ਉਹ ਐਵੇਂ ਨਹੀਂ ਬੈਠ ਸਕਦੇ। ਉਹ ਹੁਲਾਰੇ ਲੈਂਦੇ ਨੇ। ਪਰ ਜਿਹਨਾਂ ਦੀਆਂ ਵਾਸ਼ਨਾ ਰੂਪੀ ਡੰਡੀਆਂ ਦੇ ਵਿਚ ਵਲ ਪਏ ਹੋਏ ਨੇ, ਉਹ ਨਹੀਂ ਇਥੇ ਪਹੁੰਚ ਸਕਦੇ। ਉਹ ਦੁਨੀਆਂ ਦੇ ਵਿਚ ਦੁਖੀ ਹੁੰਦੇ ਨੇ। ਸੋ ਐਸੇ ਪ੍ਰਸ਼ਨ ਉਹ ਕਰਿਆ ਕਰਦਾ ਸੀ।

ਉਹਨੇ ਦੇਖਿਆ ਕਿ ਬਾਬਾ ਜੱਸਾ ਸਿੰਘ ਦੀ ਮਹਿਮਾ ਬੜੀ ਹੈ। ਮੈਂ ਦੇਖਾਂ ਤਾਂ ਸਹੀ ਇਹ ਸੰਤ ਕਿੰਨੇ ਕੁ ਪਾਣੀ 'ਚ ਹੈ। ਕਈ ਸੰਤਾਂ ਨੂੰ ਪਰਖਣ ਵਾਸਤੇ ਆ ਜਾਇਆ ਕਰਦਾ ਸੀ।

ਇਕ ਵਾਰੀ ਸੰਤ ਮਹਾਰਾਜ ਜੀ ਬੈਠੇ। ਬੈਠੇ-ਬੈਠੇ ਅਚਾਨਕ ਬੋਲ ਪਏ, ਸੰਗਤ ਚੁੱਪ ਕਰੀ ਹੋਈ ਹੈ। ਪਹਿਲਾਂ ਹਸੇ ਜ਼ੋਰ ਨਾਲ, ਫੇਰ ਬੋਲ ਪਏ। ਅਸੀਂ ਕਿਹਾ ਕਿ ਪਤਾ ਨਹੀਂ ਕੀ ਗੱਲ ਹੋਈ ਹੈ?

ਕਹਿੰਦੇ, ਦੱਸੋ ਬਈ! ਕਿਹੜਾ-ਕਿਹੜਾ ਕਹਿੰਦੈ?

ਅਸੀਂ ਕਿਹਾ ਕਿ ਕੋਈ ਗੱਲ ਅਜੀਬ ਹੋਏਗੀ।

ਕਹਿੰਦੇ, ਕਿਹੜਾ-ਕਿਹੜਾ ਹੈ ਤੁਹਾਡੇ ਵਿਚੋਂ ਜਿਹੜਾ ਇਹ ਕਹਿੰਦੈ ਕਿ ਮੇਰਾ ਨਾਉਂ ਲੈ ਕੇ ਬੁਲਾਉਣ ਮੈਂ ਤਾਂ ਮੰਨਾਂਗਾ ਇਹ ਸੰਤ ਨੇ।

ਕਹਿੰਦੇ, ਇਕ ਕਹਿੰਦੈ ਕਿ ਮੇਰੇ ਸਵਾਲ ਦਾ ਜਵਾਬ ਦੇਣ, ਮੈਂ ਤਾਂ ਮਨੂੰ।

ਕਹਿੰਦੇ, ਅਸੀਂ ਤੁਹਾਡੇ ਤੋਂ ਮਨਾ ਕੇ ਲੈਣਾ ਕੀ ਹੈ? ਲਓ, ਕਹਿੰਦੇ, ਮੈਂ ਦਸ ਦਿੰਦਾਂ, ਫੇਰ ਸਾਡੀ ਕਸਵੱਟੀ ਸਹਿ ਲਓਂਗੇ? ਅਸੀਂ ਵੀ ਲਾਵਾਂਗੇ ਫੇਰ ਅੱਗੇ ਕਸਵੱਟੀ।

ਹੱਥ ਬੰਨ੍ਹ ਕੇ ਖੜ੍ਹੇ ਹੋ ਗਏ ਕਿ ਮਹਾਰਾਜ! ਭੁੱਲ ਹੋ ਗਈ।

ਕਹਿੰਦੇ, ਓਏ, ਸੰਤਾਂ ਦਾ ਅੰਤਵਾਰਾ ਲੈਂਦੇ ਹੋਂ। ਉਹ ਤਾਂ ਪ੍ਰਮੇਸ਼ਰ ਦੇ ਪਿਆਰੇ ਲੀਨ ਅਵਸਥਾ ਦੇ ਹੁੰਦੇ ਨੇ ਤੇ ਉਹਨਾਂ ਦੀ ਅਵਸਥਾ ਤਾਂ ਬਹੁਤ ਉੱਚੀ ਹੋਇਆ ਕਰਦੀ ਹੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਸੱਚੇ ਓ ਪਾਤਸ਼ਾਹ, ਸੱਚੇ ਨਾਲ ਰੱਤੇ ਜਿਹੜੇ।*

*ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ ॥*

*ਅੰਗ- ੭੪੯*

ਜਿਹਦਾ ਮਨ ਰੱਤ ਗਿਆ, ਪ੍ਰਮੇਸ਼ਰ ਦੇ ਪਿਆਰ ਵਿਚ ਲੀਨ ਹੋ ਗਿਆ। ਮਹਾਰਾਜ ਕਹਿੰਦੇ, ਉਹ ਤਾਂ ਸੱਚੇ ਪਾਤਸ਼ਾਹ ਨੇ। ਸੱਚੀ ਪਾਤਸ਼ਾਹੀ ਭਗਤ ਜਨਾਂ ਨੂੰ ਦਿਤੀ ਹੈ -

*ਕੋਊ ਹਰਿ ਸਮਾਨਿ ਨਹੀ ਰਾਜਾ ॥*
*ਏ ਭੂਪਤਿ ਸਭ ਦਿਵਸ ਚਾਰਿ ਕੇ*
*ਝੂਠੇ ਕਰਤ ਦਿਵਾਜਾ ॥ ੧ ॥* *ਅੰਗ- ੮੫੬*

ਮਹਾਰਾਜ ਕਹਿੰਦੇ, ਇਹਨਾਂ ਰਾਜਿਆਂ ਦੀਆਂ ਗੱਲਾਂ ਕਰਦੇ ਹੋਂ। ਇਹਦਾ ਤਾਂ ਝੂਠੇ ਨੇ ਪਿਆਰਿਓ। ਕੁਛ ਵੀ ਨਹੀਂ ਹੈ ਇਹਨਾਂ ਦੀ ਅਵਸਥਾ। ਰਾਜੇ ਹੁੰਦੇ ਨੇ -

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*

*ਅੰਗ - ੭੦੭*

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥* *ਅੰਗ- ੫*

*ਚਲਦਾ.................।'*

# ਅਦਾਰਾ ਆਤਮ ਮਾਰਗ ਵਲੋਂ ਪ੍ਰਕਾਸ਼ਿਤ ਪਿਆਰੇ ਮਹਾਂਪੁਰਸ਼ਾਂ (ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ) ਵਲੋਂ ਰਚਿਤ ਪੁਸਤਕਾਂ ਦੀ ਜਾਣ-ਪਛਾਣ

*ਡਾ. ਜਗਜੀਤ ਸਿੰਘ*

## ਪੁਸਤਕ : ਅਮਰ ਗਾਥਾ (ਪੰਨੇ 339)

### ਪੁਸਤਕ ਵਿਚ ਪ੍ਰਾਪਤ ਸਾਮੱਗਰੀ ਦਾ ਸਾਰੰਸ਼

ਨਿਰਸੰਦੇਹ 'ਅਮਰ ਗਾਥਾ' ਅਮਰ ਕਥਾ ਦਾ ਹੀ ਆਧੁਨਿਕ ਰੂਪ ਹੈ। ਪੁਰਾਤਨ ਸਮੇਂ ਵਿਚ ਸ਼ਿਵ ਜੀ ਮਹਾਰਾਜ ਪਾਰਬਤੀ ਜੀ ਨੂੰ ਅਮਰਨਾਥ ਦੀ ਗੁਫਾ ਵਿਚ 'ਅਮਰ ਕਥਾ' ਸੁਣਾ ਰਹੇ ਸਨ ਜੋ ਇਕ ਤੋਤੇ ਨੇ ਸੁਣੀ ਅਤੇ ਉਹ ਅਮਰਤਾ ਨੂੰ ਪ੍ਰਾਪਤ ਹੋਇਆ, ਉਸ ਨੂੰ ਮਨੁੱਖੀ ਜਾਮਾ ਮਿਲਿਆ ਅਤੇ ਉਹ ਸੁਕਦੇਵ ਮੁਨੀ ਦੇ ਨਾਮ ਨਾਲ ਸੰਸਾਰ ਭਰ ਵਿਚ ਪ੍ਰਸਿੱਧ ਹੋਇਆ। ਇਸ ਤਰ੍ਹਾਂ ਹੀ ਰਤਵਾੜਾ ਸਾਹਿਬ ਦੇ ਮਹਾਂਪੁਰਸ਼ਾਂ ਵਲੋਂ ਪ੍ਰਸਤੁੱਤ ਇਸ 'ਅਮਰ ਗਾਥਾ' ਨੂੰ ਸੁਣ ਕੇ, ਪੜ੍ਹ ਕੇ ਅਤੇ ਕਮਾਈ ਕਰਨ ਵਾਲਾ ਮਨੁੱਖ ਸਹਿਜੇ ਹੀ ਅਮਰ ਪਦ ਪ੍ਰਾਪਤ ਕਰ ਸਕਦਾ ਹੈ। ਐਸਾ ਇਸ ਪੁਸਤਕ ਦਾ ਮਹਾਤਮ ਹੈ ਜੋ ਮਹਾਂਪੁਰਸ਼ਾਂ ਨੇ ਪੁਸਤਕ ਦੀ ਸੰਪੰਨਤਾ ਤੇ ਪ੍ਰਗਟ ਕੀਤਾ ਹੈ। ਇਸ ਪੁਸਤਕ ਦਾ ਮੁੱਖ ਪਾਤਰ ਸੰਗਲਾਦੀਪ (ਸ੍ਰੀ ਲੰਕਾ) ਦਾ ਰਾਜਾ ਸ਼ਿਵਨਾਭ ਹੈ। ਰਾਜਾ ਸ਼ਿਵਨਾਭ ਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਉਪਰੰਤ ਪੂਰਨ ਪ੍ਰਤੀਤੀ ਪ੍ਰਾਪਤ ਹੋਈ, ਅੰਦਰ ਬਾਹਰ ਪਰਮ ਜੋਤਿ ਪ੍ਰਗਟ ਹੋਈ ਅਤੇ ਉਸ ਨੇ ਸਭ ਜਗਿਆਸੂਆਂ ਨੂੰ ਇਹ ਅਮਰ ਸੰਦੇਸ਼ ਦਿਤਾ:-

"ਗੁਰੂ (ਨਾਨਕ ਦੇਵ ਜੀ) ਸਤਿਸੰਗ ਵਿਚ ਸਦੀਵ ਹੀ ਬਿਰਾਜਣਗੇ। ਸ਼ਬਦ ਦੀ ਕਮਾਈ ਕਰੋ, ਜਦੋਂ ਇਹ ਸਰੀਰ ਛੁੱਟ ਜਾਵੇਗਾ, ਤਾਂ ਗੁਰੂ ਦੀ ਦਰਗਾਹ ਵਿਚ ਨਿਵਾਸ ਮਿਲੇਗਾ ਅਤੇ ਸਦੀਵ ਮਿਲਣ ਦੀ ਅਵਸਥਾ ਪ੍ਰਾਪਤ ਹੋਵੇਗੀ। ਗੁਰੂ ਅਤੇ ਸਿੱਖ ਅਭੇਦ ਹੋ ਜਾਇਆ ਕਰਦੇ ਹਨ, ਗੁਰ ਭੀ ਅਜ਼ਲੀ ਜੋਤ ਹੈ, ਬੰਦਾ ਭੀ ਆਤਮ ਜੋਤ ਹੈ, ਦੋਨੋਂ ਇਕੋ ਹਨ। ਗੁਰੂ ਨਾਲ ਅਭੇਦ ਅਵਸਥਾ ਗੁਰੂ ਪ੍ਰੇਮ ਰਾਹੀਂ ਪ੍ਰਾਪਤ ਹੁੰਦੀ ਹੈ (ਪੰਨਾ 335)। ਐਸਾ ਉਚਾ ਸੁੱਚਾ ਅਤੇ ਮਹਾਨ ਆਦਰਸ਼ ਹੀ ਮਹਾਂਪੁਰਸ਼ਾਂ ਨੇ ਦ੍ਰਿਸ਼ਟੀ ਵਿਚ ਰੱਖ ਕੇ ਅੱਠ ਦੀਵਾਨਾਂ ਰਾਹੀਂ ਜੋ ਪ੍ਰਵਚਨ ਕੀਤੇ, ਉਹ ਆਪ ਜੀ ਪਾਸ ਇਸ ਪੁਸਤਕ ਰੂਪ ਵਿਚ ਵਿਦਮਾਨ ਹੋ ਰਹੇ ਹਨ। ਮਹਾਂਪੁਰਸ਼ਾਂ ਨੇ ਇਨ੍ਹਾਂ ਦੀਵਾਨਾਂ ਵਿਚ ਗੁਰਮਤਿ ਦੇ ਭਗਤੀ ਮਾਰਗ ਨੂੰ ਪ੍ਰੀਤ ਮਾਰਗ ਦਰਸਾਉਂਦਿਆਂ ਸਪਸ਼ਟ ਸ਼ਬਦਾਂ ਵਿਚ ਪ੍ਰੇਰਨਾ ਕੀਤੀ ਹੈ, "ਪ੍ਰੇਮੀਓ! ਗੁਰੂ ਸਦੀਵੀ ਜਾਗ੍ਰਤ ਜੋਤਿ ਹੈ, ਸਦਾ ਸਦਾ ਹੈ, ਉਸ ਨੂੰ ਪਿਆਰ ਕਰੋ, ਉਹ ਆਪਣੇ ਰੋਮ ਰੋਮ ਵਿਚ ਰਮ ਰਿਹਾ ਹੈ, ਉਹ ਸਤਿਪੁਰਖ ਹੈ, ਸਦਾ ਸਦਾ ਹੈ, ਅਮਰ ਹੈ, ਉਸ ਦੀ ਗਾਥਾ (ਕਹਾਣੀ) ਵੀ ਅਮਰ ਹੈ। (ਪੁਸਤਕ ਪੰਨਾ 335)

ਐਨੀ ਸਪਸ਼ਟਤਾ ਨਾਲ ਅਧਿਆਤਮਕ ਸੁਨੇਹਾ ਦੇ ਸਕਣਾ ਕਿਸੇ ਮਹਾਨ ਆਤਮਿਕ-ਸੂਰਮੇ ਤੋਂ ਹੀ ਸੰਭਵ ਹੋ ਸਕਦਾ ਹੈ। ਇਸ ਪੁਸਤਕ ਦੇ ਰਚੇਤਾ ਮਹਾਂਪੁਰਸ਼ਾਂ ਦੇ ਅੰਦਰ ਗੁਰੂ ਪਿਆਰ ਠਾਠਾਂ ਮਾਰਦਾ ਹੈ, ਆਪ ਸਦਾ ਨਾਮ ਰੰਗ ਵਿਚ ਰੰਗੇ ਰਹਿੰਦੇ ਹਨ। ਅਜਿਹੇ ਗੁਰੂ ਪਿਆਰਿਆਂ ਸਬੰਧੀ ਹੀ ਗੁਰੂ ਮਹਾਰਾਜ ਫੁਰਮਾਨ ਕਰਦੇ ਹਨ -

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ*
*ਸੋ ਕਹੀਅਤ ਹੈ ਸੂਰਾ॥*
*ਆਤਮ ਜਿਣੈ ਸਗਲ ਵਸਿ ਤਾ ਕੈ*
*ਜਾ ਕਾ ਸਤਿਗੁਰੁ ਪੂਰਾ॥* *ਅੰਗ - ੬੭੯*

ਗੁਰਬਾਣੀ ਦੇ ਮਹਾਨ ਵਾਕ, ***'ਠਾਕੁਰੁ ਗਾਈਐ ਆਤਮ ਰੰਗਿ'*** ਅਨੁਸਾਰ ਹੀ ਇਸ ਪੁਸਤਕ ਵਿਚ ਪ੍ਰਾਪਤ ਸਾਰੇ ਦੀਵਾਨ ਸਾਰੇ ਪ੍ਰਵਚਨ, ਸਾਰੀ ਗਾਥਾ ਆਤਮ ਰੰਗ, ਗੁਰੂ ਪਿਆਰ ਵਿਚ ਉਚਾਰਨ ਕੀਤੀ ਗਾਥਾ ਹੈ, ਜੋ ਆਤਮ ਮਾਰਗ ਦੇ ਹਰ ਪਾਂਧੀ ਦਾ ਮਾਰਗ ਦਰਸ਼ਨ ਕਰਦੀ ਹੈ। ਇਸ ਦੇ ਅਧਿਐਨ ਉਪਰੰਤ ਆਤਮ ਮਾਰਗ ਦਾ ਬਿਖਮ ਮਾਰਗ ਸੁਖੈਨ ਅਤੇ ਸਹਿਜਮਈ ਜਾਪਣ ਲਗ ਪੈਂਦਾ ਹੈ।

ਇਹ ਮਾਰਗ ਇਸ ਲਈ ਬਿਖਮ ਲਗਦਾ ਹੈ ਕਿਉਂਕਿ ਸਾਨੂੰ ਬੜੀ ਲੰਮੀ ਯਾਤਰਾ ਉਪਰੰਤ ਮਨੁੱਖੀ ਜਾਮਾ ਮਿਲਿਆ ਹੈ ਅਤੇ ਪਿਛਲੇ ਹਜ਼ਾਰਾਂ ਲੱਖਾਂ ਸਾਲਾਂ ਦੇ ਸੰਸਕਾਰ ਸਾਡੇ ਜੀਵਨ ਦਾ ਅੰਗ ਬਣੇ ਹੋਏ ਹਨ। ਭਗਤੀ ਕਰਨ ਸਮੇਂ, ਨਾਮ ਜਪਣ ਸਮੇਂ ਜੋ-ਜੋ ਮੁਸ਼ਕਲਾਂ ਮਨੁੱਖ ਦੇ ਦਰਪੇਸ਼ ਹੁੰਦੀਆਂ ਹਨ, ਉਨ੍ਹਾਂ ਸਾਰੀਆਂ ਦਾ ਜ਼ਿਕਰ ਇਸ ਪੁਸਤਕ ਵਿਚ ਪ੍ਰਾਪਤ ਹੈ। ਕਮਾਲ ਇਹ ਹੈ ਕਿ ਹਰ ਮੁਸ਼ਕਲ ਦਾ ਸਮਾਧਾਨ ਬੜੇ ਸੁਚੱਜੇ ਸਰਲ ਢੰਗ ਨਾਲ, ਗੁਰਬਾਣੀ ਦੇ ਪ੍ਰਸੰਗ ਵਿਚ, ਅਤੇ ਸਾਖੀ ਪ੍ਰਮਾਣਾਂ ਦੀ ਸਹਾਇਤਾ ਨਾਲ ਦਿਤਾ ਗਿਆ ਹੈ ਤਾਂਕਿ ਕਿਸੇ ਤਰ੍ਹਾਂ ਦਾ ਸ਼ੰਕਾ ਬਾਕੀ ਨਾ ਰਹਿ ਜਾਵੇ। ਆਰੰਭ ਵਿਚ ਹੀ ਸਿੱਖ ਗੁਰੂ ਜੀ ਨੂੰ ਪ੍ਰਸ਼ਨ ਕਰਦੇ ਹਨ, "ਸੱਚੇ ਪਾਤਸ਼ਾਹ! ਅਸੀਂ ਸਤਿਸੰਗ ਸੁਣਦੇ ਹਾਂ.........ਪਰ ਸਾਡੇ ਮਨ ਨੂੰ ਸ਼ਾਂਤੀ

ਕਿਉਂ ਨਹੀਂ ਆਉਂਦੀ, ਮਨ ਕਿਉਂ ਇਧਰ ਉਧਰ ਦੌੜਦਾ ਰਹਿੰਦੈ ?" ਇਹ ਪ੍ਰਸ਼ਨ ਸਾਡਾ ਸਭ ਦਾ ਮੂਲ ਪ੍ਰਸ਼ਨ ਹੈ। ਮਹਾਂਪੁਰਸ਼ਾਂ ਨੇ ਇਸ ਦੇ ਸਮਾਧਾਨ ਵਿਚ 14 ਗੁਣ 'ਵਕਤਾ' ਦੇ ਅਤੇ 14 ਗੁਣ 'ਸਰੋਤੇ' ਦੇ ਦੱਸੇ ਹਨ, ਜੋ ਨਾ ਕੇਵਲ ਸਾਡੇ ਗਿਆਨ ਵਿਚ ਵਾਧਾ ਕਰਦੇ ਹਨ, ਸਗੋਂ ਸਾਡੀ ਬਿਰਤੀ ਜੋੜਨ ਵਿਚ ਪੂਰਨ ਤੌਰ ਤੇ ਸਹਾਇਕ ਸਿੱਧ ਹੁੰਦੇ ਹਨ। ਐਸੇ ਹੀ ਅਨੇਕਾਂ ਪ੍ਰਸ਼ਨਾਂ ਦਾ ਸਮਾਧਾਨ ਇਸ ਪੁਸਤਕ ਵਿਚ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਰਾਹੀਂ ਪ੍ਰਾਪਤ ਹੋਇਆ ਹੈ। ਅਸੀਂ ਆਪਣੇ ਅਸਲ ਸਰੂਪ ਬਾਰੇ ਅਚੇਤ, ਅਵੇਸਲੇ, ਅਗਿਆਨਤਾ ਦੀ ਗੂੜ੍ਹੀ ਨੀਂਦਰ ਵਿਚ ਸੁੱਤੇ ਪਏ ਹਾਂ। ਇਹ ਪੁਸਤਕ ਸਾਨੂੰ ਸੁੱਤਿਆਂ ਨੂੰ ਜਗਾਉਂਦੀ ਹੈ ਅਤੇ ਦ੍ਰਿੜ੍ਹ ਕਰਵਾਉਂਦੀ ਹੈ ਕਿ ਰੂਹਾਨੀਅਤ ਦੀ ਬਖਸ਼ਿਸ਼ ਦਾ ਦਰਵਾਜ਼ਾ ਅੰਮ੍ਰਿਤ ਵੇਲੇ ਖੁਲ੍ਹਿਆ ਕਰਦੈ। (ਪੰਨਾ 8) ਪ੍ਰਭੂ ਪਿਆਰ ਉਸ ਨੂੰ ਪ੍ਰਾਪਤ ਹੁੰਦਾ ਹੈ ਜਿਹੜਾ ਸੁਆਸ ਸੁਆਸ ਪ੍ਰਮੇਸ਼ਰ ਦਾ ਨਾਮ ਜਪਦਾ ਹੈ (ਪੰਨਾ 10) ਸਾਧੂ ਦੀ ਸੰਗਤ, ਪੂਰਨ ਮਹਾਂਪੁਰਸ਼ਾਂ ਦੀ ਸੰਗਤ ਬੈਕੁੰਠ ਧਾਮ ਹੁੰਦੀ ਹੈ, ਓਥੇ ਵਾਹਿਗੁਰੂ ਜੀ ਆਪ ਹਾਜ਼ਰ ਹੁੰਦੇ ਹਨ (ਪੰਨਾ 11) ਪ੍ਰਮਾਤਮਾ ਕੋਈ ਜਾਬਰ, ਗੁਸੈਲ, ਨਿਰਦਈ ਪੁਰਸ਼ ਨਹੀਂ, ਸਗੋਂ "ਜਿਵੇਂ ਮਾਂ ਬਾਪ ਬੱਚੇ ਨੂੰ ਪਾਲਦੇ ਨੇ, ਇਵੇਂ ਹੀ ਉਹ ਸਾਨੂੰ ਪਾਲਦੈ......ਉਹ ਦਿਆਲੂ ਹੈ, ਕ੍ਰਿਪਾਲੂ ਹੈ, ਬਖਸ਼ਿੰਦ ਐ, ਪਤਿਤਾਂ ਦਾ ਉਧਾਰ ਕਰਨ ਵਾਲਾ ਹੈ, ਮਹਾਂ ਪਾਪੀਆਂ ਨੂੰ ਤਾਰਨ ਵਾਲਾ ਹੈ" (ਪੰਨਾ 17) ਐਸੇ ਪ੍ਰਭੂ ਪ੍ਰਤੀ ਪਾਠਕ ਦੇ ਮਨ ਵਿਚ ਪ੍ਰੀਤ ਪੈਦਾ ਕਰਨੀ ਮਹਾਂਪੁਰਸ਼ਾਂ ਦਾ ਨਿਸ਼ਾਨਾ ਹੈ। ਗੁਰਬਾਣੀ ਪ੍ਰਭੂ-ਪਿਆਰ ਲਈ ਉਤਸ਼ਾਹ ਬਖਸ਼ਦੀ ਹੈ, ਗੁਰਬਾਣੀ ਦੀ ਵਿਚਾਰ ਨਾਮ ਵਲ ਲਾਉਂਦੀ ਹੈ, ਨਾਮ ਦੀ ਰੁਚੀ ਜਾਗਦੀ ਹੀ ਗੁਰਬਾਣੀ ਤੋਂ ਹੈ.....ਨਾਮ ਮੈਲ ਦੂਰ ਕਰਦੈ, ਮਨ ਵਿਚ ਪ੍ਰਕਾਸ਼ ਆਉਂਦੈ......ਨਿਜ ਹਉਮੈ ਸੇਵਾ ਕਰਕੇ ਟੁਟਦੀ ਹੈ ਤੇ ਇਹਦੇ ਨਾਲ ਫੇਰ ਆਪਾ ਨਰੋਆ ਹੁੰਦੈ (ਪੰਨਾ 20) ਜੀਵਨ ਸੁਰਤਿ ਵਿਸਾਰ ਕੇ ਹਉਮੈ ਦੀ ਸੁਰਤਿ ਵਿਚ ਵਿਚਰਦਾ ਮਨੁੱਖ ਇਕੋ ਰਟ ਵਿਚ ਰਹਿੰਦਾ ਹੈ, 'ਆਹ ਮੇਰਾ ਪੁਤਰ ਹੈ, ਆਹ ਮੇਰੀਆਂ ਧੀਆਂ ਨੇ, ਆਹ ਮੇਰੇ ਭਰਾ ਨੇ, ਆਹ ਮੇਰੀ ਪ੍ਰਾਪਰਟੀ........, ਹਉਮੈ ਦੀ ਸੁਰਤਿ ਵਿਚ ਰਹਿੰਦੈ, ਕਦੀ ਨਹੀਂ ਕਹਿੰਦਾ ਕਿ ਇਹ ਮੇਰਾ ਵਾਹਿਗੁਰੂ ਹੈ। (ਪੰਨਾ 21) 'ਨਾਮ ਦਾ ਧਨ ਵਿਰਲਾ ਪੁਰਸ਼ ਹੈ ਜਿਹੜਾ ਇਕੱਠਾ ਕਰਦੈ' (ਪੰਨਾ 22) ਪਹਿਲੇ ਦੀਵਾਨ ਵਿਚ ਹੀ ਭਾਈ ਭਗੀਰਥ ਅਤੇ ਭਾਈ ਮਨਸੁਖ ਦੇ ਵਾਰਤਾਲਾਪਾਂ ਰਾਹੀਂ ਸਤਿਗੁਰੂ ਅਤੇ ਵਾਹਿਗੁਰੂ ਗੁਰਮੰਤਰ ਵਿਚ ਪੂਰਨ ਪ੍ਰਤੀਤੀ ਦਾ ਬੀਜ ਬੋਇਆ ਗਿਆ ਹੈ। ਕਲਜੁੱਗ ਵਿਚ ਕੇਵਲ ਨਾਮ ਨਾਲ ਮਨੁੱਖ ਤਰ ਸਕਦਾ ਹੈ। ਕਲਜੁਗ ਦਾ ਰੱਥ ਅੱਗ ਦਾ ਹੋ ਗਿਆ, ਤ੍ਰਿਸ਼ਨਾ ਦਾ, ਵੈਰ ਤੇ ਵਿਰੋਧ ਦਾ, ਬਾਂਸਾਂ ਵਾਂਗ ਖਹਿੰਦੇ ਨੇ ਆਪਸ ਵਿਚ.....ਇਕ ਧਰਮ ਵਾਲਾ ਦੂਜੇ ਧਰਮ ਨਾਲ, ਇਕ ਦੇਸ਼ ਦੂਜੇ ਨਾਲ (ਪੰਨਾ 33)।

ਦੂਜੇ ਅਤੇ ਤੀਜੇ ਦੀਵਾਨਾਂ ਵਿਚ ਭਾਈ ਭਗੀਰਥ ਅਤੇ ਭਾਈ ਮਨਸੁਖ ਜੀ ਗੁਰੂ ਨਾਨਕ ਪਿਆਰ ਦੀਆਂ ਸਾਖੀਆਂ ਰਾਹੀਂ ਉਚੇ ਸੁੱਚੇ ਗੁਰਸਿੱਖ ਜੀਵਨ ਦਾ ਆਦਰਸ਼ ਪੇਸ਼ ਕਰਦੇ ਹਨ, ਭਾਈ ਮਨਸੁਖ ਜੀ ਨੇ ਗੁਰਸਿੱਖੀ ਦੀ ਮਰਿਆਦਾ ਮੁਤਾਬਿਕ ਅੰਮ੍ਰਿਤ ਵੇਲੇ ਜਾਗਣਾ, ਪਹਿਰ ਰਾਤ ਰਹਿੰਦੀ ਇਸ਼ਨਾਨ ਕਰਨਾ, ਚੌਂਕੜਾ ਮਾਰ ਕੇ ਬੈਠ ਜਾਣਾ, ਢਾਈ ਘੰਟੇ ਪ੍ਰਭੂ ਦਾ ਸਿਮਰਨ ਕਰਨਾ,.....ਉਸ ਤੋਂ ਬਾਅਦ ਬਾਣੀ ਗਾ ਕੇ ਪੜ੍ਹਨੀ ਜਾਂ ਵੈਸੇ ਪੜ੍ਹਨੀ.......ਫ਼ੇਰ ਆਪਣਾ ਕੰਮ ਕਾਰ ਸ਼ੁਰੂ ਕਰਨਾ, ਆਰਤੀ ਪੜ੍ਹਨੀ, ਕੀਰਤਨ ਸੋਹਿਲਾ ਪੜ੍ਹ ਕੇ ਫੇਰ ਬਿਰਾਜਣਾ (ਪੰਨਾ 43)। ਜਦੋਂ ਭਾਈ ਮਨਸੁਖ ਸੰਗਲਾਦੀਪ ਵਿਚ ਵਿਚਰੇ ਤਾਂ ਸਾਲਗਰਾਮ ਅਤੇ ਤੁਲਸੀ ਦੀ ਪੂਜਾ ਨਾ ਕਰਨ ਕਰਕੇ ਅਤੇ ਵਰਤ ਰੱਖਣ ਦੀ ਥਾਂ ਗੁਰੂ ਜੀ ਅਨੁਸਾਰ ਦੱਸੀ ਨਿਤ ਦੀ ਕ੍ਰਿਆ ਕਰਨ ਕਾਰਨ ਆਪ ਨੂੰ ਰਾਜਾ ਸ਼ਿਵਨਾਭ ਦੇ ਦਰਬਾਰ ਪੇਸ਼ ਕੀਤਾ ਗਿਆ। ਇਥੇ ਰਾਜਾ ਸ਼ਿਵਨਾਭ ਨਾਲ ਹੋਈ ਚਰਚਾ ਵਿਚ ਆਪ ਨੇ ਸ਼ਬਦ 'ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤ ਤੁਲਸੀ ਮਾਲਾ' (ਪੰਨਾ 1171) ਅਤੇ ਥਿਤੀ ਗਉੜੀ ਮਹਲਾ ੫ (ਪੰਨਾ 296-98) ਦੀ ਜੋ ਵਿਆਖਿਆ ਕੀਤੀ ਹੈ, ਐਸੀ ਵਿਆਖਿਆ ਭਾਰਤੀ ਬੋਲੀਆਂ ਦੇ ਧਰਮ ਸਾਹਿਤ ਵਿਚ ਨਾਯਾਬ ਹੈ। ਇਸ ਵਿਆਖਿਆ ਵਿਚ ਸਨਾਤਨੀ ਧਰਮ ਸਾਲਗਰਾਮ ਅਤੇ ਤੁਲਸੀ ਦੀ ਪੂਜਾ ਅਤੇ ਥਿਤਾਂ ਅਨੁਸਾਰ ਵਰਤ ਰੱਖਣੇ, ਪੂਜਾ ਅਤੇ ਕਈ ਤਰ੍ਹਾਂ ਦੇ ਕਰਮ ਕਾਂਡ ਕਰਨ ਦੀ ਥਾਂ ਗੁਰੂ ਨਾਨਕ ਦੇਵ ਦੇ ਮਾਰਗ, ਪ੍ਰੇਮਾ ਭਗਤੀ ਦੇ ਸਹਿਜ ਮਾਰਗ ਦੀ ਉਚਤਾ ਤੇ ਨਿਰਮਲਤਾ ਦਰਸਾਈ ਹੈ ਜੋ ਕਠੋਰ ਹਿਰਦਿਆਂ ਨੂੰ ਵੀ ਪ੍ਰਭੂ-ਪਿਆਰ ਵਿਚ ਮੁਗਧ ਕਰਨ ਦੇ ਸਮਰੱਥ ਹੈ। ਭਾਈ ਮਨਸੁਖ ਦੇ ਬਚਨਾਂ ਨਾਲ ਰਾਜਾ ਸ਼ਿਵਨਾਭ ਦੇ ਅੰਦਰੋਂ ਵੀ ਐਸੈ ਗੁਰੂ ਪ੍ਰਤੀ ਪਿਆਰ ਅਤੇ ਸ਼ਰਧਾ ਭਾਵਨਾ ਉਤਪੰਨ ਹੁੰਦੀ ਹੈ।

ਗੁਰਮਤਿ ਨੂੰ ਸਹੀ ਅਰਥਾਂ ਵਿਚ ਸਮਝਣ ਲਈ ਭਾਰਤੀ ਦਰਸ਼ਨ ਦੀ ਸੋਝੀ ਹੋਣੀ ਜ਼ਰੂਰੀ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਯੋਗ ਮਤਿ, ਜੈਨ ਮਤ, ਬੋਧੀਆਂ, ਨਾਥਾਂ, ਯੋਗੀਆਂ ਆਦਿ ਦੀ ਧਾਰਨਾਵਾਂ ਦਾ ਕਾਫੀ ਪ੍ਰਸੰਗ ਮਿਲਦਾ ਹੈ।

ਇਸ ਪੁਸਤਕ ਦੇ ਰਚੇਤਾ ਭਾਰਤੀ ਗਿਆਨ ਅਤੇ ਗੁਰਮਤਿ ਗਿਆਨ ਦੇ ਮਹਾਨ ਵਿਦਵਾਨ ਹਨ। ਆਪ ਜੀ ਨੇ ਪੁਸਤਕ ਵਿਚ ਲੋੜ ਅਨੁਸਾਰ ਨਾਥਾਂ ਯੋਗੀਆਂ ਦੀਆਂ ਧਾਰਨਾਵਾਂ ਅਤੇ ਸੰਕਲਪਾਂ ਦਾ ਜ਼ਿਕਰ ਕੀਤਾ ਹੈ। ਕੇਵਲ ਇਕ (ਸਤਵੇਂ) ਦੀਵਾਨ ਵਿਚੋਂ ਹੀ ਸਾਨੂੰ ਪੂਰਾ ਗਿਆਨ

ਪ੍ਰਾਪਤ ਹੋ ਜਾਂਦਾ ਹੈ ਕਿ ਧਾਰਨਾ, ਧਿਆਨ ਅਤੇ ਸਮਾਧੀ (ਸਾਵਿਕਲਪ ਜਾਂ ਸੰਪਰਗਿਆਤ) ਦਾ ਕੀ ਭਾਵ ਹੈ? ਅੰਨਮਯ, ਪ੍ਰਾਣਮਯ, ਮਨੋਮਯ, ਅਨੰਦਮਯ ਕੋਸ਼ ਕਿਹੜੇ ਹੁੰਦੇ ਹਨ? ਪੰਜ ਚਿਤ ਬਿਰਤੀਆਂ - ਪ੍ਰਮਾਣ ਬਿਰਤੀ, ਵਿਪਰਯ ਬਿਰਤੀ, ਵਿਕਲਪ ਬਿਰਤੀ, ਨਿੰਦਰਾ ਬਿਰਤੀ, ਸਿਮ੍ਰਿਤੀ ਬਿਰਤੀ ਦੇ ਕੀ ਅਰਥ ਹਨ? ਇਹ ਬਿਰਤੀਆਂ ਪੰਜ ਕਲੇਸ਼ਾਂ ਨੂੰ ਜਨਮ ਦਿੰਦੀਆਂ ਹਨ - ਅਵਿਦਿਆ, ਅਸਿਮਿਤਾ, ਰਾਗ, ਦ੍ਵੈਸ਼ ਅਤੇ ਅਭਿਨਿਵੇਸ਼। ਬੁੱਧ ਧਰਮ ਦੇ ਅਸ਼ਟਾਂਗ ਯੋਗ ਦੇ ਅੱਠ ਨਿਯਮ ਕਿਹੜੇ ਹਨ? ਸਤਿ ਦ੍ਰਿਸ਼ਟੀ, ਸਤਿ ਸੰਕਲਪ, ਸਤਿ ਕਰਮ, ਸਤਿ ਬਚਨ, ਸਤਿ ਕਿਰਤ, ਸਤਿ ਵਿਆਮ, ਸਤਿ ਸਿਮਰਨ, ਸਤਿ ਸਮਾਧੀ। ਹੱਠ ਯੋਗ ਦੇ ਪ੍ਰਮੁੱਖ ਸਾਧਨ ਕਿਹੜੇ ਹਨ? ਧੋਤੀ, ਬਸਤੀ, ਨੇਤੀ, ਨਿਉਲੀ, ਤ੍ਰਾਟਕ ਅਤੇ ਕਪਾਲਭਾਤੀ। ਪਾਤੰਜਲੀ ਰਿਸ਼ੀ ਵਲੋਂ ਰਾਜ ਯੋਗ ਦੇ ਅਸ਼ਟਾਂਗ ਸਾਧਨ ਕਿਹੜੇ ਦੱਸੇ ਗਏ ਹਨ? ਯਮ ਨਿਯਮ - ਅਹਿੰਸਾ, ਸੱਚ ਬੋਲਣਾ, ਅਚੋਰੀ, ਬ੍ਰਹਮਚਰੀਆ, ਧੀਰਜ, ਖਿਮਾ, ਦਇਆ, ਕੋਮਲ ਹਿਰਦਾ, ਮਰਿਆਦਾ, ਸੌਚ। ਨੇਮ ਵੀ ਦੱਸ ਪ੍ਰਕਾਰ ਦੇ ਹਨ - ਤਪ (ਤਮੋਗੁਣੀ ਤਪ, ਰਾਜਸੀ ਤਪ, ਸਾਂਤਕੀ ਤਪ) 2. ਸੰਤੋਖ, 3. ਆਸਤਕ ਬੁੱਧੀ, 4. ਦਾਨ (ਤਾਮਸੀ ਦਾਨ, ਰਾਜਸੀ ਦਾਨ, ਸਤੋਗੁਣੀ ਦਾਨ) 5. ਪੂਜਾ, 6. ਨਿਤਨੇਮ, 7. ਦੰਭ ਰਹਿਤ, 8. ਸਾਂਤਮਈ ਬਿਰਤੀ 9. ਅਬੋਲ (ਮੋਨੀ), 10. ਹੋਮ (ਭੁੱਖੇ ਨੂੰ ਲੰਗਰ ਛਕਾਉਣਾ) ਹਿੰਸਾ ਤਿੰਨ ਪ੍ਰਕਾਰ ਦੀ ਹੁੰਦੀ ਹੈ - ਸਰੀਰਕ, ਮਾਨਸਿਕ ਅਤੇ ਅਧਿਆਤਮਕ। ਆਸਣ - ਪ੍ਰਾਣਾਯਾਮ, ਰੇਚਕ, ਪੂਰਕ ਦਾ ਵਿਸਥਾਰ ਸਹਿਤ ਜ਼ਿਕਰ ਹੈ। ਛੇ ਚੱਕਰ - ਮੂਲਧਾਰ ਚੱਕਰ, ਸਵਾਧਿਸ਼ਠਾਨ ਚੱਕਰ, ਮਣੀਪੂਰਕ ਚੱਕਰ, ਅਨਾਹਤ ਚੱਕਰ, ਆਗਿਆ ਚੱਕਰ ਦੀ ਵਿਆਖਿਆ ਪ੍ਰਾਪਤ ਹੈ। ਅੱਠਵੇਂ ਅਧਿਆਇ ਵਿਚ ਨੌਂ ਪ੍ਰਕਾਰ ਦੀ ਭਗਤੀ ਦੀ ਵਿਆਖਿਆ ਪ੍ਰਾਪਤ ਹੈ - ਸ੍ਰਵਣ ਭਗਤੀ, ਕੀਰਤਨ ਭਗਤੀ, ਸਿਮਰਨ ਭਗਤੀ, ਪਾਦਸੇਵਨ ਭਗਤੀ, ਬੰਦਨਾ ਭਗਤੀ, ਮਿਤਰ ਭਗਤੀ, ਸਖਾ ਭਗਤੀ, ਦਾਸਾ ਭਗਤੀ ਅਤੇ ਪਰਾ ਭਗਤੀ। ਇਸ ਤਰ੍ਹਾਂ ਇਹ ਪੁਸਤਕ ਭਾਰਤੀ ਗਿਆਨ ਅਤੇ ਦਰਸ਼ਨ ਦਾ ਅਨਮੋਲ ਖਜ਼ਾਨਾ ਹੈ ਅਤੇ ਸਾਡੇ ਗਿਆਨ ਵਿਚ ਵੀ ਬਹੁਤ ਵਾਧਾ ਕਰਦੀ ਹੈ।

ਰਾਜਾ ਸ਼ਿਵਨਾਭ ਜੋ ਸ਼ੈਵ ਮਤ ਦਾ ਧਾਰਨੀ ਸੀ, ਮਹਾਨ ਵਿਦਵਾਨ ਸੀ, ਐਵੇਂ ਸਾਧਾਰਨ ਆਦਮੀ ਨਹੀਂ ਸੀ, ਬੜੀ ਰੂਹਾਨੀਅਤ ਸੀ ਉਸ ਅੰਦਰ, ਬੜੇ ਸਿੱਧ ਨਾਥ ਯੋਗੀ ਉਸ ਪਾਸ ਵਿਚਾਰ ਵਟਾਂਦਰੇ ਲਈ ਆਉਂਦੇ ਸੀ। ਮਨਸੁਖ ਨੇ ਰਾਜਾ ਸ਼ਿਵਨਾਭ ਨੂੰ ਸੋਝੀ ਬਖਸ਼ੀ, "ਹੇ ਰਾਜਨ!.....ਤੁਸੀਂ ਗੁਰੂ ਦੀ ਬਾਤ ਨਹੀਂ ਕਰਦੇ, ਦੇਵਤਿਆਂ ਦੀ ਪੂਜਾ ਕਰਦੇ ਹੋ, ਮੰਦਰ ਜਾਂਦੇ ਹੋ ਤੇ ਸਾਲਗਰਾਮ ਦੀ ਪੂਜਾ ਕਰਦੇ ਹੋ। ਇਹਨੇ ਤੁਹਾਡੇ ਅੰਦਰ ਗਿਆਨ ਨਹੀਂ ਲਿਆਉਣਾ। ਗਿਆਨ ਤਾਂ ਗੁਰੂ ਤੋਂ ਬਗੈਰ ਨਹੀਂ ਹੁੰਦਾ, ਅੰਧੇਰਾ ਤਾਂ ਨਹੀਂ ਮਿਟਦਾ.......ਬਾਕੀ ਸਾਰਾ ਸੰਸਾਰ ਡੁਬਦਾ ਹੈ, ਅਹੰਭਾਵ (ਮੈਂ ਤੇ ਮੇਰੀ) ਨਾਲ ਕਿਉਂਕਿ ਇਲਾਜ ਕੇਵਲ ਗੁਰੂ ਦੇ ਕੋਲ ਹੈ। (ਪੰਨਾ 131-32)। ਗੁਰੂ ਜੀ ਵਲੋਂ ਦੱਸੇ ਹਉਮੈ ਦੇ ਇਲਾਜ ਨੂੰ ਮਹਾਂਪੁਰਸ਼ਾਂ ਨੇ ਕਿੰਨੀ ਸਰਲ ਸੰਖੇਪ ਤੇ ਸਪਸ਼ਟ ਭਾਸ਼ਾ ਵਿਚ ਦਰਸਾਇਆ ਹੈ, ਮਾਨੋ ਕੁੱਜੇ ਵਿਚ ਸਮੁੰਦਰ ਬੰਦ ਕਰ ਦਿਤਾ ਹੈ, "ਵਾਹਿਗੁਰੂ ਜੀ ਨੇ ਸ੍ਰਿਸ਼ਟੀ ਰਚਨਾ ਸਮੇਂ ਮੂਲ ਪ੍ਰਕ੍ਰਿਤੀ ਤਿੰਨਾਂ ਗੁਣਾਂ ਸਹਿਤ (ਕੁਦਰਤ) ਸਾਜੀ, ਪਰਮ ਚੇਤਨ ਸਤਾ ਦਾ ਜਦੋਂ ਪ੍ਰਤੀਬਿੰਬ ਪ੍ਰਕ੍ਰਿਤੀ ਤੇ ਪਿਆ ਤਾਂ ਸਭ ਤੋਂ ਪਹਿਲਾਂ ਅਨਿਕ ਚਿੱਤਾਂ ਵਿਚ ਅਹੰਭਾਵ ਜਾਗਿਆ, ਇਸ ਨੂੰ ਹਉਮੈ ਕਹਿੰਦੇ ਹਨ। ਉਸੇ ਚੇਤਨ ਕਲਾ ਨੇ ਅਨੇਕ ਚਿੱਤਾਂ ਵਿਚ ਸੂਝ ਪੈਦਾ ਕਰ ਦਿਤੀ ਤੇ ਸਮਸ਼ਟਤਾ ਨੇ ਵਿਅਸ਼ਟਤਾ (ਅੱਡੋ ਅੱਡ) ਦਾ ਰੂਪ ਧਾਰਨ ਕਰ ਲਿਆ। ਇਸ ਤਰ੍ਹਾਂ ਚੇਤਨ ਦਾ ਪ੍ਰਕਾਸ਼ ਪਿਆ ਚਿੱਤ ਤੇ, ਫੇਰ 'ਮੈਂ' ਭਾਵ ਅੰਦਰ ਆ ਗਿਆ। 'ਮੈਂ' ਕਰਕੇ ਫੇਰ ਸਾਡਾ ਅਧਿਆਸ ਸ਼ੁਰੂ ਹੋ ਗਿਆ। ਅਸੀਂ ਹਉਂ ਅਧੀਨ ਕਰਮ ਕਰੇ। ਕਰਮ ਕਰਕੇ ਬੰਨ੍ਹੇ ਗਏ। ਓਦੋਂ ਦੇ ਹੀ ਜੰਮੀ ਜਾਂਦੇ ਹਾਂ, ਓਦੋਂ ਦੇ ਹੀ ਮਰੀ ਜਾਂਦੇ ਹਾਂ।...ਜੇ ਮੈਂ ਭਾਵ ਟੁੱਟ ਜਾਵੇ, ਤੋੜ ਦੇਵੇ, ਫੇਰ ਇਹਦਾ ਛੁਟਕਾਰਾ ਹੋ ਕੇ ਪਰਮ ਪਦ ਦੀ ਪ੍ਰਾਪਤੀ ਕਰਦਾ ਹੈ। ਨਿੱਕਾ ਆਪਾ ਪਰਮ ਆਪੇ ਵਿਚ ਅਭੇਦ ਹੋ ਜਾਂਦਾ ਹੈ (ਪੰਨਾ 133)। ਰਾਜਾ ਸ਼ਿਵਨਾਭ ਐਸੀ ਵਿਆਖਿਆ ਸੁਣ ਕੇ ਗੁਰੂ ਨਾਨਕ ਵਿਚਾਰਧਾਰਾ ਦਾ ਕਾਇਲ ਹੋ ਜਾਂਦਾ ਹੈ। ਮਨਸੁਖ ਦਸਦਾ ਹੈ ਕਿ ਗੁਰੂ ਮਹਾਰਾਜ ਗ੍ਰਹਿਸਤ ਵਿਚ ਰਹਿੰਦਿਆਂ ਨੂੰ ਹੀ ਪਰਮ ਪਦਵੀ ਤੇ ਪਹੁੰਚਾਉਂਦੇ ਨੇ ਤੇ ਆਪਣੇ ਫਰਜ਼ਾਂ ਦੀ ਪਛਾਣ ਕਰਾਉਂਦੇ ਨੇ ਅਤੇ ਦਸਦੇ ਹਨ ਕਿ ਸਭ ਤੋਂ ਪਹਿਲਾਂ ਹੈ - ਪ੍ਰਭੂ ਪਿਆਰ, ਗੁਰੂ ਪਿਆਰ, ਗੁਰਮੁਖਿ ਪਿਆਰ, ਫੇਰ ਉਸ ਤੋਂ ਬਾਅਦ ਸਮਾਜ ਦਾ ਪਿਆਰ (136)। ਐਸੇ ਪ੍ਰਵਚਨ ਸੁਣ ਸੁਣ ਕੇ ਰਾਜਾ ਸ਼ਿਵਨਾਭ ਗੁਰੂ ਘਰ ਦਾ ਸ਼ੈਦਾਈ ਬਣ ਗਿਆ, ਉਸ ਦਾ ਮਨ ਗੁਰੂ ਦਰਸ਼ਨਾਂ ਲਈ ਵਿਆਕੁਲ ਹੋਣ ਲੱਗਾ। ਜਦੋਂ ਮਨਸੁਖ ਨੇ ਜਾਣ ਲਈ ਰਾਜਾ ਸ਼ਿਵਨਾਭ ਤੋਂ ਆਗਿਆ ਮੰਗੀ ਤੇ ਜੋ ਕਰੁਣਾਮਈ ਹਾਲਤ ਰਾਜਾ ਸ਼ਿਵਨਾਭ ਦੀ ਹੋਈ, ਉਸ ਦੀ ਮੂਰਛਤਾ ਦੀ ਹਾਲਤ ਕੇਵਲ ਕੋਈ ਕਲਮ ਦਾ ਧਨੀ ਹੀ ਬਿਆਨ ਕਰ ਸਕਦਾ ਹੈ। ਪੜ੍ਹ ਕੇ ਪਾਠਕ ਦਾ ਹਿਰਦਾ ਵੀ ਦਰੱਵ ਜਾਂਦਾ ਹੈ ਅਤੇ ਅੱਖਾਂ ਸੇਜਲ ਹੋ ਜਾਂਦੀਆਂ ਹਨ। ਇਸ ਲਿਖਤ ਦਾ ਇਹੋ ਕਮਾਲ ਹੈ। ਰਾਜਾ ਸ਼ਿਵਨਾਭ 'ਧੰਨ ਗੁਰੂ ਨਾਨਕ' 'ਧੰਨ ਗੁਰੂ ਨਾਨਕ' ਦੀ ਧੁਨੀ ਵਿਚ ਮਹੱਵ ਹੋਇਆ ਦਸਦਾ ਹੈ ਕਿ 'ਉਹ ਮੇਰਾ ਆਪਣਾ ਆਪਾ ਹੈ, ਮੇਰੀ ਜਾਨ ਦੀ ਜਾਨ ਨੇ, ਪ੍ਰਾਣਾਂ ਦੇ ਪ੍ਰਾਣ ਨੇ.....ਉਹ ਨਿਰਾ ਪਿਆਰ ਨੇ, ਨਿਰੀਓ

ਮਿਹਰ ਨੇ, ਨਿਰੀ ਹੀ ਨਦਰਿ ਨੇ, ਨਿਰੀਓ ਕ੍ਰਿਪਾ ਨੇ (ਪੰਨਾ 145)।

ਪੰਜਵੇਂ ਦੀਵਾਨ ਵਿਚ – ਮਨਸੁਖ ਤਾਂ ਵਾਪਸ ਆ ਜਾਂਦਾ ਹੈ ਪਰ ਜੋ ਪਿਆਰ ਚਿਣਗ ਰਾਜਾ ਸ਼ਿਵਨਾਭ ਦੇ ਹਿਰਦੇ ਵਿਚ ਲਾ ਗਿਆ, ਉਸ ਵਿਚ ਵਿਆਕੁਲ ਹੋਇਆਂ ਰਾਜਾ ਗੁਰੂ ਨਾਨਕ ਦੇਵ ਦੇ ਵੈਰਾਗ ਵਿਚ ਖਾਣਾ ਪੀਣਾ, ਬੋਲਣਾ ਚਾਲਣਾ, ਹਸਣਾ ਖੇਡਣਾ, ਸੌਣਾ ਪਹਿਨਣਾ ਸਭ ਭੁੱਲ ਗਿਆ, ਗੁਰੂ ਦਰਸ਼ਨਾਂ ਦੀ ਕਸਕ ਹਿਰਦੇ ਵਿਚ ਲੱਗੀ ਰਹਿੰਦੀ ਹੈ। ਛੇ ਸਾਸ਼ਤਰ ਪੜ੍ਹਿਆ, 27 ਸਿਮ੍ਰਤੀਆਂ, ਚਾਰ ਵੇਦਾਂ ਦਾ ਗਿਆਤਾ, ਹੱਠ ਯੋਗ ਦੇ ਸਾਰੇ ਸਾਧਨਾਂ – ਖੇਚਰੀ, ਭੂਚਰੀ, ਚਰਚਰੀ, ਕਪਾਲੀ ਆਦਿ ਸਾਧਨ ਸੰਪੰਨ ਰਾਜਾ ਸ਼ਿਵਨਾਭ ਦਾ ਇਹ ਹਾਲ ਹੈ –

***ਰੰਗਿ ਹਸਹਿ ਰੰਗਿ ਰੋਵਹਿ***
***ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***
***ਅੰਗ – ੪੭੩***

ਰਾਜਾ ਸ਼ਿਵਨਾਭ ਦੀ ਗੁਰੂ ਨਾਨਕ ਦੇਵ ਪ੍ਰਤੀ ਪਿਆਰ ਅਤੇ ਸ਼ਰਧਾ ਤੋਂ ਲਾਭ ਉਠਾਉਣ ਲਈ ਕਈ ਪਾਖੰਡੀ ਗੁਰੂ ਨਾਨਕ ਬਣ ਕੇ ਆਉਂਦੇ ਹਨ ਪਰ ਛੇਤੀ ਉਨ੍ਹਾਂ ਦਾ ਝੂਠ ਦਾ ਪਾਜ ਉਘੜ ਜਾਂਦਾ ਹੈ। ਆਖਰ ਉਸ ਦੀ ਪਿਆਰ-ਖਿੱਚ ਵਿਚ ਬੰਨ੍ਹੇ ਗੁਰੂ ਨਾਨਕ ਦੇਵ ਉਸ ਦੇ ਦੇਸ਼ ਪੁਜਦੇ ਹਨ, ਬਾਗ ਵਿਚ ਵਿਸ਼ਰਾਮ ਕਰਦੇ ਹਨ, 'ਸੁੱਕਾ ਬਾਗ ਹਰਿਆ ਹੋ ਗਿਆ, ਦਰਖਤ ਸਾਰੇ ਰਸ ਵਿਚ ਆ ਗਏ, ਕੋਪਲਾਂ ਫੁੱਟ ਪਈਆਂ, ਟਾਹਣੀਆਂ ਫੈਲ ਗਈਆਂ.....' (ਪੰਨਾ 163)। ਮਾਲੀ ਨੇ ਦਰਸ਼ਨ ਕੀਤੇ, ਉਸ ਦਾ ਹਿਰਦਾ ਪਿਆਰ ਨਾਲ ਭਰ ਗਿਆ, ਅੰਦਰੋਂ ਨਾਮ ਧੁਨ ਜਾਗ ਪਈ। ਰਾਜੇ ਦੇ ਵਜ਼ੀਰ ਪਰਸਰਾਮ ਨੇ ਦਰਸ਼ਨ ਕੀਤੇ, ਨਿਹਾਲ ਹੋ ਗਿਆ। ਚੰਚਲ ਨਾਰੀਆਂ ਨੂੰ ਨਾਚ ਗਾਣਾ ਭੁੱਲ ਗਿਆ ਤੇ ਗੁਰੂ ਨਾਨਕ ਦੀ ਪਿਆਰ ਦ੍ਰਿਸ਼ਟੀ ਨਾਲ ਉਨ੍ਹਾਂ ਦੀ ਕਾਇਆਂ ਕਲਪ ਹੋ ਗਈ। ਰਾਜਾ ਸ਼ਿਵਨਾਭ ਗੁਰੂ ਨਾਨਕ ਮਹਾਰਾਜ ਦੇ ਮਹਾਨ ਪਰਉਪਕਾਰ ਸੁਣ ਕੇ ਦਰਸ਼ਨਾਂ ਲਈ ਤੜਪ ਉਠਦਾ ਹੈ।

ਇਸ ਪੁਸਤਕ ਦਾ ਇਕ ਕਮਾਲ ਇਹ ਹੈ ਕਿ ਇਸ ਵਿਚ ਪ੍ਰਸ਼ਨੌਤਰੀ ਢੰਗ ਵਰਤ ਕੇ ਉਤਸੁਕਤਾ ਪੈਦਾ ਕੀਤੀ ਹੈ। ਜਿਸ ਵੀ ਵਿਸ਼ੇ ਨੂੰ ਸਪਸ਼ਟ ਕਰਨਾ ਚਾਹਿਆ ਹੈ ਪਹਿਲਾਂ ਉਸ ਪ੍ਰਤੀ ਪ੍ਰਸ਼ਨ ਖੜ੍ਹਾ ਕੀਤਾ ਹੈ। ਉਦਾਹਰਣ ਵਜੋਂ ਛੇਵੇਂ ਅਧਿਆਇ ਵਿਚ ਗੁਰੂ ਨਾਨਕ ਦੇਵ ਲੰਕਾ ਦੇ ਵਜ਼ੀਰ ਨੂੰ ਪੁਛਦੇ ਹਨ, ਤੁਸੀਂ ਜਾਣਦੇ ਹੋ ਕਿ ਜੋਗੀ ਕੌਣ ਹੁੰਦਾ ਹੈ, ਉਸ ਦੀ ਰਹਿਤ ਕੀ ਹੁੰਦੀ ਹੈ? ਪਰਸਰਾਮ ਨਿਰੁੱਤਰ ਹੋਇਆ ਬੇਨਤੀ ਕਰਦਾ ਹੈ ਕਿ ਆਪ ਹੀ ਦਸ ਦਿਉ। ਐਸੀ ਹਾਲਤ ਵਿਚ ਪਾਠਕ ਮਾਨਸਿਕ ਤੌਰ ਤੇ ਉਤਰ ਸੁਣਨ ਲਈ ਉਤਸੁਕ ਹੋ ਜਾਂਦਾ ਹੈ। ਅਰਸਤੂ ਦਾ ਸਾਰਾ ਦਰਸ਼ਨ ਪ੍ਰਸ਼ਨ ਉਤਰ ਢੰਗ ਨਾਲ ਹੀ ਉਸਰਦਾ ਹੈ। ਗੁਰੂ ਮਹਾਰਾਜ ਦਸਦੇ ਹਨ ਕਿ ਉਹ ਜੋਗੀ ਨਹੀਂ ਹੁੰਦਾ ਜੋ ਘਰ ਘਰ ਜਾ ਕੇ ਮੰਗਦਾ ਫਿਰੇ, ਜੋਗੀ ਉਹ ਹੁੰਦਾ ਹੈ ਜਿਹੜਾ ਵਾਹਿਗੁਰੂ ਨਾਲ ਜੁੜ ਜਾਵੇ.....(ਤਿਵੇਂ ਹੀ) ਜਾਤ ਨਾਲ ਬ੍ਰਾਹਮਣ ਨਹੀਂ ਹੁੰਦਾ; ਬ੍ਰਾਹਮਣ ਉਹ ਹੈ ਜਿਸ ਨੇ ਘਟ ਘਟ ਵਿਚ ਵਿਆਪਕ ਵਾਹਿਗੁਰੂ ਨੂੰ ਜਾਣ ਲਿਆ ਹੈ ਅਤੇ ਜਿਹੜਾ ਬ੍ਰਹਮ ਗਿਆਨ ਦੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦਾ ਹੈ......(ਪੰਨਾ 192)। ਏਸੇ ਅਧਿਆਇ ਵਿਚ ਹੋਰ ਪ੍ਰਸ਼ਨ ਹਨ – 'ਵਣਜਾਰੇ ਕੌਣ ਹੁੰਦੇ ਹਨ?' ਗੁਰੂ ਨਾਨਕ ਦੇਵ ਦਾ ਗੁਰੂ ਕੌਣ ਸੀ? (195) ਆਤਮਾ ਦੇ ਕਿਹੜੇ ਹਾਰ ਸ਼ਿੰਗਾਰ ਨੇ? (196) ਇਹ ਰਚਨਾ ਕਾਹਦੇ ਵਾਸਤੇ ਰਚੀ ਹੈ? ਮਨੁੱਖ ਕਿਉਂ ਬਣਾ ਦਿਤਾ, ਰੱਬ ਦਾ ਕੀ ਮਤਲਬ ਸੀ ਇਹ ਸਭ ਕੁਝ ਬਨਾਉਣ ਦਾ?

ਜਦੋਂ ਰਾਜਾ ਸ਼ਿਵਨਾਭ ਨੇ ਦਰਬਾਰ ਦੀਆਂ ਮਨਮੋਹਣੀਆਂ ਇਸਤ੍ਰੀਆਂ ਪਾਸੋਂ ਗੁਰੂ ਮਹਾਰਾਜ ਦੇ ਦਰਸ਼ਨਾਂ ਅਤੇ ਮਿੱਠੇ ਬਚਨਾਂ (ਗਾਛਹੁ ਪੁਤ੍ਰੀ ਰਾਜ ਕੁਆਰਿ) ਨਾਲ ਹੋਈ ਪਰਵ੍ਰਿਤੀ ਦੀ ਗਾਥਾ ਸੁਣੀ ਤਾਂ ਉਹ ਆਪ ਵੀ ਨਿਹਾਲ ਹੋ ਗਿਆ, ਉਹ ਖੁਸ਼ੀ ਵਿਚ ਨੱਚ ਉਠਿਆ। ਗੁਰੂ ਨਾਨਕ ਦੇ ਚਰਨਾਂ ਤੇ ਸੀਸ ਨਿਵਾ ਕੇ ਰਾਜਾ ਸ਼ਿਵਨਾਭ ਦੀ ਜੋ ਧੁਰ-ਅੰਤਰ ਆਤਮਾ ਨੇ ਮਹਿਸੂਸ ਕੀਤਾ, ਉਸ ਨੂੰ ਸ਼ਬਦਾਂ ਵਿਚ ਬੰਨ੍ਹਣਾ ਮਹਾਂਪੁਰਸ਼ਾਂ ਵਰਗੇ ਕਿਸੇ ਅਨੁਭਵੀ ਪੁਰਸ਼ ਅਤੇ ਕਲਮ ਦੇ ਧਨੀ ਦਾ ਹੀ ਕਮਾਲ ਹੋ ਸਕਦਾ ਹੈ। ਚਰਨਾਂ ਤੇ ਮਸਤਕ ਧਰ ਕੇ ਰਾਜਾ ਸ਼ਿਵਨਾਭ ਭਰੇ ਗਲੇ ਨਾਲ ਕਹਿੰਦਾ ਹੈ, ਸੱਚੇ ਪਾਤਸ਼ਾਹ! ਦਰਸ਼ਨ ਦੇ ਦਿਤੇ। ਪਿਆਰ ਦੇ ਹੰਝੂ, ਖੁਸ਼ੀ ਦੇ ਹੰਝੂ ਆਪ ਮੁਹਾਰੇ ਅੱਖਾਂ ਵਿਚੋਂ ਤਿਲ੍ਹਕ ਰਹੇ ਹਨ। ਰਾਜੇ ਦਾ ਗਲ ਭਰ ਗਿਆ, ਬੋਲਿਆ ਨਹੀਂ ਜਾਂਦਾ, ਚਰਨਾਂ ਤੇ ਡਿੱਗ ਪਿਆ (ਪੰਨਾ 212)। ਗੁਰੂ ਨਾਨਕ ਦੇਵ ਤੋਂ ਨਾਮ ਦੀ ਬਰਕਤ ਹਾਸਲ ਕਰਕੇ, ਰਾਜਾ ਸ਼ਿਵਨਾਭ ਦੇ ਰੋਮ ਰੋਮ ਵਿਚੋਂ ਝਰਨ੍ਹਾਟਾਂ ਛਿੜ ਗਈਆਂ, ਅਵਸਥਾ ਬਦਲ ਗਈ, ਗਿਆਨ ਦੀ ਜੋਤਿ ਦਾ ਪ੍ਰਕਾਸ਼ ਹੋ ਗਿਆ, ਗਿਆਨ ਦੇ ਪ੍ਰਕਾਸ਼ ਨੇ ਅੰਤਸ਼ਕਰਣ ਵਿਚ ਹੋ ਕੇ ਸਾਰੇ ਅੰਧਕਾਰ ਅਗਿਆਨ ਭਰਮ ਦੂਰ ਕਰਕੇ ਅੰਤਸ਼ਕਰਣ ਨੂੰ ਪ੍ਰਜ੍ਵਲਤ ਕਰ ਦਿਤਾ (ਪੰਨਾ 215)।

ਸੱਤਵੇਂ ਅਧਿਆਇ ਵਿਚ ਰਾਜਾ ਸ਼ਿਵਨਾਭ ਮਹਾਰਾਜ ਜੀ ਨੂੰ ਐਸਾ ਸਵਾਲ ਕਰਦਾ ਹੈ ਜੋ ਸਾਡਾ ਸਭ ਪਾਠਕਾਂ ਦਾ ਸਵਾਲ ਹੈ, ਜਿਸ ਸਵਾਲ ਦੇ ਸਮਾਧਾਨ ਵਿਚ ਲੇਖਕ ਮਹਾਂਪੁਰਸ਼ਾਂ ਦਾ ਮੁੱਖ ਸੰਦੇਸ਼ ਹੈ। ਰਾਜਾ ਸ਼ਿਵਨਾਭ ਦਾ ਪ੍ਰਸ਼ਨ ਇਹ ਹੈ – 'ਪਾਤਸ਼ਾਹ! ਕ੍ਰਿਪਾ ਕਰੋ, ਮੈਨੂੰ ਰਸਤਾ ਦੱਸੋ।

ਪ੍ਰਮੇਸ਼ਰ ਦੇ ਮਿਲਣ ਦਾ ਮਾਰਗ ਦੱਸੋ। ਕਿਸ ਤਰੀਕੇ ਨਾਲ ਉਸ ਅਵਸਥਾ ਵਿਚ ਪਹੁੰਚ ਜਾਵਾਂ ਜਿਥੇ ਤੁਹਾਡਾ ਤੇ ਮੇਰਾ ਵਿਛੋੜਾ ਨਾ ਹੋਵੇ ਕਿਉਂਕਿ ਆਪ ਪ੍ਰਮੇਸ਼ਰ ਸਰੂਪ ਹੋ, ਸਰਗੁਣ ਹੋ ਕੇ ਗੁਰ ਪ੍ਰਮੇਸ਼ਰ ਆਏ ਹੋ। ਇਹ ਸਰਗੁਣ ਸਰੂਪ ਸਦਾ ਨਹੀਂ ਰਹਿਣਾ। ਆਪ ਨਿਰਗੁਣ ਸਰੂਪ ਹੋ, ਮੈਂ ਤੁਹਾਡੇ ਤਕ ਕਿਵੇਂ ਪਹੁੰਚਾਂ', ਕ੍ਰਿਪਾ ਕਰਕੇ ਰਸਤਾ ਦੱਸੋ। (ਪੰਨਾ 242) ਉਤਰ ਵਿਚ ਮਹਾਂਪੁਰਸ਼ਾਂ ਨੇ ਕੀੜੀ ਦਾ ਰਸਤਾ (ਚੀਟੀ ਮਾਰਗ) ਅਤੇ ਪੰਛੀ ਦਾ ਮਾਰਗ (ਬਿਹੰਗਮ ਮਾਰਗ) ਦੋਹਾਂ ਰਸਤਿਆਂ ਦੀ ਖੋਲ੍ਹ ਕੇ ਵਿਆਖਿਆ ਕੀਤੀ ਹੈ ਅਤੇ ਦੱਸਿਆ ਹੈ ਕਿ ਪੰਛੀ ਦਾ ਮਾਰਗ, ਭਗਤਿ ਮਾਰਗ ਨਾਮ ਮਾਰਗ ਹੈ, ਇਸ ਨੂੰ ਸਹਿਜ ਮਾਰਗ, ਸੌਖਾ ਅਤੇ ਸਰਲ ਮਾਰਗ ਦੱਸਿਆ ਹੈ।

ਇਨ੍ਹਾਂ ਦੀਵਾਨਾਂ ਦਾ ਮੁੱਖ ਸੁਨੇਹਾ ਅੱਠਵੇਂ ਦੀਵਾਨ ਵਿਚ ਦ੍ਰਿੜ੍ਹ ਕਰਵਾਇਆ ਗਿਆ ਹੈ। ਮਨੁੱਖ ਦੀ ਮੂਲ ਸਮੱਸਿਆ ਅਤੇ ਇਸ ਦਾ ਸਮਾਧਾਨ ਮਹਾਂਪੁਰਸ਼ਾਂ ਦੇ ਸ਼ਬਦਾਂ ਵਿਚ ਬੜੀ ਸੁਖੈਨ ਭਾਸ਼ਾ ਵਿਚ ਸਪਸ਼ਟ ਕੀਤਾ ਗਿਆ ਹੈ, 'ਹਉਮੈ ਦਾ ਰੋਗ ਲੱਗਣ ਕਰਕੇ ਇਹ ਜੀਵ ਵਾਹਿਗੁਰੂ ਤੋਂ ਵਖਰਾ (ਦੂਰ) ਰਹਿੰਦਾ ਹੈ। ਸਭ ਤੋਂ ਪਹਿਲਾਂ ਇਕੱਲਾ ਵਾਹਿਗੁਰੂ ਹੀ ਸੀ। ਉਹ ਆਪ ਹੀ ਇਕ ਤੋਂ ਅਨੇਕ ਹੋ ਗਿਆ। ਹਉਮੈ ਦਾ ਜਜ਼ਬਾ ਪੈਦਾ ਹੋਣ ਨਾਲ ਇਸ ਦੇ ਵਿਚ 'ਮੈਂ' ਭਾਵ ਆਉਣ ਕਰਕੇ ਵਾਹਿਗੁਰੂ ਤੋਂ ਵਖਰਾ ਹੋ ਕੇ ਆਪਣੇ ਆਪ ਨੂੰ ਵੱਖਰਾ ਦੇਖਣ ਲਗ ਪਿਆ।....ਇਹ ਪ੍ਰਕ੍ਰਿਤੀ ਵਿਚ ਰਲ ਗਿਆ। ਪ੍ਰਕ੍ਰਿਤਕ ਵਸਤੂਆਂ ਦੇ ਨਾਲ ਤਾਂ ਪਾ ਲਈ ਮਿੱਤਰਤਾ ਤੇ ਵਾਹਿਗੁਰੂ ਨੂੰ ਭੁੱਲ ਗਿਆ। ਭੁੱਲਣ ਦੇ ਨਾਲ ਇਸ ਦਾ ਨਾਉਂ ਵਾਹਿਗੁਰੂ ਦੀ ਥਾਂ ਜੀਵ ਚੇਤਨ ਬਣ ਗਿਆ। ਜੀਵ ਚੇਤਨ ਹੋ ਕੇ ਇਹ ਵਾਹਿਗੁਰੂ ਨਾ ਰਿਹਾ, ਜੀਵ ਚੇਤਨ ਕਹਿਣ ਲੱਗ ਗਏ ਤੇ ਸਾਰੇ ਬ੍ਰਹਿਮੰਡਾਂ ਵਿਚ ਵਾਹਿਗੁਰੂ, ਜਿਹੜਾ ਚੇਤਨ ਤੱਤ ਹੈ, ਉਸ ਦੇ ਨਾਲੋਂ ਇਹ ਅਹੰਭਾਵ ਹੋਣ ਕਰਕੇ ਵਿਛੁੜ ਗਿਆ। ਇਸ ਦੇ ਚਿੱਤ ਵਿਚ ਜਦੋਂ ਪ੍ਰਕਾਸ਼ ਹੋਇਆ 'ਮੈਂ' ਦਾ, ਉਸ ਵੇਲੇ ਇਸ ਦਾ ਰੁਖ ਅੰਦਰ ਨੂੰ ਨਾ ਰਿਹਾ, ਬਾਹਰ ਨੂੰ ਹੋ ਗਿਆ। ਅੱਖਾਂ ਰਾਹੀਂ, ਨੱਕ ਰਾਹੀਂ, ਆਪਣੇ ਨਿਜ ਘਰ ਤੋਂ ਬਾਹਰ ਨਿਕਲ ਗਿਆ। ਪੰਜਾਂ ਵਿਸ਼ਿਆਂ - ਸ਼ਬਦ, ਸਪਰਸ਼, ਰੂਪ, ਰਸ, ਗੰਧ ਦੇ ਨਸ਼ਿਆਂ ਵਿਚ ਬੇਸੁਧ ਹੋ ਕੇ ਆਪਣੇ ਨਿਜ ਘਰ ਨੂੰ ਭੁੱਲ ਕੇ ਬਾਹਰ ਭਟਕ ਕੇ ਦੁਖੀ ਹੋ ਰਿਹਾ ਹੈ। ਆਪਣੇ ਜੋਤੀ ਸਰੂਪ ਨੂੰ ਭੁੱਲ ਕੇ ਪੰਜਾਂ ਤੱਤਾਂ ਦੀ, ਮਲਮੂਤਰ ਵਿਚ ਅਸ਼ੁਧ ਦੇਹੀ ਸਮਝਣ ਲਗ ਪਿਆ। ਦੇਹ ਅਧਿਆਸ ਪੱਕ ਗਿਆ। ਵਾਹਿਗੁਰੂ ਜੀ ਇਸ ਸਰੀਰ ਦੇ ਕਣ ਕਣ ਵਿਚ ਸਮਾਯ ਕੇ ਸੱਤ੍ਹਾ ਦੇ ਰਹੇ ਹਨ। ਉਸ ਸਰੂਪ ਨੂੰ ਭੁੱਲ ਕੇ ਆਪਣੇ ਆਪ ਨੂੰ ਪੰਜਾਂ ਤੱਤਾਂ ਤੋਂ ਬਣੀ ਦੇਹੀ ਸਮਝ ਕੇ ਦੁਖੀ ਹੋ ਰਿਹਾ ਹੈ। ਸਰੀਰ ਦੇ ਨੌਂ ਛਿਦਰਾਂ ਰਾਹੀਂ ਭਟਕ ਰਿਹਾ ਹੈ। ਇੰਦ੍ਰੀਆਂ ਦੇ ਨਿਰਸ ਰਸਾਂ ਵਿਚ ਗ੍ਰਸਤ ਹੋਇਆ ਅੰਮ੍ਰਿਤ ਰਸ ਦੀ ਸਾਰ ਨਹੀਂ ਜਾਣਦਾ। ਆਪਣੇ ਅਸਲੀ ਘਰ ਨੂੰ ਭੁੱਲ ਚੁਕਿਆ ਹੈ। ਆਪਣੇ ਆਪ ਨੂੰ ਭੀ ਭੁੱਲ ਗਿਆ। ਜਿਹੜਾ ਵਾਹਿਗੁਰੂ ਇਸ ਦੇ ਨਾਲ ਅੰਦਰ ਵਸਦਾ ਹੈ, ਉਸ ਨੂੰ ਤਾਂ ਇਹ ਭੁੱਲ ਗਿਆ। ਉਪਮਾ ਤੋਂ ਰਹਿਤ, ਅੰਦਰ ਜੋ ਆਤਮ ਵਸਤੂ ਸੀ ਜਿਸ ਦੇ ਬਾਰੇ ਕੁਝ ਕਿਹਾ ਹੀ ਨਹੀਂ ਜਾ ਸਕਦਾ ਕਿ ਕਿੰਨਾ ਸੁੰਦਰ, ਕਿੱਡਾ ਮਿੱਤਰ, ਕਿੰਨਾ ਪਿਆਰਾ ਹੈ ਲੇਕਿਨ ਇਹ ਨੌਂ ਦਰਵਾਜ਼ਿਆਂ ਰਾਹੀਂ ਬਾਹਰ ਨਿਕਲਣ ਕਰਕੇ ਆਪਣੇ ਆਤਮ ਸਰੂਪ ਨੂੰ ਪੂਰੀ ਤਰ੍ਹਾਂ ਭੁੱਲ ਗਿਆ। (ਪੰਨਾ 313, 314)

ਰਾਜਾ ਸ਼ਿਵਨਾਭ ਇਸ ਦਾ ਸਮਾਧਾਨ ਜਾਣਨਾ ਚਾਹੁੰਦਾ ਹੈ। ਮਨੁੱਖ ਨੂੰ ਜੋ ਹਉਮੈ ਦਾ ਜ਼ਹਿਰ ਚੜ੍ਹਿਆ ਹੋਇਆ ਹੈ, ਉਸ ਦਾ ਇਲਾਜ ਕੀ ਹੈ ? ਮਹਾਂਪੁਰਸ਼ਾਂ ਅਨੁਸਾਰ ਇਸ ਦਾ ਇਲਾਜ ਪ੍ਰਮੇਸ਼੍ਵਰ ਦਾ ਨਾਮ ਹੈ, ਨਾਮ ਅੰਮ੍ਰਿਤ ਹੈ ਜੋ ਗੁਰੂ ਦੀ ਮਤ ਧਾਰਨ ਕਰਕੇ ਪ੍ਰਾਪਤ ਹੁੰਦਾ ਹੈ। ਹਉਮੈ ਤੇ ਮਾਇਆ ਜ਼ਹਿਰ ਹੈ, ਜੋ ਨਾਮ ਅੰਮ੍ਰਿਤ ਪੀਤਿਆਂ ਉਤਰ ਜਾਂਦੀ ਹੈ। (ਪੰਨਾ 319)

ਐਸੀ ਸਪਸ਼ਟ ਭਾਸ਼ਾ ਵਿਚ ਜ਼ਿੰਦਗੀ ਦੇ ਮਹਾਨ ਤੇ ਮੂਲ ਮਸੱਲੇ ਨੂੰ ਮਹਾਂਪੁਰਸ਼ਾਂ ਦੀ ਕਲਮ ਦੀ ਕਰਾਮਾਤ ਹੀ ਦੱਸ ਸਕਣ ਦੇ ਸਮਰੱਥ ਹੈ। ਆਪ ਨੇ ਨਾਮ ਔਸ਼ਧੀ ਅਤੇ ਸੰਜਮ ਦੀ ਭਰਪੂਰ ਵਿਆਖਿਆ ਕੀਤੀ ਹੈ, ਗੁਰਬਾਣੀ ਦੇ ਪ੍ਰਮਾਣਾਂ ਨਾਲ ਵਿਚਾਰ ਵਿਚ ਪਕਿਆਈ ਆਈ ਹੈ, ਸਾਖੀ ਪ੍ਰਮਾਣਾਂ ਰਾਹੀਂ ਸਪਸ਼ਟਤਾ ਵਿਚ ਵਾਧਾ ਹੋਇਆ ਹੈ, ਰਾਜਾ ਸ਼ਿਵਨਾਭ ਨੂੰ ਵੀ ਸਪਸ਼ਟ ਹੋਇਆ ਕਿ ਨਾਮ ਦਾ ਮਾਰਗ, ਸੁਰਤਿ ਸ਼ਬਦ ਦਾ ਮਾਰਗ ਮੁੱਖ ਰੂਪ ਵਿਚ ਭਗਤੀ ਤੇ ਸਿਮਰਨ ਦਾ ਮਾਰਗ ਹੈ (ਪੰਨਾ 326)। ਰਾਜੇ ਸ਼ਿਵਨਾਭ ਨੂੰ ਗੁਰੂ ਮਹਾਰਾਜ ਨੇ 'ਨਿਜ ਘਰ' ਦਾ ਵਾਸਾ ਬਖਸ਼ਿਸ਼ ਕੀਤਾ। ਜਦੋਂ ਸੁਰਤਿ ਨਿਜ ਘਰ ਵਿਚ ਪਹੁੰਚੀ, ਦ੍ਰਿਸ਼ਟੀ ਬਦਲ ਗਈ। ਦ੍ਰਿਸ਼ਟੀ ਵਿਚ ਨਜ਼ਰ ਕੀ ਆਉਂਦਾ ਹੈ ਕਿ ਸਾਰੇ ਹੀ ਗੁਰੂ ਨਾਨਕ ਹੈ, ਜਿਧਰ ਦੇਖਦਾ ਹੈ, ਇਕੋ ਹੀ ਨਜ਼ਰ ਆਉਂਦੈ, ਭਰਮ ਭੇਦ ਚੁਕਿਆ ਗਿਆ....ਦ੍ਰਿਸ਼ਟੀ ਖੁਲ੍ਹ ਗਈ, ਬਜਰ ਕਪਾਟ ਖੁਲ੍ਹ ਗਏ, ਅਵਸਥਾ ਉਚੀ ਹੋ ਗਈ, ਨਿਜ ਘਰ ਵਿਚ ਵਾਸਾ ਹੋ ਗਿਆ, ਪ੍ਰਮੇਸ਼੍ਵਰ ਦਾ ਰੂਪ ਹੋ ਗਿਆ।

ਐਸੀ ਦਸ਼ਾ ਹੀ ਪ੍ਰਦਾਨ ਕਰਨ ਦੇ ਸਮਰੱਥ ਹੈ ਮਹਾਂਪੁਰਸ਼ਾਂ ਦੀ ਇਹ ਮਹਾਨ ਰਚਨਾ 'ਅਮਰ ਗਾਥਾ' ਜੋ ਸਦੀਵ ਕਾਲ ਲਈ ਜਗਿਆਸੂਆਂ ਦਾ ਮਾਰਗ ਦਰਸ਼ਨ ਕਰਦੀ ਰਹੇਗੀ।

*ਡਾ. ਜਗਜੀਤ ਸਿੰਘ*

*ਚੀਫ ਐਡੀਟਰ,ਆਤਮ ਮਾਰਗ*

# ਭਾਈ ਨੰਦ ਲਾਲ ਜੀ
# (ਜ਼ਿੰਦਗੀਨਾਮਾ)

ਨਾਮਿ ਹੱਕ ਅਜ਼ ਬਸਕਿ ਰੂਜ਼ੋ ਸ਼ਬ ਗ੍ਰਿਫ਼ਤ
ਦਸਤਿ ਊ ਰਾ ਜ਼ਿਕਰਿ ਮੋਲਾ ਬਰ-ਗ੍ਰਿਫ਼ਤ॥

ਜਿਸ ਨੇ ਦਿਨ ਰਾਤ ਰੱਬ ਦਾ ਨਾਮ ਧਿਆਇਆ ਰੱਬ ਦਾ ਜ਼ਿਕਰ ਹੀ ਉਸ ਦਾ ਸਹਾਈ ਹੋਇਆ।

ਜ਼ਿਕਰਿ ਮੋਲਾ ਆਂ ਕਿ ਯਾਰੀ ਦਾਦਾ ਸ਼ੁਦ
ਖ਼ਾਨਾਇ ਵੀਰਾਂ ਜ਼ਿ ਹਕ ਆਬਾਦਾ ਸ਼ੁਦ

ਰੱਬ ਦੇ ਸਿਮਰਨ ਨੇ ਜਿਸ ਕਿਸੇ ਦੀ ਸਹਾਇਤਾ ਕੀਤੀ, ਉਸ ਦਾ ਉਜੜਿਆ ਹੋਇਆ ਘਰ ਸੱਚ ਦੀ ਪ੍ਰਾਪਤੀ ਨਾਲ ਆਬਾਦ ਹੋ ਗਿਆ।

ਜ਼ਿਕਰਿ ਮੋਲਾ ਦੋਲਤੇ ਬਾਸਦ ਅਜ਼ੀਮ
ਕੈ ਬਦਸਤ ਆਇਦ ਜ਼ਿ ਗੰਜੋ ਮਾਲੋ ਸੀਮ।

ਰੱਬ ਦੀ ਯਾਦ ਇਕ ਬਹੁਤ ਵੱਡਾ ਧਨ ਹੈ, ਅਜਿਹਾ ਧਨ ਸੰਸਾਰ ਦੇ ਖਜ਼ਾਨਿਆਂ, ਮਾਲ ਅਤੇ ਚਾਂਦੀ ਤੋਂ ਕਿਵੇਂ ਮਿਲ ਸਕਦਾ ਹੈ?

ਹਰ ਕਿਹ ਹੱਕ ਰਾ ਖ਼ਾਸਤ ਹੱਕ ਊ ਰਾ ਬਖ਼ਾਸਤ
ਸ਼ੌਕਿ ਮੌਲਾ ਬਿਹਤਰਿਨ ਕੀਮੀਆ-ਸਤ॥

ਜਿਸ ਕਿਸੇ ਨੇ ਰੱਬ ਦੀ ਇੱਛਾ ਕੀਤੀ, ਰੱਬ ਨੇ ਉਸ ਨੂੰ ਚਾਹਿਆ, ਰੱਬ ਦਾ ਪ੍ਰੇਮ ਸਭ ਤੋਂ ਚੰਗੀ ਰਸਾਇਣ ਹੈ।

ਗੋਹਰਿ ਮਕਸੂਦਿ ਤਨ ਯਾਦਿ ਖ਼ੁਦਾ-ਸਤ
ਲੇਕਨ ਊ ਅੰਦਰ ਜ਼ੁਬਾਨਿ ਔਲੀਆ ਸਤ॥

ਇਸ ਸਰੀਰ ਦੇ ਮਨੋਰਥ ਦਾ ਜੋਹਰ ਰੱਬ ਦੀ ਯਾਦ ਹੈ, ਪਰੰਤੂ ਉਹ ਗੁਰਮੁਖਾਂ ਦੀ ਜੀਭਾਂ ਉਤੇ ਵਸਦਾ ਹੈ।

ਪਾਰਸਾਈ ਬਿਹ ਕਿ ਬਹਿਰਿ ਹੱਕ ਬਵਦ
ਬਾਦਸ਼ਾਹੀ ਚੀਸਤ ਕਾਂ ਨਾਹੱਕ ਬਵਦ॥

ਪਾਰਸਾਈ ਉਹੀ ਹੀ ਕਿਸੇ ਕੰਮ ਦੀ ਹੈ, ਜਿਹੜੀ ਸੱਚ ਲਈ ਹੋਵੇ, ਉਹ ਪਾਤਸ਼ਾਹੀ ਕਿਸ ਕੰਮ, ਜਿਹੜੀ ਵਿਅਰਥ ਹੋਵੇ।

ਹਰ ਦੋ ਮੁਸ਼ਤਾਕ ਅੰਦ ਰਿੰਦੋ ਪਾਰਸਾ
ਤਾ ਕਿਰਾ ਖ਼ਾਹਦ ਖੁਦਾਇ ਕਿਬਰੀਆ।

ਬਿੰਦ ਅਤੇ ਪਾਰਸਾ ਦੋਵੇਂ ਹੀ ਚਾਹਵਾਨ ਹਨ, ਵੇਖੀਏ, ਉਹ ਪਾਰਬ੍ਰਹਮ ਪ੍ਰਮੇਸ਼ਰ ਕਿਸ ਨੂੰ ਚਾਹੁੰਦਾ ਹੈ।

ਬੰਦਾ ਤਾਂ ਬਾਸ਼ਦ ਬਗਾਇ ਬੰਦਗੀਸਤ
ਗ਼ੈਰ ਹਰਫ਼ਿ ਹੱਕ ਹਮਾ ਸ਼ਰਮਿੰਦਗੀਸਤ॥

ਬੰਦਾ ਤਾਂ ਹੀ ਹੁੰਦਾ ਹੈ ਜੇਕਰ ਉਹ ਬੰਦਗੀ ਲਈ ਹੈ, ਬਿਨਾਂ ਰੱਬ ਦੇ ਜ਼ਿਕਰ ਦੇ ਸਭ ਸ਼ਰਮਿੰਦਗੀ ਹੈ।

ਲੇਕ ਦਰ ਜ਼ਾਹਿਰ ਕਸੇ ਬਾਸ਼ਦ ਦੁਰਸਤ
ਆਂ ਕਿ ਆਰਦ ਮੁਰਸ਼ਦਿ ਕਾਮਿਲ ਬਦਸਤ॥

ਪਰੰਤੂ ਜ਼ਾਹਰਾ ਤੋਰ ਤੇ ਉਹ ਹੀ ਸਹੀ ਹੈ, ਜਿਸ ਨੇ ਪੂਰਨ ਸਤਿਗੁਰੂ ਨੂੰ ਪ੍ਰਾਪਤ ਕਰ ਲਿਆ ਹੈ।

ਦੀਨੋ ਦੁਨੀਆ ਹਰ ਦੋ ਫ਼ਰਮਾਂ-ਦਾਰਿ ਊ
ਹਰ ਦੋ ਆਲਮ ਸ਼ਾਇਕਿ ਦੀਦਾਰਿ ਊ॥

ਦੀਨ ਅਤੇ ਦੁਨੀਆਂ ਦੋਵੇਂ ਹੀ ਉਸ ਰੱਬ ਦੇ ਆਗਿਆਕਾਰ ਹਨ, ਦੋਵੇਂ ਜਹਾਨ ਉਸ ਰੱਬ ਦੇ ਦੀਦਾਰ ਦੇ ਚਾਹਵਾਨ ਹਨ।

ਹਵ ਕਿ ਰਾ ਉਲਫ਼ਤ ਜ਼ਿ ਨਾਮਿ ਹੱਕ ਬਵਦ
ਦਰ ਹਕੀਕਤ ਆਰਫ਼ਿ ਮੁਤਲਿਕ ਬਵਦ॥

ਜਿਸ ਕਿਸੇ ਦਾ ਪ੍ਰੇਮ ਰੱਬ ਦੇ ਨਾਮ ਨਾਲ ਹੋ ਜਾਂਦਾ ਹੈ, ਅਸਲ ਵਿਚ ਉਹ ਪੂਰਨ ਜਗਿਆਸੂ ਬਣ ਜਾਂਦਾ ਹੈ।

ਯਾਦਿ ਹੱਕ ਰਾ ਤਾਲਿਬਿ ਊ ਮੀ ਕੁਨੰਦ
ਆਰਿਫ਼ਿ ਹੱਕ ਜੁਮਲਾ ਨੇਕੋ ਮੀ ਕੁਨੰਦ॥

ਰੱਬ ਦੇ ਜਗਿਆਸੂ ਰੱਬ ਦਾ ਸਿਮਰਨ ਕਰਦੇ ਹਨ, ਰੱਬ ਦਾ ਜਗਿਆਸੂ ਸਭ ਨੂੰ ਸੁੰਦਰ ਬਣਾ ਦਿੰਦਾ ਹੈ।

ਹੱਕ ਹਮਾਂ ਬਾਸ਼ਦ ਕਿ ਬਾਸ਼ੀ ਬੰਦਾਇ
ਬੇ-ਅਦਬ ਦਾਇਮ ਜ਼ ਹੱਕ ਸ਼ਰਮਿੰਦਾਇ॥

ਸੱਚ ਤਾਂ ਇਹ ਹੈ ਕਿ ਤੂੰ ਰੱਬ ਦਾ ਬੰਦਾ ਬਣਿਆ ਰਹੁ, ਬੇਅਦਬ (ਮਨਮੁੱਖ) ਰੱਬ ਤੋਂ ਸਦਾ ਸ਼ਰਮਸਾਰ ਹੁੰਦਾ ਹੈ।

ਉਮਰ ਆਂ ਬਾਸ਼ਦ ਕਿ ਊ ਦਰ ਯਾਦ ਰਫ਼ਤ
ਉਮਰ ਨਾ ਬੂਦ ਆਂ ਕਿ ਬਰਬਾਦ ਰਫ਼ਤ॥

ਉਮਰ ਉਹੀ ਚੰਗੀ ਹੈ, ਜੋ ਰੱਬ ਦੀ ਯਾਦ ਵਿਚ ਗੁਜ਼ਰੇ, ਉਹ ਉਮਰ ਕਿਸ ਕੰਮ, ਜੋ ਅਜਾਈਂ ਗੁਜ਼ਰ ਜਾਏ।

ਬੰਦਾ ਪੈਦਾ ਸ਼ੁਦ ਬਰਾਏ ਬੰਦਗੀ
ਖੁਸ਼ ਇਲਾਜੇ ਹਸਤ ਬਹਿਰਿ ਬੰਦਗੀ॥

ਬੰਦਾ ਬੰਦਗੀ ਲਈ ਪੈਦਾ ਹੋਇਆ ਹੈ, ਭਜਨ ਬੰਦਗੀ ਹੀ ਜ਼ਿੰਦਗੀ ਦਾ ਇਕੋ ਚੰਗਾ ਇਲਾਜ ਹੈ।

**ਐ ਖ਼ੁਸ਼ਾ ਚਸ਼ਮੇ ਕਿ ਦੀਦਾ ਰੂਇ ਦੂਸਤ**
**ਮਰਦੁਮਿ ਚਸ਼ਮਿ ਦੋ ਆਲਮ ਸੂਇ ਊ ਸਤ॥**

ਸੁਭਾਗੀ ਹੈ ਉਹ ਅੱਖ ਜਿਸ ਨੇ ਪਿਆਰ ਦਾ ਮੁਖੜਾ ਵੇਖ ਲਿਆ, ਦੋਹਾਂ ਜਹਾਨਾਂ ਦੀ ਅੱਖ ਦੀ ਪੁਤਲੀ ਉਸ ਦੇ ਵੱਲ ਹੀ ਲੱਗੀ ਹੋਈ ਹੈ।

**ਈਂ ਜਹਾਨੋ ਆਂ ਜਹਾਂ ਅਜ਼ ਹੱਕ ਪੁਰ ਅਸਤ**
**ਲੇਕ ਮਰਦਿ ਹੱਕ ਬ-ਆਲਮ ਕਮਤਰ ਅਸਤ॥**

ਇਹ ਜਹਾਨ ਤੇ ਉਹ ਜਹਾਨ ਸੱਚ ਨਾਲ ਭਰਪੂਰ ਹਨ, ਪਰ ਰੱਬ (ਸਤਿ) ਦੇ ਭਗਤ ਇਸ ਦੁਨੀਆਂ ਵਿਚ ਵਿਰਲੇ ਹੀ ਹਨ।

**ਹਰ ਕਸੇ ਕੂ ਬ-ਖ਼ੁਦਾ ਹਮਰੰਗ ਸ਼ੁਦ**
**ਵਸਫ਼ਿ ਊ ਦਰ ਮੁਲਕਿ ਰੂਮੋ ਜ਼ੰਗ ਸ਼ੁਦ॥**

ਜੇ ਕੋਈ ਰੱਬ ਨਾਲ ਇਕਮਿਕ ਹੋ ਗਿਆ, ਉਸ ਦਾ ਜਸ ਰੂਮ ਅਤੇ ਹਬਸ਼ ਦੇਸ਼ਾਂ ਤਕ ਫਲ ਗਿਆ।

**ਮਾਅਨੀਇ ਯਕਰੰਗੀ ਆਮਦ ਸ਼ੌਕਿ ਹੱਕ**
**ਬੰਦਾ ਰਾ ਆਰਾਮ ਅੰਦਰ ਜ਼ੌਕਿ ਹੱਕ॥**

ਰੱਬ ਦੇ ਸਰੂਪ ਵਿਚ ਸਮਾ ਜਾਣਾ ਹੀ ਰੱਬ ਦਾ ਪ੍ਰੇਮ ਹੈ, ਰੱਬ ਦੇ ਪ੍ਰੇਮ ਵਿਚ ਹੀ ਬੰਦੇ ਨੂੰ ਸਦੀਵੀ ਸੁੱਖ ਹੈ।

**ਊ ਬਰੰਗਿ ਸਾਹਿਬੀ ਬਾ ਇਜ਼ੋ ਜਾਹ**
**ਮਾ ਬਾਰੇਗਿ ਬੰਦਗੀ ਅੰਦਰ ਪਨਾਹ॥**

ਉਹ ਸਾਹਿਬਿ ਦੇ ਰੰਗ ਵਿਚ ਮਾਨ ਸਤਿਕਾਰ ਵਾਲਾ ਹੈ, ਅਸੀਂ ਬੰਦਗੀ ਦੇ ਰੰਗ ਵਿਚ ਉਸ ਦੀ ਸ਼ਰਨ ਲਈ ਹੈ।

**ਊ ਬਰੇਗਿ ਸਾਹਿਬਿ ਫਰਮਾਂ ਰਵਾ**
**ਮਾ ਬਰੰਗਿ ਬੰਦਗੀ ਨਿਜ਼ਦਸ਼ ਗਦਾ॥**

ਉਹ ਸਾਹਿਬ ਦੇ ਰੰਗ ਵਿਚ ਸੰਸਾਰ ਦਾ ਬਾਦਸ਼ਾਹ ਹੈ, ਅਸੀਂ ਬੰਦਗੀ ਦੇ ਰੰਗ ਵਿਚ ਉਸ ਦੇ ਸਾਹਮਣੇ ਭਿਖਾਰੀ ਹਾਂ।

**ਉ ਬਰੰਗਿ ਸਾਹਿਬੀ ਦਾਰਦ ਨਜ਼ਰ**
**ਬੰਦਾ ਰਾ ਅਜ਼ ਬੰਦਗੀ ਬਾਸ਼ਦ ਖ਼ਬਰ॥**

ਉਹ ਸਾਹਿਬ ਦੇ ਰੰਗ ਵਿਚ ਸਾਡੀ ਪ੍ਰਿਤਪਾਲਣਾ ਕਰਦਾ ਹੈ, ਬੰਦੇ ਨੂੰ ਬੰਦਗੀ ਨਾਲ ਹੀ ਉਸ ਦਾ ਪਤਾ ਲਗਦਾ ਹੈ।

**ਉਮਰ ਹਾ ਜੋਯਾਇ ਈਂ ਦੌਲਤ ਸ਼ੁਦੰਦ**
**ਸਾਲਹਾ ਮੁਸ਼ਤਾਕਿ ਈਂ ਸੁਹਬਤ ਸ਼ੁਦੰਦ॥**

ਉਮਰਾਂ ਭਰ ਉਹ ਅਜਿਹੀ ਦੌਲਤ ਨੂੰ ਢੂੰਡਦੇ ਰਹੇ, ਸਾਲਾਂ ਬੱਧੀ ਉਹ ਅਜਿਹੀ ਸੰਗਤ ਦੇ ਇੱਛਾਵਾਨ ਰਹੇ।

**ਹਰ ਕਸੇ ਰਾ ਜ਼ੱਰਾ ਜ਼ਾਂ ਬਾਸ਼ਦ ਨਸੀਬ**
**ਆਂ ਬਖ਼ੂਬੀ ਗਸ਼ਤ ਖ਼ੁਦਰਸ਼ੀਦਿ ਨਜੀਬ॥**

ਜਿਸ ਕਿਸੇ ਨੂੰ ਉਹ ਦੌਲਤ ਦਾ ਇਕ ਜ਼ੱਰਾ ਵੀ ਪ੍ਰਾਪਤ ਹੋ ਗਿਆ, ਉਹ ਸਹਿਜੇ ਹੀ ਇਕ ਵਚਿਤ੍ਰ ਸੂਰਜ ਬਣ ਗਿਆ।

**ਗ਼ੈਟ ਊ ਯਾਅਨੀ ਜ਼ਿ ਹੱਕ ਗ਼ਫਲਤ ਬਵਦ**
**ਯਾਦਿ ਊ ਸਰਮਾਯਾਇ ਦੌਲਤ ਬਵਦ॥**

ਉਸ ਰੱਬ (ਸੱਚ) ਤੋਂ ਬਿਨਾਂ ਸਭ ਗਫ਼ਲਤ ਹੈ, ਉਸ ਰੱਬ ਦੀ ਯਾਦ ਭਾਗਾਂ (ਵਾਲਿਆਂ) ਦਾ ਵੱਡਾ ਸਰਮਾਇਆ ਹੈ।

**ਦੀਦਨਿ ਹੱਕ ਤਾ ਮੁਯੱਸਰ ਮੀ-ਸ਼ਵਦ**
**ਸੁਹਬਤਿ ਮਰਦਾਂ ਤਅਸੁਰ ਮੀ-ਸ਼ਵਦ॥**

ਰੱਬ ਦੇ ਦਰਸ਼ਨ ਤਾਂ ਪ੍ਰਾਪਤ ਹੁੰਦੇ ਹਨ, ਜੇਕਰ ਗੁਰਮੁਖਾਂ ਦੀ ਸੰਗਤ ਦਾ ਅਸਰ ਹੋ ਜਾਵੇ।

**ਹਰਫ਼ਿ ਹੱਕ ਦਰ ਦਿਲ ਅਗਰ ਮਾਵਾ ਕੁਨਦ**
**ਦਰ ਬੁਨਿ ਹਰ ਮੂਇ ਊ ਹੱਕ ਜਾ ਕੁਨਦ॥**

ਜੇਕਰ ਸੱਚ ਦਾ ਇਕ ਹਰਫ ਵੀ ਦਿਲ ਵਿਚ ਘਰ ਕਰ ਜਾਏ, ਤਾਂ ਉਸ ਦੇ ਵਾਲਾਂ ਦੀ ਹਰ ਜੜ੍ਹ ਤਕ ਸੱਚ ਹੀ ਸੱਚ ਵਿਚ ਸਮਾ ਜਾਂਦਾ ਹੈ।

**ਹਰ ਕਿ ਗ਼ੁਦ ਰਾ ਸੂਇ ਹੱਕ ਮੀ-ਆਦਰਸ਼**
**ਅਜ਼ ਰੁਖ਼ਿ ਊ ਨੂਰਿ-ਹੱਕ ਮੀ-ਬਾਰਦਸ਼॥**

ਜੋ ਕੋਈ ਵੀ ਆਪਣੇ ਆਪ ਨੂੰ ਰੱਬ ਦੇ ਰਾਹ ਲਿਆਉਂਦਾ ਹੈ, ਉਸ ਦੇ ਮੁਖੜੇ ਤੋਂ ਰੱਬ ਦਾ ਨੂਰ ਵਰ੍ਹਦਾ ਹੈ।

**ਈਂ ਹਮਾ ਫ਼ੈਜ਼ ਅਜ਼ ਤੁਫ਼ਲਿ ਸੁਹਬਤ ਅਸਤ**
**ਸੁਹਬਤਿ ਮਰਦਾਨਿ ਹੱਕ ਖ਼ੁਸ਼ ਦੌਲਤ ਅਸਤ॥**

ਇਹ ਸਭ ਮਿਹਰ ਅਤੇ ਬਖ਼ਸ਼ਿਸ਼ ਉਨ੍ਹਾਂ ਦੀ ਸੰਗਤ ਦੀ ਹੈ, ਰੱਬ ਦੇ ਪਿਆਰਿਆਂ ਦੀ ਸੰਗਤ ਇਕ ਵੱਡੀ ਦੌਲਤ ਹੈ।

**ਹੀਚ ਕਸ ਅਜ਼ ਹਾਲਿ ਸ਼ਾਂ ਆਗਾਹ ਨੀਸਤ**
**ਹਰ ਕਿਹ ਓ ਮਿ ਰਾ ਦਰਾਂਜਾ ਰਾਹ ਨੀਸਤ॥**

ਕੋਈ ਵੀ ਉਨ੍ਹਾਂ ਗੁਰਮੁਖਾਂ ਦੀ ਅਵਸਥਾ ਤੋਂ ਵਾਕਫ਼ ਨਹੀਂ, ਹਰ ਛੋਟੇ ਮੋਟੇ ਦੀ ਉਥੋਂ ਤਕ ਪਹੁੰਚ ਨਹੀਂ।

***ਚਲਦਾ.............।'***

# ਨੂਰਾਨੀ ਮਿਲਾਪ - 26
# (ਗੁਰੁ ਨਾਨਕੁ ਜਿਨ ਸੁਣਿਆ ਪੇਖਿਆ........)

*ਡਾ. (ਭਾਈ) ਸੁਖਵਿੰਦਰ ਸਿੰਘ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ - 40)*

*ਚੜ੍ਹਿਆ ਸੋਧਣਿ ਧਰਤਿ ਲੁਕਾਈ॥*

ਗੁਰੂ ਬਾਬਾ ਜੀ ਦੇ ਸਾਹਮਣੇ ਵੱਡਾ ਆਦਰਸ਼ ਸੀ। ਲੋਕਾਈ ਨੂੰ ਸਿੱਧੇ ਰਸਤੇ ਪਾ ਕੇ, ਇਕ ਅਕਾਲ ਪੁਰਖ ਨਾਲ ਜੋੜਨਾ। ਇਸ ਵੱਡੇ ਕਾਰਜ ਲਈ ਵੱਧ ਤੋਂ ਵੱਧ ਸਮਾਂ ਦੇਣਾ ਤੇ ਸਥਾਨ ਛੱਡਣਾ ਜ਼ਰੂਰੀ ਸੀ। ਕਿਸੇ ਦਾ ਪੁੱਤਰ ਦੁਨਿਆਵੀ ਜਾਂ ਮਾਇਆਵੀ ਕਮਾਈ ਹਿਤ ਨਹੀਂ, ਸਗੋਂ ਲੋਕ ਭਲਾਈ ਹਿਤ ਘਰ ਤੋਂ ਬਾਹਰ ਜਾਵੇ ਤਾਂ ਕੋਈ ਵੀ ਬਰਦਾਸ਼ਤ ਨਹੀਂ ਕਰ ਸਕਦਾ। ਉਸ ਦੇ ਜਾਣ ਕਰਕੇ ਤਨ ਤੇ ਧਨ ਦਾ ਘਾਟਾ ਪੈਂਦਾ ਹੀ ਹੈ। ਪਰ ਨੂਰੀ ਦਾਤੇ ਨੇ ਨਾਮ ਰੂਪੀ ਅਮੋਲਕ ਧਨ ਵੰਡਣਾ ਸੀ। ਸੱਚੇ ਪਾਤਸ਼ਾਹ ਦੇ ਪਰਿਵਾਰ ਵਾਸਤੇ ਵੀ ਉਹਨਾਂ ਦੇ ਜਾਣ ਦਾ ਅਸਹਿ ਘਾਟਾ ਸੀ।

ਆਪ ਜੀ ਦੇ ਸਤਿਕਾਰਯੋਗ ਸਹੁਰਾ ਸਾਹਿਬ ਸ੍ਰੀ ਮੂਲ ਚੰਦ ਜੀ ਇਕ ਸ਼ਾਮੇ ਪੰਡਿਤ ਨੂੰ ਲੈ ਕੇ ਪਹੁੰਚਦੇ ਹਨ। ਪੰਡਿਤ ਜੀ ਸਮਝਾਣਾ ਕਰਦੇ ਹਨ ਕਿ ਸਾਧੂ ਬਾਣਾ ਉਤਾਰ ਕੇ ਘਰ ਰਹੋ। ਸ਼ਾਸਤ੍ਰਾਂ ਦੇ ਉਪਦੇਸ਼ਾਂ ਰਾਹੀਂ ਸਮਝਾਉਣਾ ਚਾਹੁੰਦੇ ਹਨ। ਪਰ ਗੁਰੂ ਬਾਬਾ ਜੀ ਦੇ ਸਾਹਮਣੇ ਇਕ ਘਰ ਤੇ ਇਕ ਪਰਿਵਾਰ ਨਹੀਂ ਸੀ। ਜਿਨ੍ਹਾਂ ਨੂੰ ਲੱਖਾਂ ਆਗਾਸ, ਲੱਖਾਂ ਪਾਤਾਲ ਨਜ਼ਰ ਆਉਂਦੇ ਸੀ, ਉਹਨਾਂ ਦੇ ਘਰ ਤੇ ਪਰਿਵਾਰ ਵੀ ਲੱਖਾਂ ਦੀ ਗਿਣਤੀ ਵਿਚ ਸਨ। ਲੱਖ ਕਹਿਣਾ ਵੀ ਭੁੱਲ ਹੋਵੇਗੀ, ਉਹਨਾਂ ਨੇ ਤਾਂ 'ਤੇਰਾ ਤੇਰਾ ਤੋਲ ਕੇ ਗਿਣਤੀਆਂ ਮਿਣਤੀਆਂ ਤੋਂ ਬਾਹਰ ਹੋ ਕੇ ਦਰਸਾ ਦਿਤਾ -

*ਤਾਰੇ ਗਿਣੇ ਜਾਤ ਹੈ, ਨਾ ਤਾਰੇ ਗਿਣਾਤ ਹੈ*

ਅਸਮਾਨ ਦੇ ਤਾਰੇ ਤਾਂ ਗਿਣੇ ਜਾ ਸਕਦੇ ਹਨ (ਕਿਸੀ ਖਾਸ ਤਕਨੀਕੀ ਵਿਧੀ ਰਾਹੀਂ) ਪਰ ਗੁਰੂ ਬਾਬਾ ਜੀ ਨੇ ਕਿੰਨੇ ਕੁ ਤਾਰੇ? ਗਿਣਤੀ ਨਹੀਂ ਕੀਤੀ ਜਾ ਸਕਦੀ। ਪੰਡਿਤ ਜੀ ਨੂੰ ਗੁਰਬਾਣੀ ਰਾਹੀਂ ਸਮਝਾ ਦਿਤਾ ਕਿ ਆਤਮ ਮਾਰਗ ਦਾ ਪੈਂਡਾ ਕਿਵੇਂ ਤੈਅ ਕਰਨਾ ਹੈ। ਮਨ ਮੰਨ ਗਿਆ ਪੰਡਿਤ ਜੀ ਦਾ ਕਿ ਇਹ ਰੱਬੀ ਜੋਤਿ ਹਨ। ਅਨੁਭਵੀ ਰੱਬ ਰੂਪ ਸਤਿਗੁਰੂ ਹਨ। ਇਹ ਕਿਸੇ ਅਗੰਮੀ ਰੰਗ ਵਿਚ ਰੱਤੇ ਹੋਏ ਹਨ। ਇਨ੍ਹਾਂ 'ਤੇ ਸਾਸ਼ਤ੍ਰਾਂ ਦਾ ਰੰਗ ਨਹੀ ਚੜ੍ਹਨ ਲੱਗਾ। ਪਰ ਸ੍ਰੀ ਮੂਲ ਚੰਦ ਜੀ, ਸਤਿਕਾਰਯੋਗ ਬਾਬਾ ਕਲਿਆਣ ਚੰਦ ਜੀ (ਸ੍ਰੀ ਮਹਿਤਾ ਕਾਲੂ ਜੀ) ਮੋਹ ਵਸ ਹੋਏ ਪਰੇਸ਼ਾਨ ਸਨ। ਦੋਵੇਂ ਬੱਚੇ ਸੱਚੇ ਪਾਤਸ਼ਾਹ ਦੀਆਂ ਪਵਿੱਤਰ ਲੱਤਾਂ ਨੂੰ ਜੱਫੀਆਂ ਵਿਚ ਲੈਂਦੇ ਹਨ ਕਿ ਨਾ ਜਾਉ। ਮਾਤਾ ਸੁਲੱਖਣੀ ਜੀ ਜਿਸ ਦੇ ਸਿਰ ਦੇ ਸਾਂਈਂ ਜਾ ਰਹੇ ਸਨ ਉਹਨਾਂ ਦਾ ਵੈਰਾਗ, ਪਿਆਰ ਉਹਨਾਂ ਦੇ ਉਦਾਸ ਚਿਹਰੇ 'ਤੇ ਝਲਕ ਰਿਹਾ ਸੀ। ਮਮਤਾ ਦੇ ਭਰੇ ਮਾਤਾ ਤ੍ਰਿਪਤਾ ਜੀ ਪੁੱਤਰ ਮੋਹ ਵਿਚ ਵੈਰਾਗਮਈ ਅਵਸਥਾ ਵਿਚ ਹਨ ਪਰ ਇਹਨਾਂ ਸਾਰਿਆਂ ਵਿਚੋਂ ਸਿਰਫ ਬੇਬੇ ਨਾਨਕੀ ਜੀ ਸਨ ਜੋ ਭਰਾ ਦੇ ਪਿਆਰ ਵਿਚ ਲਬਾਲਬ ਭਰੇ ਹੋਏ ਸਨ ਪਰ ਉਹਨਾਂ ਦੇ ਮਿਸ਼ਨ ਵਿਚ ਕੋਈ ਰੁਕਾਵਟ ਨਹੀਂ ਪਾਉਣਾ ਚਾਹੁੰਦੇ ਸਨ। ਉਸ ਦੇ ਵੈਰਾਗ ਵਿਚ ਨਿਰਾਸਤਾ ਨਹੀਂ ਸੀ, ਉਦਾਸੀਨਤਾ ਨਹੀਂ ਸੀ, ਚੜ੍ਹਦੀ ਕਲਾ ਵਿਚ ਸਨ। ਗੁਰੂ ਬਾਬਾ ਜੀ ਨੇ ਸਭਨਾਂ ਨੂੰ ਪਿਆਰਵਤ ਸਮਝਾਉਣਾ ਕੀਤਾ ਕਿ ਦੇਖੋ! ਇਹ ਦੋ ਪੁੱਤਰ ਵੈਰਾਗ ਕਰ ਰਹੇ ਹਨ। ਉਸ ਪ੍ਰਮੇਸ਼ਰ ਦੇ ਅਣਗਿਣਤ ਪੁੱਤਰ ਵਿਰਲਾਪ ਕਰ ਰਹੇ ਹਨ। ਧਰਤੀ ਪੁਕਾਰ ਕਰ ਰਹੀ ਹੈ। ਜਲ ਬਲ ਰਹੀ ਹੈ। ਅਨੇਕਾਂ ਪ੍ਰਮੇਸ਼ਰ ਤੋਂ ਵਿਛੜੀਆਂ ਰੂਹਾਂ ਮਿਲਾਪ ਲਈ ਅਰਜੋਈਆਂ ਕਰ ਰਹੀਆਂ ਹਨ। ਤਰਲੇ ਲੈ ਰਹੀਆਂ ਹਨ। ਉਹਨਾਂ ਦੇ ਤਰਲੇ ਮੈਨੂੰ ਜਾਣ ਲਈ ਮਜ਼ਬੂਰ ਕਰ ਰਹੇ ਹਨ। ਮੈਂ ਉਹਨਾਂ ਵਲ ਦੇਖਾਂ ਜਾਂ ਇਹਨਾਂ ਦੋਹਾਂ ਵਲ। ਟੁੱਟੀਆਂ ਰੂਹਾਂ ਨੂੰ ਪ੍ਰਮੇਸ਼ਰ ਨਾਲ ਜੋੜਨਾ ਹੈ। ਤੁਸੀਂ ਆਪ ਜੁੜੇ ਰਹੋ, ਸਦਾ ਦਾ ਮਿਲਾਪ ਹੈ। ਸ਼ਬਦ ਦਾ ਮਿਲਾਪ ਸਦੀਵੀ ਹੈ। ਦੇਹਾਂ ਦੇ ਮਿਲਾਪ ਸਦੀਵੀ ਨਹੀਂ ਹਨ। ਇਸ ਤਰ੍ਹਾਂ ਦੇ ਰੂਹਾਨੀ ਪ੍ਰਵਚਨਾਂ ਦੁਆਰਾ ਆਪ ਜੀ ਪਰਿਵਾਰ ਨੂੰ ਦਿਲਾਸਾ ਤੇ ਹੌਂਸਲਾ ਦਿੰਦੇ ਹਨ ਕਿ ਧੀਰਜ ਕਰੋ। ਬੇਬੇ ਨਾਨਕੀ ਜੀ ਨੂੰ ਮੁਖਾਤਿਬ ਹੋ ਕੇ ਆਪ ਜੀ ਨੇ ਫੁਰਮਾਇਆ ਕਿ ਬੇਬੇ ਜੀ! ਤੁਸਾਂ ਦਾ ਪਿਆਰ ਸਭ ਤੋਂ ਉੱਚਾ ਹੈ। ਅਸੀਂ ਸਮਝਦੇ ਹਾਂ। ਜਦੋਂ ਤੁਸਾਂ ਦਾ ਵੈਰਾਗ ਥੰਮਿਆ ਨਾ ਜਾਵੇ ਅਸੀਂ ਹਾਜ਼ਰ ਹੋ ਜਾਇਆ ਕਰਾਂਗੇ। ਤੁਸਾਂ ਅਰਦਾਸ ਵਿਚ ਜੁੜਨਾ ਹੈ ਬਸ। ਇਸ ਪ੍ਰਵਚਨ ਨੇ ਸਾਰਿਆਂ ਨੂੰ ਧੀਰਜ ਦਿਤੀ ਕਿ ਬੇਬੇ ਨਾਨਕੀ ਜੀ ਕਰਕੇ ਆ ਤਾਂ ਜਾਇਆ ਕਰਨਗੇ ਕਿਉਂਕਿ ਪਹਿਲਾਂ ਤਾਂ ਪਤਾ ਹੀ ਨਹੀਂ ਸੀ ਕਿ ਕਦੋਂ ਮੁੜਨਗੇ। ਇਸ ਤਰ੍ਹਾਂ ਦਾ ਮਾਹੌਲ ਉਸ ਵੇਲੇ ਪਰਿਵਾਰ ਦਾ ਸੁਲਤਾਨਪੁਰ ਵਿਖੇ ਬਣਿਆ ਹੋਇਆ ਹੈ। ਮਨ ਕਰਕੇ ਕੋਈ ਵੀ ਨਹੀਂ ਸੀ ਚਾਹੁੰਦਾ ਕਿ ਗੁਰੂ ਬਾਬਾ ਜੀ ਇਸ ਵਕਤ ਉਹਨਾਂ ਤੋਂ ਜੁਦਾ ਹੋਣ। ਪਰ ਡਾਢੇ ਅੱਗੇ ਜ਼ੋਰ ਕੀ?

*ਜਿਸੁ ਠਾਕੁਰ ਸਿਉ ਨਾਹੀ ਚਾਰਾ ॥*
*ਤਾ ਕਉ ਕੀਜੈ ਸਦ ਨਮਸਕਾਰਾ ॥* *ਅੰਗ- ੨੬੮*

ਗੁਰੂ ਬਾਬਾ ਜੀ ਸਾਰਿਆਂ ਤੋਂ ਵਿਦਾਇਗੀ ਲੈ ਕੇ ਲੋਕਾਈ ਦੇ ਉਧਾਰ ਵਾਸਤੇ ਭਾਈ ਮਰਦਾਨਾ ਸਮੇਤ ਚਾਲੇ ਪਾ ਦਿੰਦੇ ਹਨ। ਅੱਗੇ ਪੈਂਡਾ ਲੰਮਾ ਹੈ। ਕਿਤਨੀਆਂ ਹੀ ਨੂਰਾਨੀ ਮਿਲਣੀਆਂ ਹੋਣੀਆਂ ਇਹ ਪ੍ਰਮੇਸ਼ਰ ਜਾਣੇ। ਸਮੇਂ-ਸਮੇਂ ਜਿਸ 'ਤੇ ਵੀ ਬਖਸ਼ਿਸ਼ ਹੋਈ, ਆਪਾਂ ਵੀ ਯਾਦ ਕਰਕੇ ਨੂਰਾਨੀ ਛੋਹ ਪ੍ਰਾਪਤ ਕਰਦੇ ਰਹਾਂਗੇ।

# ਈਸ਼੍ਵਰ ਅਮੋਲਕ ਲਾਲ

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

## ੫੨. ਵੈਰਾਗ ਔਰ ਅਭਿਆਸ ਸੇ ਮਨ ਕੋ ਸਥਿਰ ਕੀਆ ਜਾਤਾ ਹੈ

ਸਰੀਰ ਔਰ ਸੰਸਾਰ ਔਰ ਇਸ ਕੇ ਪਦਾਰਥ ਮਾਇਆ ਮਾਤਰ ਹੈਂ। ਮ੍ਰਿਗ ਤ੍ਰਿਸ਼ਨਾ ਕੇ ਜਲ ਔਰ ਸੁਪਨ ਕੀ ਤਰਹ ਸੇ ਮਨੋਮਾਤਰ ਹੈਂ। ਇਸ ਵਾਸਤੇ ਇਨ ਕੋ ਦੁਖ ਰੂਪ ਜਾਨ ਕਰ ਔਰ ਅਸੱਤ ਜਾਨ ਕਰ, ਇਨ ਕੀ ਇੱਛਾ ਕਾ ਤਿਆਗ ਹੀ ਵੈਰਾਗ ਕਹਿਲਾਤਾ ਹੈ।

ਪਾਂਚ ਤੱਤ ਔਰ ਤੀਨ ਗੁਨ, ਅਸਥੂਲ, ਸੂਖਸ਼ਮ ਔਰ ਕਾਰਨ ਪਰਪੰਚ, ਤੀਨ ਲੋਕ, ਚੌਦਹ ਭਵਨ, ਸਮਸ਼ਟੀ ਔਰ (ਵਿਅਸ਼ਟੀ ਸਿਰਫ ਮਨ ਰੂਪੀ ਜਾਦੂਗਰ ਕਾ ਜਾਦੂ ਹੀ ਹੈ ਔਰ ਮਿਥਿਆ ਹੈ। ਸਤ ਤੋ ਆਤਮਾ ਹੀ ਹੈ। ਯਹ ਸੰਸਾਰ ਬਾਹਰ ਨਹੀਂ ਹੈ ਯਹ ਤੋਂ ਮਨ ਮੈਂ ਹੈ ਔਰ ਮਨ ਰੂਪ ਹੈ, ਇਸ ਸੇ ਵੈਰਾਗ ਧਾਰਨ ਕਰਨਾ ਔਰ ਸਤਿ-ਚਿੱਤ-ਅਨੰਦ ਆਤਮਾ ਪਰੀਪੂਰਨ ਕਾ ਬਾਰੰਬਾਰ ਮਨ ਮੇਂ ਅਭਿਆਸ ਕਰਨਾ ਯਾ ਚਿੰਤਨ ਕਰਨਾ ਹੀ ਅਭਿਆਸ ਕਹਿਲਾਤਾ ਹੈ।

ਵੈਰਾਗ ਦੁਆਰਾ ਨਾਮ ਰੂਪ ਕੋ ਮਨ ਸੇ ਬਾਹਰ ਨਿਕਾਲ ਦੇਨਾ ਔਰ ਅਭਿਆਸ ਦੁਆਰਾ ਮਨ ਮੇਂ ਸਤਿ-ਚਿੱਤ-ਅਨੰਦ ਕੋ ਇਸਥਿਤ ਕਰਨਾ ਯਾ ਚਿੰਤਨ ਕਰਨਾ ਹੀ ਅਭਿਆਸ ਕਹਿਲਾਤਾ ਹੈ।

ਵੈਰਾਗ ਦੁਆਰਾ ਨਾਮ ਰੂਪ ਕੋ ਮਨ ਸੇ ਬਾਹਰ ਨਿਕਾਲ ਦੇਨਾ ਔਰ ਅਭਿਆਸ ਦੁਆਰਾ ਮਨ ਮੇਂ ਸਤਿ-ਚਿੱਤ-ਅਨੰਦ ਕੋ ਇਸਥਿਤ ਕਰਨਾ ਹੀ ਪਰਮ ਪਦਵੀ ਹੈ।

ਅਧਿਸ਼ਠਾਨ ਨਿਰੂਪਨ

ਅੰਧੇਰੇਂ ਮੇਂ, ਰੱਸੀ ਮੇਂ ਸਾਂਪ ਪਰਤੀਤ ਹੋਤਾ ਹੈ ਔਰ ਉਸ ਮਿਥਿਆ ਪ੍ਰਤੀਤੀ ਸੇ ਹੀ ਡਰ, ਕਾਂਪਾ ਔਰ ਦੁਖ ਕੀ ਪ੍ਰਾਪਤੀ ਹੂਆ ਕਰਤੀ ਹੈ ਲੇਕਿਨ ਜਿਸ ਤਰ੍ਹਾਂ ਰੌਸ਼ਨੀ ਮੇ, ਰੱਸੀ ਕਾ ਠੀਕ-ਠੀਕ ਗਿਆਨ ਹੋਤੇ ਹੀ ਰੱਸੀ ਕਾ ਅਗਿਆਨ, ਅਗਿਆਨ (ਅਵਰਨ) ਸੇ ਪੈਦਾ ਸ਼ੁਦਾ ਸਾਂਪ (ਮਲ) ਔਰ ਸਾਂਪ ਕੀ ਪ੍ਰਤੀਤੀ ਸੇ ਹੋਨੇ ਵਾਲੇ ਡਰ, ਕਾਂਪਾ ਔਰ ਦੁਖ (ਵਿਖਸ਼ੇਪ), ਯਹ ਤੀਨੇਂ ਯਕਲਖ਼ਤ ਹੀ ਦੂਰ ਹੋ ਜਾਇਆ ਕਰਤੇ ਹੈਂ। ਇਸੀ ਤਰਹ ਆਤਮ ਸੇ ਆਤਮ ਸਵਰੂਪ ਕਾ ਗਿਆਨ ਹੋਤੇ ਹੀ ਆਤਮਾ ਕਾ ਅਗਿਆਨ ਔਰ ਅਗਿਆਨ ਸੇ ਪੈਦਾ ਸ਼ੁਦਾ ਸੰਸਾਰ ਕੀ ਪ੍ਰਤੀਤ ਔਰ ਸੰਸਾਰ ਸੇ ਪੈਦਾ ਸ਼ੁਦਾ ਦੁਖ, ਤਕਲੀਫੇਂ, ਜਨਮ ਮਰਨ ਵਗੈਰਾ ਸਭ ਯਕਲਖ਼ਤ ਦੂਰ ਹੋ ਜਾਇਆ ਕਰਤੇ ਹੈਂ ਔਰ ਪ੍ਰਮਾਨੰਦ ਅਵਸਥਾ ਪ੍ਰਾਪਤ ਹੋ ਜਾਇਆ ਕਰਤੀ ਹੈ।

ਬ੍ਰਹਮ ਗਿਆਨ ਕੀ ਅਜ਼ਹਦ ਜ਼ਰੂਰਤ ਹੈ।

## ੫੩. ਬ੍ਰਹਮ ਗਿਆਨ ਕਾ ਸਾ ਅਨੰਦ ਔਰ ਕਹੀਂ ਨਹੀਂ ਹੈ

1. ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥ ਅੰਗ - 917
2. ਅਨਦ ਰੂਪੁ ਰਵਿਓ ਸਭ ਮਧੇ ਜਤ ਕਤ ਪੇਖਉ ਜਾਈ॥ ਅੰਗ - 673
3. ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ॥ ਅੰਗ- 452

"ਤਮਾਮ ਦ੍ਰਿਸ਼ ਆਤਮ ਸ੍ਵਰੂਪ ਹੀ ਹੈ"

ਆਤਮ ਵੇਤਾ ਪੁਰਸ਼ ਕਾ ਐਸਾ ਨਿਸ਼ਠਾ ਹੈ ਔਰ ਆਤਮ ਦ੍ਰਿਸ਼ਟੀ ਹੈ, ਔਰ ਆਤਮ ਚਿੰਤਨ ਹੈ। ਆਤਮਾ ਮੇਂ ਦੁਖ ਕਾ ਅਭਾਵ ਹੈ। ਯਾਨਿ ਪਰਮਾਨੰਦ ਸਵਰੂਪ ਹੀ ਹੈ। ਤੋ ਪਰਮਾਨੰਦ ਹੀ ਬਾਕੀ ਰਹਾ ਜੋ ਕਿ ਨਿਜ ਸਰੂਪ ਹੈ। ਬ੍ਰਹਮ ਗਿਆਨ ਜੈਸਾ ਅਨੰਦ ਦੁਨੀਆਂ ਮੇਂ ਨਾ ਤੋਂ ਚੱਕਰਵਰਤੀ ਰਾਜਾ ਕੋ ਹੈ ਔਰ ਨਾ ਹੀ ਸਵਰਗ ਕੇ ਰਾਜਾ ਇੰਦਰ ਕੋ ਹੈ ਔਰ ਨਾ ਹੀ ਪਤੀ-ਪੁਰਸ਼ੋਂ ਕੋ ਹੈ ਔਰ ਨਾ ਹੀ ਔਲੀਆ ਲੋਗੋਂ ਕੋ ਹੈ ਔਰ ਨਾ ਹੀ ਸ਼ਿਵ, ਬ੍ਰਹਮਾ ਔਰ ਵਿਸ਼ਨੂੰ ਕੋ ਹੈ। ਬ੍ਰਹਮ ਗਿਆਨ ਸੇ ਤਮਾਮ ਦ੍ਰਿਸ਼ ਬ੍ਰਹਮ ਰੂਪ ਹੀ ਭਾਸਤਾ ਹੈ ਔਰ ਵੋਹ ਅਨੰਦ ਕਾ ਸਮੁੰਦਰ ਹੈ। ਤਮਾਮ ਜਿਸਮ ਮੇਂ ਅਨੰਦ ਹੀ ਅਨੰਦ ਔਰ ਕਲੇਜਾ ਮੇਂ ਅਨੰਦ, ਦਿਲ ਮੇਂ ਅਨੰਦ ਔਰ ਰੋਮ ਮੇਂ ਅਨੰਦ ਹੀ ਅਨੰਦ ਛਾ ਜਾਇਆ ਕਰਤਾ ਹੈ। ਸਭ ਕੁਛ ਅਨੰਦ ਹੀ ਅਨੰਦ ਹੈ।

*ਕਹੁ ਕਬੀਰ ਮਨਿ ਭਇਆ ਅਨੰਦਾ॥*
*ਗਇਆ ਭਰਮੁ ਰਹਿਆ ਪਰਮਾਨੰਦ॥* *ਅੰਗ- ੩੨੭*

### ੫੪. ਮ੍ਰਿਗ ਤ੍ਰਿਸ਼ਨਾ ਕਾ ਜਲ ਔਰ ਗੰਧਰਬ ਨਗਰੀ

*ਮ੍ਰਿਗ ਤਿਸਨਾ ਪੇਖਿ ਭੁਲਣੇ ਵੁਠੇ ਨਗਰ ਗੰਧ੍ਰਬ॥*
*ਜਿਨੀ ਸਚੁ ਅਰਾਧਿਆ ਨਾਨਕ ਮਨਿ ਤਨਿ ਫਬ॥* *ਅੰਗ- ੧੪੨੫*

ਅਗਿਆਨੀ ਲੋਗ ਪ੍ਰਮਾਤਮ ਦੇਵ ਕੋ ਐਸੇ ਭੂਲੇ ਹੂਏ ਹੈਂ ਜੈਸੇ ਹਿਰਨ ਪਿਆਸ ਸੇ ਵਿਆਕੁਲ ਹੋ ਕਰ ਰੇਤ ਕੋ ਠੰਡੇ ਪਾਨੀ ਕਾ ਦਰਿਆ ਸਮਝ ਕਰ ਪੀਨੇ ਵਾਸਤੇ ਜਾਤਾ ਹੈ, ਲੇਕਿਨ ਵਹਾਂ ਤੋ ਗਰਮ ਰੇਤ ਹੂਆ ਕਰਤਾ ਹੈ। ਔਰ ਜੈਸੇ ਭੂਤੋਂ ਕੀ ਨਗਰੀ ਕੋ ਸੱਚੀ ਸਮਝ ਕਰ ਸੁਖ ਵਾਸਤੇ ਇਨਸਾਨ ਜਾਤਾ ਹੈ, ਲੇਕਿਨ ਵਹਾਂ ਕੁਛ ਭੀ ਨਹੀਂ ਹੋਤਾ ਔਰ ਜੋ ਗਿਆਨਵਾਨ ਲੋਗ ਹੈਂ ਵੋਹ ਆਤਮਾ ਕੋ ਸਤਿ-ਚਿੱਤ-ਅਨੰਦ ਜਾਨ ਕਰ ਉਸ ਕਾ ਚਿੰਤਨ ਕਰਤੇ ਹੈਂ ਔਰ ਸੁਖ ਪਾਤੇ ਹੈਂ। ਵੈਰਾਗ ਔਰ ਅਭਿਆਸ ਸੇ ਬਿਰਤੀ ਆਤਮਾ ਮੇਂ ਲਗਾਤੇ ਹੈਂ।

''ਅਲਫ਼ ਅੱਲਾ ਚੰਬੇ ਦੀ ਬੂਟੀ, ਮਨ ਮੁਰਸ਼ਦ ਮੇਰੇ ਲਾਈ ਹੂ।
ਨਫ਼ੀ ਅਸਬਾਤ ਦਾ ਮਿਲਿਆ ਪਾਨੀ, ਹਰ ਬੂਟੇ ਹਰ ਜਾਈ ਹੂ।
ਬੂਟੀ ਅੰਦਰ ਮੁਸ਼ਕ ਮਚਾਇਆ, ਜਾ ਫੁਲਨ ਪਰ ਆਈ ਹੂ।
ਹਜ਼ਰਤ ਬਾਹੂ ਮੈਂ ਤਿਸ ਤੋਂ ਸਦਕੇ, ਜਿਨ ਮੁਰਸ਼ਦ ਬੂਟੀ ਲਾਈ ਹੂ।
ਬਿਨਾਂ ਮੁਰਸ਼ਦਾਂ ਰਾਹ ਨਾ ਹੱਥ ਆਵੇ, ਬਿਨਾਂ ਦੁੱਧ ਨਾ ਰਿਝਦੀ ਖੀਰ ਮੀਆਂ।

**''ਗੁਰ ਬਿਨ ਨਾਮ ਨਹੀਂ ਗੁਰ ਬਿਨ ਗਿਆਨ ਨਹੀਂ ਬਾਝ ਗੁਰੂ ਕਲਿਆਨ ਨਹੀਂ''**

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥* *ਅੰਗ- ੨੦੫*

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥* *ਅੰਗ - ੧੨੩੭*

*ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥*
*ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥* *ਅੰਗ - ੪੬੯*

*ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ ॥*
*ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥* *ਅੰਗ - ੧੪੦੧*

1. ਨਫ਼ੀ = ਘਟਾਓ 2. ਅਸਬਾਤ=ਜੋੜ 3. ਹਰ ਜਾਈ=ਹਰ ਜਗ੍ਹਾ 4. ਮੁਸ਼ਕ=ਮਹਿਕ, ਖੁਸ਼ਬੂ

### ੫੫. ਸਾਧ

*ਨਉ ਦਰਵਾਜੇ ਸਾਧਿ ਸਾਧੁ ਸਦਾਇਆ॥* *(ਭਾਈ ਗੁਰਦਾਸ ਜੀ - ਵਾਰ ੨੨ ਪਉੜੀ ੬)*

ਜਿਸ ਨੇ ਅਪਨੇ ਨੌਂ ਗੋਲਕਾਂ ਨੂੰ ਕਾਬੂ ਵਿਚ ਕਰ ਲਿਆ ਅਰ ਦਸਵੇਂ ਵਿਚ ਇਸਥਿਤੀ ਪਾਈ ਹੈ, ਓਹੀ ਸਾਧ ਹੈ।

*ਗੁਰਮੁਖਾ ਹਰਿ ਧਨੁ ਖਟਿਆ ਗੁਰ ਕੈ ਸਬਦਿ ਵੀਚਾਰਿ ॥*
*ਨਾਮੁ ਪਦਾਰਥੁ ਪਾਇਆ ਅਤੁਟ ਭਰੇ ਭੰਡਾਰ ॥*
*ਹਰਿ ਗੁਣ ਬਾਣੀ ਉਚਰਹਿ ਅੰਤੁ ਨ ਪਾਰਾਵਾਰੁ ॥*
*ਨਾਨਕ ਸਭ ਕਾਰਣ ਕਰਤਾ ਕਰੈ ਵੇਖੈ ਸਿਰਜਨਹਾਰੁ ॥ ੧੫ ॥*
*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥* *ਅੰਗ- ੧੪੧੪*

ਸਾਧੂ ਵੁਹੀ ਹੈ, ਜਿਸ ਨੇ ਅਪਨੇ ਖ਼ਿਆਲਾਤ ਪਰ ਕਾਬੂ ਪਾ ਲੀਆ ਹੈ।

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-49)*

ਜਾਂ ਦੋਵੇਂ ਜਣੇ ਸ਼ਹਿਰੋਂ ਬਾਹਰ ਉਜਾੜ ਵਿਚ ਆਏ, ਜਿੱਥੇ ਗੁਰੂ ਬਾਬਾ ਬੈਠਾ ਸੀ ਤਾਂ ਮਰਦਾਨੇ ਨੇ ਆ ਕੇ 'ਕਰਤਾਰ ਕਰਤਾਰ' ਉਚਾਰ ਚਰਨਾਂ ਤੇ ਸਿਰ ਧਰਿਆ। ਝੰਡੇ ਨੇ ਬੀ ਚੰਗੇਰ ਧਰ ਕੇ ਚਰਨਾਂ ਕੋਲ ਸੀਸ ਨਿਵਾ ਕੇ 'ਕਰਤਾਰ ਕਰਤਾਰ' ਆਖਿਆ ਤਾਂ ਸ੍ਰੀ ਗੁਰੂ ਨਾਨਕ ਅਰਸ਼ਾਂ ਦੇ ਨੂਰ ਨੇ ਆਖਿਆ - 'ਆਉ ਝੰਡਾ! ਤਾਂ ਝੰਡੇ ਨੇ ਜੀਓ' ਆਖ ਕੇ ਪ੍ਰਸ਼ਾਦਿ ਅੱਗੇ ਧਰਿਆ। ਆਪ ਬੋਲੇ ਝੰਡਿਆ 'ਇਹ ਕੀ ਲੈ ਆਇਆ ਹੈਂ? 'ਤਾਂ ਉਸ ਆਖਿਆ ਜੀਉ! ਭੋਜਨ ਹੈ, ਆਪ ਅੰਗੀਕਾਰ ਕਰੋ ਤੇ ਆਪਣੇ ਸੇਵਕ ਨੂੰ ਅਚਵਾਓ। ਤਾਂ ਸਤਿਗੁਰ ਜੀ ਨੇ ਆਖਿਆ - ਝੰਡਿਆ! ਇਸ ਭੋਜਨ ਦੇ ਬਖਰੇ ਕਰ, ਇਕ ਬਖਰਾ ਮਰਦਾਨੇ ਨੂੰ ਦੇਹ ਜੋ ਖਾਵੇ ਤੇ ਤ੍ਰਿਪਤ ਹੋ ਕੇ ਹਰਿ ਗੁਣ ਗਾਵੇ। ਇਹ ਸੁਣ ਮਰਦਾਨੇ ਆਖਿਆ - ਸਾਹਿਬ! ਇਹ ਕਿਵੇਂ ਗੱਲ ਢੁਕਦੀ ਹੈ ਕਿ ਆਪ ਨਾ ਛਕੋ ਤੇ ਮੈਂ ਖਾਵਾਂ। ਪਹਿਲਾਂ ਸਾਹਿਬ ਪਿਛੋਂ ਚਾਕਰ। ਤਾਂ ਸ੍ਰੀ ਗੁਰੂ ਨਾਨਕ ਜੀ ਹੱਸੇ ਤੇ ਆਖਣ ਲੱਗੇ ਮਰਦਾਨਿਆਂ! ਤੈਨੂੰ ਭੁੱਖ ਲੱਗੀ ਹੈ ਤੂੰ ਖਾਹ। ਤੂੰ ਝੰਡੇ ਦਾ ਪ੍ਰਾਹੁਣਾ ਹੈਂ, ਤੂੰ ਪਹਿਲਾਂ ਖਾ ਲੈ। ਝੰਡਾ ਟੁਰ ਕੇ ਸਾਡੇ ਪਾਸ ਆਇਆ ਹੈ, ਇਹ ਸਾਡਾ ਪ੍ਰਾਹੁਣਾ ਹੈ, ਇਸ ਨੂੰ ਪਹਿਲਾਂ ਖਲਾਉਣਾ ਸਾਡਾ ਧਰਮ ਹੈ, ਪਿੱਛੋਂ ਅਸੀਂ ਖਾਵਾਂਗੇ। ਤਦ ਮਰਦਾਨਾ ਬਚਨ ਮੰਨ ਕੇ ਅੰਨ ਖਾਣ ਲੱਗਾ।

ਝੰਡਾ ਹੈਰਾਨ ਹੋ ਗਿਆ ਕਿ ਕਿੱਡੇ ਆਦਰ ਵਾਲੇ ਹਨ, ਪਰ ਇਹ ਨਾ ਸਮਝਿਆ ਕਿ ਮੈਨੂੰ ਪਹਿਲਾਂ ਕੀਹ ਖੁਆਲਣਗੇ, ਉਸ ਜਾਤਾ ਕਿ ਮਰਦਾਨੇ ਤੋਂ ਮਗਰੋਂ ਅੰਨ ਖਾਣ ਦੀ ਮੇਰੀ ਵਾਰੀ ਆਵੇਗੀ ਤੇ ਫੇਰ ਜਯੋਤੀ ਰੂਪ ਜੀ ਆਪ ਛਕਣਗੇ। ਝੰਡਾ ਇਨ੍ਹਾਂ ਸੋਚਾਂ ਵਿਚ ਹੀ ਸੀ ਕਿ ਸਤਿਗੁਰ ਜੀ ਨੇ ਪੁਛਿਆ, ਝੰਡਿਆ! ਇਹ ਭੋਜਨ ਤੂੰ ਆਪਣੇ ਘਰੋਂ ਲਿਆਇਆ ਹੈਂ?

ਝੰਡਾ - ਜੀਉ ਜੀ! ਭੋਜਨ ਤਾਂ ਪਰਮੇਸੁਰ ਦੇ ਘਰੋਂ ਆਇਆ ਹੈ ਮੈਂ ਕੌਣ ਵਿਚਾਰਾ ਹਾਂ?

ਗੁਰੂ ਜੀ - ਝੰਡਿਆ! ਭੋਜਨ ਘੱਲਣ ਵਾਲੇ ਪਰਮੇਸ਼ੁਰ ਨੂੰ ਤੂੰ ਜਾਣਦਾ ਹੈਂ?

ਝੰਡਾ - ਇਹ ਤਾਂ, ਹੇ ਨਿਰੰਕਾਰੀ ਜੀ! ਸਭ ਕੋਈ ਜਾਣਦਾ ਹੈ ਜੋ ਪਰਮੇਸ਼ਰ ਹੈ ਤੇ ਉਹ ਪਾਲਣਾ ਕਰਦਾ ਹੈ।

ਗੁਰੂ ਜੀ - ਕੀ ਤੂੰ ਪਰਮੇਸ਼ੁਰ ਨੂੰ ਜਾਣਿਆ ਹੈ?

ਝੰਡਾ (ਕੁਛ ਹਰਿਆਨ ਹੋ ਕੇ) - ਜੀਉ! ਜਾਣਿਆ ਹੈ ਤਾਂ ਸਤਿਸੰਗ ਵਲ ਚਿਤ ਨੂੰ ਰੁਚੀ ਰਹਿੰਦੀ ਹੇ।

ਗੁਰੂ ਜੀ - ਜੋ ਜਾਣਿਆ ਹੈ ਤਾਂ ਵਿਆਕੁਲ ਕਾਸ ਨੂੰ ਹੋਇਆ ਕਰਦਾ ਹੈਂ? ਵਿਆਕੁਲਤਾ ਤਾਂ ਨਾ ਜਾਣਨੇ ਦੀ ਨਿਸ਼ਾਨੀ ਹੈ। ਜਿਸ ਜਾਤਾ ਹੈ ਉਹ ਕਿਉਂ ਘਾਬਰਦਾ ਹੈ? ਝੰਡਿਆ! ਚੰਗੀ ਤਰ੍ਹਾਂ ਵਿਚਾਰ, ਤੂੰ ਜਾਤਾ ਨਹੀਂ ਹੋਣਾ।

ਝੰਡਾ - ਕਿਵੇਂ ਜੀਉ! ਵਿਆਕੁਲ ਤਾਂ ਬੜਾ ਰਹਿੰਦਾ ਹਾਂ।

ਗੁਰੂ ਜੀ - ਜਿਸ ਘਰ ਵਿਚ ਪਰਮੇਸੁਰ ਦੀ ਜਾਣ ਆਈ ਹੈ, ਉਥੇ ਫੇਰ ਘਾਬਰਦਾ ਨਹੀਂ। ਉਹ ਜੋਤਿ ਸਰੂਪ ਹੈ, ਗਿਆਨ ਸਰੂਪ ਹੈ। ਜਦ ਸਾਡੀ ਜਾਣ ਵਿਚ ਗਿਆਨ ਸਰੂਪ ਆ ਗਿਆ ਹੈ ਤਾਂ ਦੁਚਿਆਈ ਨਹੀਂ ਰਹਿੰਦੀ, ਦੁਚਿਆਈ ਬਿਨਾਂ ਵਿਆਕੁਲਤਾ ਨਹੀਂ ਹੁੰਦੀ।

ਝੰਡਾ (ਸੋਚ ਕੇ) - ਠੀਕ।

ਗੁਰੂ ਜੀ - ਭਲਾ ਝੰਡਿਆ! ਜਦੋਂ ਤੂੰ ਸਵੇਰੇ ਉਠ ਕੇ ਮਨ ਦੀਆਂ ਦੌੜਾਂ ਨੂੰ ਠੱਲ੍ਹਦਾ ਹੈਂ, ਭਗਵੰਤ ਵੱਲੇ ਖਿਆਲ ਨੂੰ ਮੋੜਦਾ ਹੈਂ, ਤਦੋਂ ਤਾਂ ਉਸ ਵਲ ਧਿਆਨ ਪੈਂਦਾ ਹੈ, ਪਰ ਜਦੋਂ ਕੰਮ ਕਾਜ ਵਿਚ ਮਗਨ ਹੁੰਦਾ ਹੈਂ ਸਾਰਾ ਦਿਨ, ਤਦੋਂ ਮਨ ਉਸ ਕੰਮ ਵਿਚ ਹੁੰਦਾ ਹੈ ਮਗਨ। ਤਦੋਂ ਤੂੰ ਕੰਮ ਕਾਜ ਨੂੰ ਜਾਣਦਾ ਹੈਂ, ਭਗਵੰਤ ਨੂੰ ਨਹੀਂ ਜਾਣਦਾ।

ਝੰਡਾ - ਹਾਂ ਜੀ, ਸੱਚ ਤਾਂ ਇਹੋ ਹੈ।

ਗੁਰੂ ਜੀ - ਤਾਂ ਤੂੰ ਪਰਮੇਸ਼ੁਰ ਨੂੰ ਅਜੇ ਨਹੀਂ ਜਾਣਦਾ, ਕਿਉਂ ਜੋ ਜਦੋਂ ਆਸਣ ਲਾ ਬੈਠਦਾ ਹੈਂ ਤਾਂ ਮਨ ਦਸੋ ਦਿਸ਼ਾ ਵਲ ਧਾਂਵਦਾ ਹੈ, ਤੈਥੋਂ ਰੁਕਦਾ ਨਹੀਂ, ਕਦੇ 'ਨਾਮ ਰੂਪ' ਮਿਥਿਆ ਖਿਆਲ ਕਰ ਕਰਕੇ 'ਅਨਾਮ ਅਰੂਪ' ਦਾ ਇਕ ਆਪਣਾ ਸੁਨ ਵਰਗਾ ਖਿਆਲ ਬਣਾ-ਬਣਾ ਕੇ ਉਸ ਵਿਚ ਟਿਕਣ ਦੇ ਤਰਲੇ ਲੈਂਦਾ ਹੈ, ਸੋ ਉਹ ਤਾਂ ਵਕਤ ਲੰਘਿਆ ਤਰਲਿਆਂ ਵਿਚ। ਦਿਹਾੜੀ ਕੰਮਾਂ ਦੀ ਜਾਣ ਸਿਆਣ ਤੇ ਭੁਗਤਾਉਣ ਵਿਚ ਸਮਾਂ ਲੰਘ ਗਿਆ। ਰਾਤ ਨੀਂਦ ਵਿਚ ਸੁੱਤਿਆਂ ਜਾਂ ਸੁਪਨਿਆਂ ਵਿਚ ਰਖਿਆਂ ਲੰਘ ਗਈ। ਪਰਮੇਸ਼ਰ ਨੂੰ ਤੂੰ ਕਦੋਂ ਜਾਣਦਾ ਹੁੰਦਾ ਹੈਂ?

ਆਪਣੇ ਮਨ ਦੀ ਇਹ ਵਿਵੇਚਨਾ ਤੇ ਆਪਣੇ ਰੁਝੇਵੇਂ ਦਾ ਇਹ ਹਿਸਾਬ ਸੁਣ ਕੇ ਝੰਡਾ ਘਬਰਾਇਆ, ਘਬਰਾ ਕੇ ਵਿਚਾਰ ਵਿਚ ਪੈ ਗਿਆ। ਵਿਚਾਰ ਨੇ ਦਸਿਆ ਕਿ ਜੋਤਿ ਨਿਰੰਜਨੀ ਜੀ ਸੱਚ ਕਹਿ ਰਹੇ ਹਨ, ਮਨ ਮੇਰਾ ਹੈ ਤੇ ਉਸ ਦੀ ਦਸ਼ਾ ਆਪ ਦਸ ਰਹੇ ਹਨ। ਆਖਣ ਲੱਗਾ, ਸੱਚ ਕਿਹਾ ਨੇ, ਐਵੇਂ ਹੀ ਚਿੱਤ ਵਿਚ ਸਤਿਸੰਗ ਦਾ ਮਾਨ ਧਾਰੀ ਬੈਠਾ ਹਾਂ, ਆਪਣੇ ਪੋਲ ਦੀ ਆਪ ਨੂੰ ਸੋਝੀ ਨਾ ਪਈ।

ਗੁਰੂ ਜੀ - ਝੰਡਿਆ! ਜੋ ਕਿਸੇ ਦੇ ਅੰਦਰ ਧਨ ਹੈ ਤੇ ਉਸ ਨੂੰ ਹਰ ਵੇਲੇ ਆਪਣੇ ਧਨ ਦਾ ਗਿਆਨ ਨਹੀਂ ਰਹਿੰਦਾ ਤਾਂ ਉਹ ਕਿਸੇ ਲੋੜ ਵੇਲੇ ਧਨ ਦੇ ਅੰਦਰ ਹੁੰਦਿਆਂ ਸੁੰਦਿਆਂ ਥੁੜ ਖੜੋਵੇਗਾ। ਉਸ ਵੇਲੇ, ਉਸ ਛਿਨ, ਜਦੋਂ ਕਿ ਧਨ ਦੇ ਅੰਦਰ ਹੋਣ ਦਾ ਗਿਆਨ ਉਸ ਨੂੰ ਭੁੱਲ ਗਿਆ ਹੈ, ਧਨ ਦਾ ਉਸ ਲਈ ਹੋਣਾ ਨਾ ਹੋਣਾ ਬਰਾਬਰ ਹੈ, ਉਸ ਨੇ ਹੁੰਦੇ ਧਨ ਨੂੰ ਨਹੀਂ ਜਾਣਿਆ।

ਝੰਡਾ ਅੱਖਾਂ ਮੀਟੀ ਦਿਲ ਦਾ ਸਾਰਾ ਤਾਣ ਲਾਏ ਸਮਝਣ ਵਲ ਲਗ ਰਿਹਾ ਸੀ। ਜਾਂ ਆਪ ਚੁੱਪ ਹੋ ਗਏ ਤਾਂ ਬੰਦ ਅੱਖਾਂ ਵਿਚ ਹੀ ਸਿਰ ਹਿਲਾ-ਹਿਲਾ ਕੇ ਕਹਿਣ ਲੱਗਾ - ਠੀਕ, ਠੀਕ। ਝੰਡੇ ਨੇ ਆਪਣੇ ਘਰ ਵਿਚ ਵਸਦੇ ਠਾਕੁਰ ਨੂੰ ਹੁੰਦਿਆਂ ਸੁੰਦਿਆਂ ਨਹੀਂ ਜਾਣਿਆ ਪਰ ਨਹੀਂ ਜਾਣਿਆਂ। ਠੀਕ ਹੈ, ਉਹ ਕਾਹਦਾ ਜਾਣਿਆਂ ਜੁ ਅੱਠੇ ਪਹਿਰ ਭੁੱਲ ਪਈ ਰਹੀ, ਕਦੇ ਸੰਝ ਵੇਲੇ ਬਰਸਾਤ ਦੇ ਬੱਦਲਾਂ ਵਿਚੋਂ ਤਰਲੇ ਲੈ-ਲੈ ਕੇ ਕੋਈ ਕਿਰਨ ਦਿਸੀ, ਕੋਈ ਉਹਲੇ ਹੋ ਗਈ। ਇਸ ਹਿਸਾਬ ਤਾਂ ਅਸਾਂ ਨਹੀਂ ਜਾਤਾ, ਨਹੀਂ ਸਿਆਤਾ, ਨਹੀਂ ਪਛਾਤਾ। (ਸਿਰ ਫੇਰ ਕੇ) ਆਹ! ਐਵੇਂ ਬੀਤ ਗਈ, ਬਿਰਥਾ ਲੰਘ ਗਈ।

ਗੁਰੂ ਜੀ - ਝੰਡਿਆ! ਨਿਰਾਸ ਬੀ ਨਾ ਹੋ। ਜੋ ਤੈਨੂੰ ਲਗਨ ਲੱਗੀ ਹੈ, ਜੋ ਤੈਨੂੰ ਭਗਵੰਤ ਦੇ ਮਿਲਾਪ ਦੀ ਤ੍ਰਿਖਾ ਹੈ, ਸੋ ਭੀ ਧੰਨਤਾ ਜੋਗ ਹੈ, ਉਸੇ ਨੇ ਮਿਲਾਉਣਾ ਹੈ। ਜਿਸ ਦੇ ਅੰਦਰ ਦਰਸ਼ਨ ਦੀ ਸਿੱਕ ਨਹੀਂ, ਤਾਂਘ ਨਹੀਂ, ਉਹ ਤਾਂ ਮੁਰਦੇ ਸਮਾਨ ਹੈ। ਮੁਰਦੇ ਨੂੰ ਮਿਲਾਪ ਦੇ ਕੋਈ ਅਰਥ ਨਹੀਂ ਹੁੰਦੇ। ਤੇਰਾ ਮਨ ਜੀਉਂਦਾ ਹੈ ਜੋ ਸਿੱਕਦਾ ਹੈ। ਸਮਝਣ ਗੋਚਰੀ ਗੱਲ ਇਹ ਹੈ ਕਿ ਤੂੰ ਉਸ ਨੂੰ ਜਾਣਿਆਂ ਨਹੀਂ, ਸਹੀ ਨਹੀਂ ਕੀਤਾ।

ਝੰਡਾ (ਤੜਫ ਕੇ) - ਕਿਵੇਂ ਜਾਣਾ? ਕਿਵੇਂ ਸਿਆਣਾਂ?

ਗੁਰੂ ਜੀ - ਪਰਮੇਸ਼ਰ ਅਨੰਤ ਹੈ, ਉਸ ਦਾ ਕੋਈ ਆਦਿ ਨਹੀਂ, ਕੋਈ ਅੰਤ ਨਹੀਂ। ਅਸੀਂ ਅੰਤ ਵਾਲੇ ਹਾਂ। ਅਨੰਤ ਤੇ ਅੰਤ ਵਾਲੇ ਵਿਚ ਵਿੱਥਾਂ ਪਈਆਂ ਹਨ, ਇਹ ਵਿੱਥਾਂ ਦੂਰ ਕਰਨੀਆਂ ਹਨ।

ਝੰਡਾ (ਤਰਲੇ ਦੀ ਸੁਰ ਵਿਚ) - ਕਿਵੇਂ, ਜੀਓ ਜੀ, ਕਿਵੇਂ?

ਗੁਰੂ ਜੀ - ਅਨੰਤ ਤੇ ਅੰਤ ਵਾਲੇ ਵਿਚ ਇਕ ਵਿੱਥ ਕਾਲ ਦੀ ਹੈ ਸਮੇਂ ਦੀ। ਸਾਡੇ ਸਾਰੇ ਅੰਤ ਵਾਲਿਆਂ ਦਾ ਕਾਲ (ਸਮਾਂ) ਛਿਨ-ਛਿਨ ਕਰਕੇ ਲੰਘਦਾ ਹੈ, ਜੇ ਅਸੀਂ ਛਿਨ-ਛਿਨ ਸੰਭਾਲ ਕਰੀਏ ਤਾਂ ਹਰ ਛਿਨ ਸੰਭਾਲਦਿਆਂ ਸਾਰੀਆਂ ਛਿਨਾਂ ਦੀ ਇਕ ਮਾਨੋ ਲੜੀ ਜਿਹੀ ਬਣ ਜਾਏਗੀ। ਇਸ ਨੂੰ ਕਹਾਂਗੇ 'ਸੰਭਾਲ ਦੀ ਲੜੀ।' ਇਹ ਲੜੀ ਇਕ ਤਰ੍ਹਾਂ ਦੀ ਲਗਾਤਾਰ ਹੋ ਜਾਏਗੀ, ਮਾਨੋਂ ਅਸਾਂ ਕਾਲ ਦੀ ਹਰ ਛਿਨ ਨੂੰ ਸੰਭਾਲ ਕੇ ਆਪਣੇ ਤੇ ਅਨੰਤ ਦੇ ਵਿਚਾਲੇ ਕਾਲ ਦੀ ਨਦੀ ਉੱਤੇ, ਇਕ ਪੁਲ ਬੰਨ੍ਹ ਲਿਆ ਤੇ ਇਸ ਵਿੱਥ ਨੂੰ ਮਾਨੋਂ ਦੂਰ ਕਰ ਲਿਆ ਹੈ।

ਝੰਡਾ - ਠਕਿ ਹੈ, ਠੀਕ ਹੈ, ਕਿਹਾ ਸੁਹਣਾ ਕਰਕੇ ਸਮਝਾਇਆ ਨੇ, ਪਰ ਇਸ ਨੂੰ ਕਰਣੀ ਕਰਤੱਬ ਵਿਚ ਕੀਕੂੰ ਲਿਆਉਣਾ ਹੈ, ਉਹ ਜ਼ਰਾ ਖੋਹਲ ਕੇ ਦੱਸੋ ਨਾ ਜੀਉ? ਕਿਉਂਕਿ ਮੇਰਾ ਮਨ ਸ਼ਾਸਤ੍ਰ ਬੁੱਧੀ ਦੇ ਮਗਰ ਲੱਗ ਕੇ ਹੋਰਵੇਂ ਸਮਝਦਾ ਰਿਹਾ ਹੈ, ਜਿਸ ਨਾਲ ਮਨ ਤਾਂ ਸਬੁੱਧ ਹੁੰਦਾ ਗਿਆ ਹੈ, ਪਰ ਹੁਣ ਸੋਝੀ ਪੈਂਦੀ ਹੈ ਕਿ ਅੰਦਰ ਪੁੜਿਆ ਘਟਿਆ ਕੁਛ ਨਹੀਂ। ਕਰਨੀ ਕਰਤੱਵਾਂ ਦਾ ਵਲ ਠੀਕ ਨਹੀਂ ਆਇਆ, ਤਾਂ ਹੀ ਸਦਾ ਵਿਆਕੁਲ ਹੁੰਦਾ ਰਿਹਾ ਹਾਂ।

ਗੁਰੂ ਜੀ - ਪਰਮੇਸਰ ਹੈ, ਇਹ ਗੱਲ ਤਾਂ ਪਰਤੱਖ ਹੈ, ਉਸ ਦਾ ਸਰੂਪ ਹੈ ਹੀ ਤਾਂ ਹੈ, 'ਸਤਯ' ਸਰੂਪ, 'ਹੈ' ਸਰੂਪ ਠੀਕ ਹੈ?

ਝੰਡਾ - ਜੀਉ ਹਾਂ ਸੱਤਿ, ਤਿੰਨੇ ਕਾਲ ਸੱਤਿ ਸਦਾ ਸਤਿ, ਉਹ ਹੈ, ਇਹੋ ਦੱਸਿਆ ਨੇ ਨਾ।

ਗੁਰੂ ਜੀ - 'ਹੈ' ਉਹ ਹੈ ਇਹ ਉਸ ਦਾ ਇਕ ਸਰੂਪ ਹੈ, ਉਹ ਹੈ, ਇਹ ਭਾਵ ਸਾਡੇ ਅੰਦਰ ਨਹੀਂ ਹੈ। ਸਾਡੇ ਅੰਦਰ 'ਉਹ ਹੈ' ਇਹ ਭਾਵ ਕਿਵੇਂ ਵੱਸ ਜਾਵੇ ਤਾਂ ਉਸ ਦਾ ਸਰੂਪ ਅੰਦਰ ਵਸ ਗਿਆ, ਸਾਡੀ ਜਾਣ ਵਿਚ ਆ ਗਿਆ, ਪਰ ਅਸੀਂ ਕਾਲ ਵਿਚ ਵਸਦੇ ਹਾਂ, ਕਾਲ ਸਾਡਾ ਛਿਨ-ਛਿਨ ਕਰਕੇ ਲੰਘਦਾ ਹੈ, ਮਨ ਦਾ ਸੰਕਲਪ ਛਿਨ-ਛਿਨ ਵਿਚ ਹੋਰਨਾਂ ਪਰਚਿਆਂ, ਸੋਚਾਂ ਵਿਚ ਤੁਰਿਆ ਜਾ ਰਿਹਾ ਹੈ, ਮਾਨੋਂ ਸਾਡਾ ਸਾਰਾ ਕਾਲ ਇਸ 'ਹੈ' ਭਾਵਨਾ ਦੇ ਵਿਸਾਰੇ ਵਿਚ ਲੰਘ ਜਾਂਦਾ ਹੈ। ਜੇ ਅਸੀਂ ਵਿਸਾਰੇ ਦੀ ਥਾਂ ਯਾਦ ਨੂੰ ਕਹੋ, ਯਾ ਚੇਤੇ ਨੂੰ ਕਹੋ ਯਾ ਸਿਮਰਣ ਨੂੰ ਕਹੋ, ਅੰਦਰ ਪਾ ਲਈਏ......।

ਝੰਡਾ (ਜ਼ਰਾ ਕਾਹਲਾ ਹੋ ਕੇ) - ਕਿਵੇਂ?

ਗੁਰੂ ਜੀ - ਪਰਮੇਸੁਰ ਹੈ ਇਹ ਗੱਲ ਹਰ ਛਿਨ ਅਸੀਂ ਯਾਦ ਰੱਖੀਏ, ਸਾਡੇ ਚੇਤੇ ਵਿਚੋਂ 'ਉਹ ਹੈ' ਇਹ

ਗੱਲ ਕਿਸੇ ਛਿਨ ਨਾ ਨਿਕਲੇ, ਤਾਂ ਸਮਝ ਲੈ ਕਿ ਇਹ ਸਿਆਣ ਲਗਾਤਾਰ ਸਿਆਣ ਹੋ ਕੇ ਸਾਨੂੰ ਉਸ ਦੇ 'ਹੈ' ਹੋਣ ਦੀ ਬੱਝ ਜਾਏਗੀ ਕਿ ਨਾ? ਹਰ ਛਿਨ ਯਾਦ ਰਹੇ ਕਿ ਉਹ 'ਹੈ' ਤਾਂ ਕੋਈ ਛਿਨ ਨਾ ਆਊ ਕਿ ਸਾਨੂੰ ਹੈ, ਭੁੱਲ ਜਾਵੇ, ਤਦ ਹੈ ਦੀ ਗਿਆਤ ਲਗਾਤਾਰ ਸਾਡੇ ਅੰਦਰ ਹੋ ਗਈ, ਅਸੀਂ ਕਾਲ ਦੀ ਨਦੀ ਉਤੇ ਪੁਲ ਬਣਾ ਕੇ ਅਨੰਤ ਦੇ ਦੇਸ਼ ਨਾਲ ਜਾ ਛੋਹੇ ਕਿ ਨਾ? ਅੰਤ ਵਾਲੇ ਦੇ ਅੰਦਰ 'ਅਨੰਤ' ਦੀ 'ਹੈ' ਦਾ ਭਾਵ ਇਕ ਤਰ੍ਹਾਂ ਨਾਲ ਲਗਾਤਾਰ ਭਾਵ ਹੋ ਗਿਆ।

ਝੰਡਾ - ਠੀਕ ਹੈ, (ਠੰਢਾ ਸਾਹ ਲੈ ਕੇ) ਕਿਵੇਂ ਕੱਖ ਦੇ ਉਹਲਿਓਂ ਲੱਖ ਕੱਢ ਦਿਖਾਇਆ ਨੇ।

ਗੁਰੂ ਜੀ - ਫਿਰ ਇਸ ਲਗਾਤਾਰ ਹੋਂਦ ਦਾ ਅੰਦਰ ਅਭਿਆਸ ਕਰੋ, ਕਰਤਾਰ ਹੈ, ਮੇਰੇ ਅੰਦਰ ਹੈ, 'ਹੈ ਹੈ' ਚਿੰਤਨ ਕਰਦਿਆਂ, ਚੇਤੇ ਵਿਚ 'ਹੈ' ਵਸ ਜਾਏਗੀ। ਫਿਰ ਚੇਤੇ ਵਿਚ ਰੱਖੀ ਗੱਲ ਧੁਰ ਅੰਦਰਲੇ ਚਿੱਤ ਵਿਚ ਉਤਰ ਜਾਏਗੀ। ਕੋਈ ਦਿਨ ਐਸਾ ਆਵੇਗਾ ਕਿ ਇਹ ਪ੍ਰਵਾਹ ਲਗਾਤਾਰੀ ਹੋ ਜਾਏਗਾ, ਸੁਭਾਵਕ ਹੋ ਜਾਏਗਾ, ਸੁਤੇ ਸਿੱਧ ਟੁਰਦਾ ਰਹੇਗਾ, ਤਦੋਂ ਸਮਝੀਂ ਕਿ ਪਰਮੇਸੁਰ ਨੂੰ ਕੁਛ ਜਾਣਿਆ ਹੈ।

ਝੰਡਾ - ਸਤਿਸੰਗੀ ਕਹਾਉਣ ਵਾਲੇ ਲੋਕ ਕਿ ਗਿਆਨੀ ਲੋਕ ਕਥਾ ਕਰਨ ਵੇਲੇ ਕਿ ਸਮਝਣ ਸਮਝਾਉਣ ਵੇਲੇ, ਕਿ ਚਰਚਾਵਾਦ ਵੇਲੇ ਜਾਂ ਕੋਈ ਵਿਰਲੇ ਘੜੀ ਅੱਧ ਘੜੀ ਬੈਠ ਕੇ ਤਰਲਾ ਲੈ ਕੇ ਸਮਝਦੇ ਹਨ ਕਿ ਅਸਾਂ ਸਾਂਈਂ ਨੂੰ ਜਾਣ ਲਿਆ ਹੈ। ਇਹੋ ਭੁੱਲ ਭਲਿਆਂ ਨੂੰ ਵਾਪਰ ਰਹੀ ਹੈ, ਅੱਠ ਪਹਿਰ ਵਿਚੋਂ ਸੱਤ ਪਹਿਰ ਤੇ ਪੌਣੀਆਂ ਅੱਠ ਘੜੀਆਂ ਭੁੱਲ ਵਿਚ ਵਸਦੇ, ਮਨੋਂ ਦੂਰੀ ਵਿਚ ਰਹਿੰਦੇ, ਵਿੱਥਾਂ ਤੇ ਖੜੋ ਕੇ ਕਾਲ ਦੀ ਨਦੀ ਵਿਚ ਕੱਖ ਪਲਾਹ ਇਕੱਠੇ ਕਰਦਿਆਂ ਲੰਘ ਜਾਂਦੇ ਹਨ, ਫਿਰ ਅਸੀਂ ਕਹਿੰਦੇ ਹਾਂ, ਅਸੀਂ ਸਤਿਸੰਗੀ ਹਾਂ, ਰੱਬ ਦੇ ਪ੍ਰੇਮੀ ਹਾਂ, ਭਲੇ ਹਾਂ, ਵੈਰਾਗੀ ਹਾਂ, ਅਸਾਂ ਜਾਤਾ ਹੈ ਬਾਕੀ ਦਾ ਜਗਤ ਮਗਨ ਅਵਸਥਾ ਵਿਚ ਹੈ, ਫਿਰ ਅਸੀਂ ਉਹਨਾਂ ਨੂੰ ਉਪਦੇਸ਼ ਦੇਣ ਭੀ ਤੁਰ ਪੈਂਦੇ ਹਾਂ। ਭੁੱਲ ਦਰ ਭੁੱਲ ਹੁੰਦੀ ਹੈ। ਸ਼ੋਕ ਹੈ ਆਪੇ ਤੇ, ਹਾਂ ਮੈਨੂੰ ਸ਼ੋਕ ਹੈ ਆਪਣੇ ਆਪੇ ਤੇ।

ਗੁਰੂ ਜੀ - ਕਾਲ ਛਿਨ-ਛਿਨ ਕਰਕੇ ਟੁਰ ਰਿਹਾ ਹੈ, ਪਰ ਭਾਸਦਾ ਇਕ ਵਗਦੀ ਧਾਰਾ ਵਾਂਗੂੰ ਹੈ, ਤਿਵੇਂ ਛਿਨ-ਛਿਨ ਵਿਚ ਸਾਂਈਂ ਨੂੰ ਯਾਦ ਰਖੋ, ਇਹ ਛਿਨ-ਛਿਨ ਦੀ ਯਾਦ ਇਕ ਅਵਿਰਲ ਧਾਰਾ ਵਾਗੂੰ ਪਰਵਾਹ ਬਣ ਜਾਏਗੀ। ਜਿਵੇਂ ਧਨੀ ਨੂੰ ਆਪਣੇ ਧਨ ਦਾ ਗਿਆਨ ਲਗਾਤਾਰੀ ਹੈ, ਤਦੇ ਹੀ ਉਹ ਧਨ ਦਾ ਸੁਖ ਮਾਣਦਾ ਹੈ, ਤਿਵੇਂ ਸਾਂਈਂ ਦੀ ਹੋਂਦ ਦਾ ਅਭਿਆਸ ਲਗਾਤਾਰ ਹੋ ਕੇ ਗਿਆਨ ਰੂਪ ਹੋ ਜਾਏਗਾ, ਲਗਾਤਾਰ ਹੈ, ਦਾ ਭਾਵ ਚੇਤੇ ਵਿਚ ਵਸਦਾ-ਵਸਦਾ ਚਿੱਤ ਵਿਚ ਟਿਕ ਜਾਏਗਾ ਤੇ ਚੇਤੇ ਵਿਚ ਲਗਾਤਾਰੀ ਗਿਆਨ ਭਾਸੇਗਾ, ਇਸ ਤੋਂ ਸੁਆਦ, ਰਸ ਤੇ ਆਨੰਦ ਮਿਲੇਗਾ।

ਝੰਡਾ - ਮੈਂ ਜਯੋਤ ਨਿਰੰਜਨੀ ਜੀ ਸਮਝ ਲਿਆ ਹੈ, ਸੁਆਦ ਆਇਆ ਹੈ, ਪਰ ਡਰਦਾ ਹਾਂ ਕੁਛ ਚਿਰ ਨੂੰ ਛਿਨ-ਛਿਨ ਦੀ ਯਾਦ ਭੁੱਲ ਜਾਏਗੀ। ਸੁਣਦੇ ਤੇ ਸਮਝਦੇ ਸਾਰ ਰੌ ਟੁਰ ਨਹੀਂ ਪੈਂਦੀ ਪਰ ਆਪ ਦੇ ਚਰਨਾਂ ਦਾ ਸਦਕਾ ਹੁਣ ਟੁਰਦੀ ਲਗਦਾ ਹੈ, ਕਿਤੇ ਇਹ ਘੜੀ ਕੁ ਨੂੰ ਖੜੋ ਨਾ ਜਾਵੇ।

ਗੁਰੂ ਜੀ - ਝੰਡਿਆ! ਗੱਲ ਤਾਂ ਗਹੁ ਕਰਕੇ ਪਕੜਨ ਵਾਲੀ - ਮਨ ਦੇ ਪੱਲੇ ਵਿਚ ਪਾ ਕੇ ਖਿਚ ਕੇ ਗੰਢ ਦੇ ਲੈਣ ਵਾਲੀ - ਹਈ ਇਹੋ। ਜੋ ਕਿਸੇ ਦਾ ਮਨ ਉੱਚਾ ਸੁੱਚਾ ਹੈ, ਤਾਂ ਸੁਣਦੇ ਸਾਰ ਇਹ ਯਾਦ ਦਾ ਰਉ ਟੁਰ ਪਏਗਾ। ਇਹ ਮਨ ਦੀ ਅਵਸਥਾ ਦੀ ਗੱਲ ਹੈ। ਕਈ ਮਨ ਐਸੇ ਹਨ ਕਿ ਸੁਣਦੇ ਸਾਰ ਲੱਗ ਪੈਂਦੇ ਹਨ, ਪਰ ਐਸੇ ਮਨ ਵਿਰਲੇ ਹਨ। ਕਮਾਏ ਹੋਏ ਮਨ ਜੋ ਦੀਵੇ, ਵੱਟੀ, ਤੇਲ ਦੇ ਮੇਲ ਵਾਂਗੂੰ ਤਿਆਰ ਹੁੰਦੇ ਹਨ, ਲਾਟ ਦੀ ਛੁਹ ਲਗਦੇ ਸਾਰ ਬਲ ਪੈਂਦੇ ਹਨ, ਪਰ ਜੋ ਮਨ ਕਮਾਏ ਹੋਏ ਨਹੀਂ, ਜਿਨ੍ਹਾਂ ਨੂੰ ਵੈਰਾਗ, ਸਤਿਸੰਗ ਆਦਿ ਕੋਈ ਤਰਲੇ ਪਹਿਲੇ ਕਿ ਹੁਣ ਨਹੀਂ ਲੰਘੇ, ਉਹ ਲੱਗ ਤਾਂ ਪੈਂਦੇ ਹਨ, ਪਰ ਫਿਰ ਭੁੱਲਦੇ ਹਨ। ਸਾਹਿਬ - ਸੱਚੇ ਸਾਹਿਬ ਦੀ ਯਾਦ ਤੋਂ ਵਿਸਰ-ਵਿਸਰ ਜਾਂਦੇ ਹਨ, ਉਹਨਾਂ ਨੂੰ ਫਿਰ ਇਕ ਹੋਰ ਸਮਝ ਕਰਨੀ ਪੈਂਦੀ ਹੈ।

ਝੰਡਾ - ਉਹ ਜ਼ਰੂਰ ਦੱਸੋ, ਮੈਨੂੰ ਆਪਣੇ ਮਨ ਤੇ ਪਤੀਜਣਾ ਨਹੀਂ ਕਿ ਹੁਣ ਵਾਂਗੂੰ ਟੁਰਿਆ ਰਹੇਗਾ, ਮੇਰਾ ਮਨ ਕੱਚਾ ਹੈ, ਖਿਆਲ ਕਰਦਾ ਹੈ ਕਿ ਮੈਂ ਵਧੀਆ ਕਿਸਮ ਦਾ ਹਾਂ ਪਰ ਹੈ ਸਾਧਾਰਣ ਜੇਹਾ ਤੇ ਕੱਚਾ ਜੇਹਾ।

ਗੁਰੂ ਜੀ - ਕਦੇ ਮੁੰਡੇ ਪੜ੍ਹਦੇ ਡਿੱਠੇ ਨੀ! ਇਕ -ਇਕ ਪਦ ਨੂੰ ਕਿੰਨੀ-ਕਿੰਨੀ ਵਾਰੀ ਘੋਖਦੇ ਹਨ। ਘੋਖਦਿਆਂ-ਘੋਖਦਿਆਂ ਉਹ ਪਦ, ਉਸ ਦਾ ਅਰਥ ਉਨ੍ਹਾਂ ਦੇ ਚੇਤੇ ਵਿਚ ਬੈਠਦਾ, ਹੇਠਾਂ ਚਿਤ ਵਿਚ ਲਹਿ ਜਾਂਦਾ ਹੈ, ਫਿਰ ਕਦੇ ਨਹੀਂ ਭੁੱਲਦਾ। ਸੋ ਕਿਸੇ ਗੱਲ ਨੂੰ ਘੜੀ ਮੁੜੀ ਚੇਤੇ ਵਿਚ ਵਸਾਉਂਦਿਆਂ ਉਹ ਅੰਦਰ ਘਟ ਵਿਚ, ਦਿਲ ਦੇ ਹੇਠਲੇ ਪਰਤ ਵਿਚ ਬੈਠ ਕੇ ਪੱਕੀ ਹੋ ਜਾਂਦੀ ਹੈ, ਉਹੋ ਸਾਡਾ ਗਿਆਨ ਹੈ ਤੇ ਉਹੋ ਸੁਖ ਦੇਂਦਾ ਹੈ। ਸੋ ਜੋ ਗੱਲ ਇਕੋ ਵਾਰੀ ਸੁਣ ਕੇ ਚੇਤੇ ਵਿਚ ਨਹੀਂ ਵਸ ਜਾਂਦੀ, ਉਸ ਨੂੰ ਜੀਭ ਨਾਲ ਦੁਹਰਾਈਦਾ ਹੈ, ਘੜੀ ਮੁੜੀ ਉਚਾਰੀਦਾ ਹੈ, ਰਟਨ ਕਰੀਦਾ ਹੈ, ਉਹ ਫਿਰ ਚੇਤੇ ਵਿਚ ਵਸਦੀ ਹੈ। ਭਾਵ ਇਹ ਕਿ ਚੇਤੇ ਵਿਚ ਕਿਸੇ ਸ਼ੈ ਨੂੰ ਵਸਾਉਣ ਲਈ ਉਸ ਦੇ ਬਾਰ-ਬਾਰ ਰਟਨ ਕਰਨਾ ਸਹਾਈ ਹੁੰਦਾ ਹੈ, ਜਿਵੇਂ ਤੈਨੂੰ ਦੱਸਿਆ ਸੀ ਕਿ ਚੇਤੇ ਵਿਚ

ਕਿਸੇ ਗੱਲ ਨੂੰ ਬਾਰ-ਬਾਰ ਵਸਾਇਆ, ਉਹ ਗੱਲ ਚਿੱਤ ਵਿਚ ਮਨ ਦੇ ਹੇਠਲੇ ਪਰਤ ਵਿਚ ਵਸ ਜਾਂਦੀ ਹੈ। ਸੋ ਪਰਤੱਖ ਹੈ ਕਿ ਚੇਤੇ ਵਿਚ ਵਸਾਉਣ ਲਈ ਬਹੁਤ ਵੇਰੀ ਸਾਨੂੰ ਰਸਨਾ ਦੇ ਰਟਨ ਤੋਂ ਸਹਾਇਤਾ ਮਿਲ ਜਾਂਦੀ ਹੈ। ਇਹ ਗੱਲ ਕਿ ਰਟਨ ਨਾਲ, ਬਾਰ-ਬਾਰ ਉਚਾਰਨ ਨਾਲ, ਜਪਣ ਨਾਲ, ਚੇਤੇ ਵਿਚ, ਯਾਦ ਵਿਚ, ਸਿਮਰਨ ਵਿਚ ਗੱਲ ਵਸ ਜਾਂਦੀ ਹੈ, ਪਰਤੱਖ ਹੈ। ਸਾਡੇ ਮਨ ਦੀ ਅੰਦਰਲੀ ਕਲਾ ਦੀ ਬਨਾਵਟ ਐਸੀ ਹੈ ਤੇ ਹਰ ਕੋਈ ਸਮਝਦਾ ਹੈ। ਜਿਤਨੇ ਵਿਦਵਾਨ ਹਨ ਸਭ ਨੇ ਵਿਦਿਆ ਇਸੇ ਤਰ੍ਹਾਂ ਰਟ-ਰਟ ਤੇ ਯਾਦ ਕਰ ਕਰਕੇ ਅੰਦਰ ਵਸਾਈ ਹੈ। ਸੋ ਝੰਡਿਆ। ਜੋ ਤੌਖਲਾ ਹੋਵੇ ਕਿ ਸਾਂਈਂ ਦੀ ਹੋਂਦ ਸਾਡੀ ਯਾਦ ਵਿਚ ਲਗਾਤਾਰੀ ਨਿਵਾਸ ਨਹੀਂ ਕਰੇਗੀ ਤਾਂ ਸਾਂਈਂ ਦਾ 'ਨਾਮ' ਰਸਨਾ ਤੇ ਬਿਠਾ ਕੇ ਜਪ ਕਰੀਏ, ਰਟਨ ਕਰੀਏ, ਬਾਰ-ਬਾਰ ਉਚਾਰੀਏ। ਇਸ ਰਸਨਾ ਦੇ ਅਭਿਆਸ ਨਾਲ, ਇਸ ਜੀਭ ਨਾਲ ਨਾਮ ਜਪਣ ਨਾਲ ਸਾਂਈਂ ਦੀ ਹੋਂਦ ਯਾਦ ਵਿਚ ਵਸ ਜਾਏਗੀ, ਯਾਦ ਵਿਚੋਂ ਕਿਸੇ ਵੇਲੇ ਨਾ ਨਿਕਲਣ ਦੇਣ ਨਾਲ ਇਹ ਭਾਵ ਚਿੱਤ ਵਿਚ ਮਨ ਦੇ ਹੇਠਲੇ ਪਰਤ ਵਿਚ ਲਗਾਤਾਰੀ ਰੰਗ ਵਿਚ ਟਿਕ ਜਾਏਗਾ।

ਝੰਡਾ ਸਾਹ ਘੁੱਟ-ਘੁੱਟ ਕੇ, ਸਾਰਾ ਧਿਆਨ ਲਾ-ਲਾ ਕੇ ਸਮਝ ਰਿਹਾ ਸੀ। ਹੁਣ ਇਕ ਲੰਮਾ ਸਾਹ ਲੈ ਕੇ ਤੇ ਉਫ ਜਿਹੀ ਮੱਧਮ ਆਵਾਜ਼ ਕਰਕੇ ਆਖਣ ਲੱਗਾ - ਸੁਆਦ ਆ ਗਿਆ ਹੈ, ਸਮਝੇ ਪੈ ਗਿਆ ਹੈ ਜੇ ਆਪ ਮੂਰਖ ਨੂੰ ਸਮਝਾਉਂਦੇ ਥੱਕ ਨਾ ਗਏ ਹੋਵੋ ਤਾਂ ਇਕ ਗੱਲ ਹੋਰ ਸਮਝਾ ਦਿਓ? ਇਹ ਤਾਂ ਡਾਢਾ ਸੁਹਣਾ ਸਮਝੇ ਪੈ ਗਿਆ ਹੈ ਕਿ ਸਾਂਈਂ ਦੀ ਹੋਂਦ ਸਾਡੀ ਯਾਦ ਵਿਚ ਹਰ ਛਿਨ ਵਸੇ, ਜੋ ਐਉਂ ਮਨ ਦੀ ਸੂਖਮ ਗਤੀ ਵਿਚ ਯਾਦ ਅਰਥਾਤ ਸਾਂਈਂ ਦੀ ਹੋਂਦ ਦੀ ਯਾਦ, ਲਗਾਤਾਰੀ ਹੋ ਕੇ ਨਾ ਵਸੇ, ਭੁੱਲ-ਭੁੱਲ ਜਾਵੇ, ਮੁੜ-ਮੁੜ ਚੇਤੇ ਆਵੇ, ਮੁੜ-ਮੁੜ ਭੁੱਲ-ਭੁੱਲ ਜਾਵੇ, ਤਾਂ ਸਾਂਈਂ ਦਾ ਨਾਮ ਰਸਨਾ ਨਾਲ ਜਪੇ। ਇਹ ਅਭਿਆਸ 'ਸਾਂਈਂ' ਦੀ ਹੋਂਦ ਦੇ ਭਾਵ ਨੂੰ ਯਾਦ ਵਿਚ ਲਗਾਤਾਰੀ ਕਰ ਦੇਵੇਗਾ। ਡਾਢਾ ਸੁਆਦ ਆਇਆ ਹੈ। ਲੋਕੀਂ ਜੋ ਹੁੱਜਤਾਂ ਘੜਿਆ ਕਰਦੇ ਹਨ, ਵਿਚਾਰ ਨਹੀਂ ਕਰਦੇ। ਮੇਰੇ ਜੇਹੇ ਮੂਰਖਾਂ ਨੂੰ ਨਾਮ ਜਪਣ ਨਾਲ ਨਾਮ-ਸਿਮਰਣ ਪ੍ਰਾਪਤ ਹੋਵੇਗਾ, ਇਹੋ ਦਸਿਆ ਜੇ ਨਾ? (ਸਿਰ ਹਿਲਾ ਕੇ ਤੇ ਤੱਕ ਕੇ ਚਿਹਰੇ ਵੱਲ ਜਿਧਰੋਂ ਹਾਂ ਦਾ ਇਸ਼ਾਰਾ ਜਾਪਦਾ ਸੀ) ਕਿ ਸਿਮਰਨ ਨਾਲ ਪਰਮੇਸ਼ੁਰ ਦੀ ਹੋਂਦ ਦਾ ਭਾਵ ਚਿੱਤ ਵਿਚ ਟਿਕ ਜਾਏਗਾ। ਮੈਂ ਇਉਂ ਸਮਝਿਆ ਹੈ ਕਿ ਫਿਰ ਉਠਦਿਆਂ ਬਹਿਦਿਆਂ, ਟੁਰਦਿਆਂ ਸੁੱਤਿਆਂ ਹਰ ਵੇਲੇ ਹੈ ਦਾ ਭਾਵ ਇਕ ਲਗਾਤਾਰੀ ਭਾਵ ਅੰਦਰ ਰਹੇਗਾ। ਭਲਾ ਜੀ ਫੇਰ ਕੰਮ ਕਾਜ ਤੇ ਹੋਰ ਰੁਝੇਵੇਂ ਤਾਂ ਉਧਰੋਂ ਨਹੀਂ ਉਕਾ ਦੇਣਗੇ?

ਗੁਰੂ ਜੀ - ਝੰਡਿਆ! ਜਦ ਮਨ ਦੇ ਦੂਸਰੇ ਤਬਕ ਵਿਚ, ਸੰਸਕਾਰੀ ਮਨ ਵਿਚ ਨਾਮ ਵੱਸ ਜਾਵੇਗਾ ਤਦ ਫਿਰ ਕੰਮ ਕਾਜ ਤਾਂ ਸਾਡਾ ਉਪਰਲਾ ਮਨ ਕਰਦਾ ਹੈ ਨਾ, ਉਹ ਪਿਆ ਕਰੇਗਾ, ਪਰ ਉਸ ਦੇ ਅੰਦਰ ਨਾਮ ਦਾ ਰੌ ਜਾਰੀ ਰਹੇਗਾ। ਜਦ ਹੀ ਕਿ ਉਪਰਲਾ ਮਨ ਰੁਝੇਵੇਂ ਤੋਂ ਵਿਹਲਾ ਹੋਵੇਗਾ, ਕੀ ਦੇਖੇਗਾ ਕਿ ਅੰਦਰੋਂ ਕਿਸੇ ਅਨਜਾਣ ਪਰਤ ਵਿਚੋਂ ਨਾਮ ਦੀ ਰੁਚੀ ਜ਼ੋਰ ਦੇ ਰਹੀ ਹੈ, ਫਿਰ ਕੀ ਦੇਖੇਗਾ ਕਿ ਰੌ ਟੁਰ ਪਿਆ ਤੇ ਮਨ ਸਿਮਰਨ ਵਿਚ ਹੈ। ਇਸ ਤਰ੍ਹਾਂ ਜਪਣ ਵਾਲਿਆਂ ਦੀ ਰਸਨਾ ਦਾ ਪਰਵਾਹ ਤਾਂ ਟੁਰਦਾ ਹੀ ਜਾਪਦਾ ਹੈ। ਰੁਝੇਵੇਂ ਦੀ ਪਈ ਆਰਜ਼ੀ ਮੈਲ ਬੀ ਉਹਨਾਂ ਦੀ ਛੇਤੀ ਦੂਰ ਹੋ ਜਾਂਦੀ ਹੈ। ਰੁਝੇਵੇਂ ਵੇਲੇ ਇਸੇ ਅੰਦਰਲੇ ਮਨ ਵਿਚ ਜਪ ਜਾਰੀ ਰਹਿਣ ਕਰਕੇ ਤੇ ਫੇਰ ਵਿਹਲੇ ਹੋ ਕੇ ਤੇ ਸਮਝ ਕੇ ਜਪੇ ਸਿਮਰਨ ਦੇ ਟੁਰ ਪੈਣ ਨਾਲ ਉਹ ਰੁਝੇਵੇਂ ਵੇਲੇ ਆ ਪਈ ਮੈਲ ਪਹਿਲੋਂ ਕੱਟੀ ਜਾਂਦੀ ਹੈ ਤੇ ਫੇਰ ਉਹ ਜਪ ਸਿਮਰਨ ਹੋ ਜਾਂਦਾ ਹੈ।

ਝੰਡਾ - ਠੀਕ, ਆਪ ਨੇ ਇਹ ਸਮਝਾਇਆ ਹੈ ਕਿ ਇਹ ਭਾਵ ਹੈ ਦਾ ਯਾ ਇਉਂ ਕਹੋ ਕਿ ਵਾਹਿਗੁਰੂ ਦੀ ਹੋਂਦ ਦਾ ਗਿਆਨ ਯਾ ਉਸ ਦਾ ਸਤਿ ਸਰੂਪ ਐਉਂ ਲਗਾਤਾਰੀ ਹੋ ਜਾਏਗਾ ਸਾਡੇ ਅੰਦਰ, ਇਹ ਭਾਵ ਆਪਣੇ ਆਪ ਨੂੰ ਲਖਾਉਂਦਾ ਰਹੇਗਾ ਸਾਡੇ ਅੰਦਰ।

ਗੁਰੂ ਜੀ - ਹਾਂ 'ਹੈ' ਦਾ ਭਾਵ ਜਦ ਅੰਦਰ ਲਗਾਤਾਰੀ ਹੋ ਜਾਏਗਾ, ਅੰਦਰਲਾ ਸਾਡਾ ਇਕ ਉਚਿਆਣ ਉਤੇ ਆਪੇ ਨੂੰ ਪ੍ਰਤੀਤ ਕਰੇਗਾ, ਇਕ ਜਾਗ੍ਰਤ ਦਾ ਭਾਵ ਕਿ 'ਮਾਨੋ ਸੁੱਤੇ ਹੋਏ ਸਾਂ, ਹੁਣੇ ਜਾਗੇ ਹਾਂ, ਅੰਦਰ ਜਾਰੀ ਰਹੇਗਾ, ਤਾਜ਼ਗੀ-ਤਾਜ਼ਗੀ, ਹਲਕਾ ਹਲਕਾਪਨ ਭਾਸੇਗਾ। ਇਸ ਤਰ੍ਹਾਂ ਦੇ ਸੁਆਦ ਅੰਦਰਲੇ ਆਪੇ ਵਿਚ ਪ੍ਰਤੀਤ ਹੋਣਗੇ, ਉਸ ਹਾਲਤ ਨੂੰ ਉਨਮਨ ਕਹੀਦਾ ਹੈ ਕਿ ਮਨ ਉਚਿਆਣ ਵਿਚ ਆ ਗਿਆ ਹੈ। ਯਾ ਇਉਂ ਕਹੋ ਕਿ ਆਪਾ ਦਬਾਵਾਂ ਤੇ ਗਿਰਾਵਾਂ ਤੋਂ ਛੁੱਟ ਕੇ ਉੱਚਾ ਹੋ ਗਿਆ ਹੈ। ਇਹ ਉਚਿਆਣ ਆਕੜ ਹੈਂਕੜ ਨਾ ਸਮਝਣੀ। ਉਹ ਹੈਂਕੜ ਮਨ ਦੀ ਅਹੰਕਾਰ ਬਿਰਤੀ ਹੈ, ਇਹ ਉਚਿਆਣ ਆਪੇ ਦਾ ਆਪੇ ਵਿਚ ਆ ਕੇ ਉੱਚੇ ਹੋਣਾ ਹੈ ਉਨ੍ਹਾਂ ਅਸਾਂ ਤੋਂ ਜੋ ਉਸ ਨੂੰ ਨੀਵਾਂ ਕਰੀ ਰਖਦੇ ਹਨ, ਜਿਵੇਂ ਹੁਣ ਤੇਰਾ ਮਨ ਪ੍ਰਤੀਤ ਕਰ ਰਿਹਾ ਹੈ। ਅੰਦਰਲੇ ਦੀ ਅਸਲੀ ਉਚਿਆਣ ਤੇ ਹੈਂਕੜ ਨਾ ਸਮਝਣੀ। ਉਹ ਹੈਂਕੜ ਮਨ ਦੀ ਅਹੰਕਾਰ ਬਿਰਤੀ ਹੈ। ਇਹ ਉਚਿਆਣ ਆਪੇ ਦਾ ਆਪੇ ਵਿਚ ਆ ਕੇ ਉੱਚੇ ਹੋਣਾ ਹੈ ਉਨ੍ਹਾਂ ਅਸਰਾਂ ਤੋਂ ਜੋ ਉਸ ਨੂੰ ਨੀਵਾਂ ਕਰੀ ਰਖਦੇ ਹਨ, ਜਿਵੇਂ ਹੁਣ ਤੇਰਾ ਮਨ ਪ੍ਰਤੀਤ ਕਰ ਰਿਹਾ ਹੈ। ਅੰਦਰਲੇ ਦੀ ਅਸਲੀ ਉਚਿਆਣ ਤੇ ਹੈਂਕੜ ਵਾਲੀ ਉਚਿਆਣ ਦਾ ਫਰਕ ਹੁਣ ਸਮਝ ਲਿਆ ਨੇ? ਜਗਤ ਦੇ ਮਾਮਲਿਆਂ

ਦੀਆਂ ਸੋਚਾਂ ਵਿਚਾਰਾਂ ਮਨ ਨੂੰ ਨੀਵਾਂ ਕਰੀ ਰਖਦੀਆਂ ਹਨ। ਸਦਾ ਨੀਵੇਂ ਰਹਿਣ ਕਰਕੇ ਮਨੁੱਖ ਨੂੰ ਮਨ ਦੀ ਅਸਲੀ ਉਚਿਆਣ ਦੀ ਸੋਝੀ ਨਹੀਂ ਪੈਂਦੀ, ਜਦੋਂ ਸਾਂਈ ਦੀ ਯਾਦ ਨਾਲ ਮਨ ਤੋਂ ਆਸ, ਅੰਦੇਸੇ, ਸੋਚਾਂ ਆਦਿਕਾਂ ਦੇ ਬੋਝ ਢਹਿ ਪੈਂਦੇ ਹਨ ਤਾਂ ਮਨ ਇਸ ਉਚਿਆਣ ਨੂੰ ਅਨੁਭਵ ਕਰਦਾ ਹੈ।

ਝੰਡਾ - ਜੀ ਹਾਂ, ਮੇਰੇ ਨਿਰੰਕਾਰ ਦੇ ਪਿਆਰੇ ਜੀਉ! ਸਮਝਿਆ ਹੈ। ਹਾਂ ਗੱਲ ਇਕ ਹੋਰ ਪੁੱਛਣ ਵਾਲੀ ਹੈ?

ਗੁਰੂ ਜੀ (ਇਸ਼ਾਰਾ ਕਰਕੇ) - ਪੁੱਛੋ।

ਝੰਡਾ - ਇਹ ਜੋ ਆਪ ਨੇ ਫੁਰਮਾਇਆ ਹੈ ਸਾਡੇ ਮਨ ਤੇ ਸੁਭਾਵ ਦੀ ਬਣਤਰ ਐਸੀ ਹੈ ਕਿ ਜੋ ਗੱਲ ਅਸੀਂ ਬਾਰ-ਬਾਰ ਰਟਨ ਕਰਾਂਗੇ, ਸੋ ਚੇਤੇ ਵਿਚ ਵਸ ਜਾਏਗੀ, ਮੈਂ ਸਮਝ ਲਈ ਹੈ। ਜਿਸ ਗੱਲ ਦਾ ਚੇਤਾ ਅਸੀਂ ਲਗਾਤਾਰ ਰਖਾਂਗੇ, ਸੋ ਗੱਲ ਸਾਡੇ ਅੰਦਰ ਸਾਡਾ ਗਿਆਨ ਬਣ ਜਾਏਗੀ। ਲਗਾਤਾਰੀ ਗਿਆਨ ਜਿਵੇਂ ਉਹ ਗਿਆਨ ਸਾਡਾ ਆਪਣਾ ਹੈ ਤੇ ਉਸ ਤੋਂ ਅਸੀਂ ਸੁਖ ਰਸ ਮਾਣਦੇ ਹਾਂ। ਇਉਂ ਮੈਂ ਸਮਝਿਆ ਹੈ ਕਿ ਉਹ ਇਕ ਲਗਾਤਾਰੀ 'ਭਾਵ' ਯਾ 'ਸੁਭਾਵ' ਹੋ ਜਾਏਗਾ। ਜਿਹੜੀ ਗੱਲ ਤੁਸਾਂ ਇਹ ਆਖੀ ਹੈ ਕਿ ਜੋ ਬਾਤ ਅਸੀਂ ਬਾਰ-ਬਾਰ ਸਿਮਰਨ ਕਰਾਂਗੇ ਉਹ ਸਾਡੇ ਚਿੱਤ ਵਿਚ ਟਿਕ ਜਾਏਗੀ, ਸਾਡੇ ਮਨ ਦੇ ਹੇਠਲੇ ਪਰਤ ਵਿਚ ਬਹਿ ਜਾਵੇਗੀ, ਇਹ ਮਨ ਦਾ ਹੇਠਲਾ ਪਰਤ ਜਾਂ ਚਿੱਤ ਵਿਚ ਬੈਠਣਾ ਕੀ ਗੱਲ ਹੋਈ? ਹੇਠਲਾ ਪਰਤ ਮਨ ਦਾ ਕੀਹ ਹੈ?

ਗੁਰੂ ਜੀ - ਝੰਡਿਆ! ਗੱਲ ਜਰਾ ਗਹੁ ਕਰਨ ਵਾਲੀ ਹੈ। ਚਿੱਤ ਦਾ ਅਰਥ ਤਾਂ ਹਰ ਮਤਿ ਵਾਲੇ ਆਪੋ ਆਪਣੇ ਆਸ਼ੇ ਮੂਜਬ ਕਰਦੇ ਹਨ, ਅਸੀਂ ਤੈਨੂੰ ਇਕ ਗੱਲ ਸਮਝਾਉਣੀ ਸੀ, ਪਦਾਂ ਦੇ ਅਰਥ ਨਹੀਂ ਸਨ ਬੰਨ੍ਹਣੇ, ਪਰ ਤੂੰ ਪਛਿਆ ਹੈ ਤਾਂ ਹੁਣ ਸਮਝ ਲੈ। ਸਾਡਾ ਜੋ ਇਸ ਜੜ੍ਹ ਸਰੀਰ ਦੇ ਅੰਦਰ ਚੇਤੰਨ ਹਿੱਸਾ ਹੈ ਉਸ ਦੇ ਅਸੀਂ ਸਾਰੇ ਗਿਆਤਾ ਨਹੀਂ ਹਾਂ। ਉਹ ਅਸੀਂ ਹਾਂ, ਉਹ ਸਾਡਾ ਆਪਾ ਹੈ ਯਾ ਸਾਰਾ ਕੁਛ ਆਪਣਾ ਹੈ, ਪਰ ਅਸੀਂ ਉਸ ਸਾਰੇ ਦੇ ਜਾਣੂ ਨਹੀਂ ਹਾਂ। ਜੀਵ ਉਸ ਦੇ ਉਤਨੇ ਹਿੱਸੇ ਦਾ ਜਾਣੂ ਹੈ, ਜਿਤਨੇ ਵਿਚ ਕਿ ਸੋਚ ਵਿਚਾਰ, ਪਛਾਣ ਆਦਿਕ ਹਨ। ਜਿਹਾ ਮਨ ਸੋਚਦਾ ਹੈ, ਸਮਝਦਾ ਹੈ, ਉਸ ਦੀ ਜੀਵ ਨੂੰ ਖਬਰ ਹੈ, ਬਾਕੀ ਦੇ ਦੀ ਨਹੀਂ। ਕਈ ਵੇਰ ਟਪਲਾ ਖਾ ਜਾਈਦਾ ਹੈ ਕਿ ਸੋਚਣ ਸਮਝਣ ਵਾਲੇ ਮਨ ਨੂੰ ਸਾਰਾ ਮਨ, ਸਾਰਾ ਆਪਾ, ਸਾਰੀ ਜਿੰਦ ਸਮਝ ਲਈਦਾ ਹੈ, ਪਰ ਇਹ ਠੀਕ ਨਹੀਂ, ਇਸ ਸਾਡੇ ਸੋਚਾਂ ਵਾਲੇ ਮਨ ਦਾ ਇਕ ਹੋਰ ਪਰਤ ਯਾ ਹਿੱਸਾ ਹੈ, ਜਿਸ ਵਿਚ ਸਾਡੇ ਇਸ ਮਨ ਦੇ ਵਿਚਾਰ ਆਦਿ ਅਕਸ ਪਾਉਂਦੇ ਹਨ ਤੇ ਮਾਨੋ ਓਥੇ ਅਕਸ ਕੱਠੇ ਹੁੰਦੇ ਹਨ, ਯਾ ਇਉਂ ਕਹੀਏ ਕਿ ਉਸ ਮਨ ਵਿਚ ਸਾਡੇ ਸਾਰੇ ਅਭਿਆਸ 'ਸੰਸਕਾਰ' ਬਣ ਕੇ ਜਮ੍ਹਾਂ ਹੁੰਦੇ ਹਨ, ਉਹ ਮਨ ਸੋਚਦਾ ਵਿਚਾਰਦਾ ਤੋਲਦਾ ਸਾਨੂੰ ਪ੍ਰਤੀਤ ਨਹੀਂ ਦੇਂਦਾ।

ਝੰਡਾ (ਕੁਛ ਕਾਹਲਾ ਹੋ ਕੇ) - ਫੇਰ ਉਸ ਦੀ ਸਾਨੂੰ ਸੋਝੀ ਕਿਵੇਂ ਹੁੰਦੀ ਹੈ ਜੀ?

ਗੁਰੂ ਜੀ - ਉਸ ਦੀ ਸੋਝੀ ਅੰਦਰਲੀ ਰੁਚੀ ਤੋਂ ਥੋੜ੍ਹੀ ਜਿਹੀ ਹੋ ਜਾਂਦੀ ਹੈ। ਜਿਵੇਂ ਕੋਈ ਆਦਮੀ ਦਸ ਬਾਰਾਂ ਵਰ੍ਹੇ ਰੋਜ਼ ਸ਼ਰਾਬ ਪੀਂਦਾ ਰਹਿੰਦਾ ਹੈ, ਉਸ ਦਾ ਸ਼ਰਾਬ ਦਾ ਅਭਿਆਸ ਸ਼ਰਾਬ ਦੇ ਖਿਆਲਾਂ ਨੂੰ ਲੈ-ਲੈ ਕੇ ਇਸ ਦੂਸਰੇ ਮਨ ਵਿਚ ਉਤਰਦਾ ਤੇ ਉਥੇ ਜਮ੍ਹਾਂ ਹੁੰਦਾ ਜਾ ਰਿਹਾ ਹੈ, ਇਸ ਨੂੰ ਕਹੀਦਾ ਹੈ ਕਿ ਸ਼ਰਾਬ ਦੇ ਸੰਸਕਾਰ ਉਸ ਦੇ ਮਨ ਦੇ ਹੇਠਲੇ ਪਰਤ ਵਿਚ ਕੱਠੇ ਹੋ ਗਏ ਹਨ। ਰੋਜ਼ ਦੀਆਂ ਵਿਚਾਰਾਂ, ਗੱਲਾਂ ਤੇ ਕਰਨੀਆਂ ਦੇ ਅਕਸ ਜੋ ਮਨ ਤੇ ਪੈ ਕੇ ਇਕ ਤਰ੍ਹਾਂ ਨਾਲ ਇਕੱਤਰ ਹੋ ਰਹੇ ਹਨ, ਸੋ ਸੰਸਕਾਰ ਸਮਝ ਲਓ। ਮਨ ਦਾ ਉਹ ਪਰਤ, ਜਿਸ ਵਿਚ ਇਹ ਸੰਸਕਾਰ ਜਮ੍ਹਾਂ ਹੁੰਦੇ ਹਨ, ਆਪਣੇ ਆਪ ਨੂੰ ਸੋਚ, ਵਿਚਾਰ, ਖਿਆਲ ਜੋਖ ਦੇ ਰੂਪ ਵਿਚ ਨਹੀਂ ਦਸਦਾ, ਪਰ ਰੁਚੀਆਂ ਦੇ ਰੂਪ ਵਿਚ ਦਸਦਾ ਹੈ। ਜਿਵੇਂ ਬਾਰਾਂ ਬਰਸ ਦਾ ਸ਼ਰਾਬੀ ਜਦ ਕਿਸੇ ਭਲੀ ਸੁਹਬਤ ਵਿਚ ਬੈਠ ਕੇ ਜਾਂ ਸ਼ਰਾਬ ਦੇ ਸਰੀਰ ਪੁਰ ਬੁਰੇ ਅਸਰ ਵੇਖ ਕੇ ਸ਼ਰਾਬ ਨੂੰ ਛੱਡ ਦਿੰਦਾ ਹੈ ਤਾਂ ਇਹ ਕੰਮ ਉਸ ਦੇ ਪਰਤੱਖ ਮਨ (ਸਗਯਾਤ ਮਨ) ਨੇ ਕੀਤਾ ਹੈ, ਜਿਸ ਨੇ ਇਸ ਦਾ ਅਵਗੁਣ ਸਿਆਣ ਕੇ ਇਸ ਨੂੰ ਮਾੜਾ ਸਹੀ ਕਰ ਲਿਆ, ਪਰ ਉਸ ਗੁਪਤ ਮਨ ਨੇ (ਜਿਥੇ ਸੰਸਕਾਰ ਜਮ੍ਹਾਂ ਹਨ) ਇੰਨੀ ਛੇਤੀ ਸ਼ਰਾਬ ਨੂੰ ਨਹੀਂ ਛੱਡਿਆ। ਉਸ ਵਿਚ ਸ਼ਰਾਬ ਦੇ ਸੰਸਕਾਰ ਬੈਠੇ ਹੋਏ ਹਨ, ਜਦ ਠੰਢੀ ਹਵਾ ਵਗੇਗੀ, ਬੱਦਲ ਜੁੜਨਗੇ ਯਾ ਸ਼ਰਾਬ ਦੀ ਮੁਸ਼ਕ ਆਵੇਗੀ, ਕਿਤੇ ਕਲਾਲਖਾਨਾ ਦਿੱਸੇਗਾ ਤਾਂ ਉਸ ਦੇ ਅੰਦਰੋਂ ਸ਼ਰਾਬ ਪੀਣ ਦੀ ਰੁਚੀ ਉਠੇਗੀ, ਉਸ ਦਾ ਪਰਤੱਖ (ਯਾ ਸਗਯਾਤ) ਮਨ ਤਾਂ ਸ਼ਰਾਬ ਦੇ ਔਗੁਣ ਚਿਤਵ ਰਿਹਾ ਹੈ, ਪੀਣੋਂ ਨਫਰਤ ਕਰ ਰਿਹਾ ਹੈ, ਪਰ ਫਿਰ ਰੁਚੀ ਜ਼ੋਰ ਪਾ ਰਹੀ ਹੈ, ਇਹ ਰੁਚੀ ਕਿਥੋਂ ਆ ਰਹੀ ਹੈ? ਸੋਚਣ ਦੀ ਗੱਲ ਹੈ। ਇਹ ਰੁਚੀ ਬਾਰ੍ਹਾਂ ਵਰ੍ਹੇ ਦੇ ਸੰਚਰੇ ਸੰਸਕਾਰਾਂ ਦੀ ਹੈ ਜੋ ਗੁਪਤ ਮਨ ਵਿਚੋਂ ਉਠ ਰਹੀ ਹੈ। ਇਹ ਅਕਾਰਣ ਰੁਚੀ (ਪਰਤੱਖ ਮਨ ਦੇ ਵਿਚਾਰਾਂ ਤੋਂ ਵਿਰੁੱਧ ਵੀ ਉਠ ਰਹੀ ਰੁਚੀ) ਉਸ ਗੁਪਤ ਮਨ ਦਾ ਪਤਾ ਦੇ ਰਹੀ ਹੈ ਜੋ ਆਪਣਾ ਆਪ ਅੰਦਰ ਲੁਕੋਈ ਬੈਠਾ ਹੈ।

*'ਚਲਦਾ................ /'*

# ਵਾਰਾਂ ਭਾਈ ਗੁਰਦਾਸ ਜੀ
## ਸਟੀਕ

*ਡਾ. ਭਾਈ ਵੀਰ ਸਿੰਘ*

ਵਾਰ ੧

### ੪੭. ਗੁਰੂ ਰਾਮਦਾਸ ਤੇ ਗੁਰੂ ਅਰਜਨ ਦੇਵ

ਦਿਚੈ ਪੂਰਬਿ ਦੇਵਣਾ ਜਿਸ ਦੀ ਵਸਤੁ ਤਿਸੈ ਘਰਿ ਆਵੈ।
ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
ਪੂਰਨ ਤਾਲ ਖਟਾਇਆ ਅੰਮ੍ਰਿਸਰ ਵਿਚਿ ਜੋਤਿ ਜਗਾਵੈ।
ਉਲਟਾ ਖੇਲ ਖਸੰਮ ਦਾ ਉਲਟੀ ਗੰਗ ਸਮੁੰਦ੍ਰਿ ਸਮਾਵੈ।
ਦਿਤਾ ਲਈਐ ਆਪਣਾ ਅਣਦਿਤਾ ਕਛੁ ਹਥਿ ਨ ਆਵੈ।
ਫਿਰਿ ਆਈ ਘਰਿ ਅਰਜਣੇ ਪੁਤ ਸੰਸਾਰੀ ਗੁਰੂ ਕਹਾਵੈ।
ਜਾਣਿ ਨ ਦੇਸਾਂ ਸੋਢੀਓਂ ਹੋਰਸਿ ਅਜਰ ਨ ਜਰਿਆ ਜਾਵੈ।
ਘਰ ਹੀ ਕੀ ਵਥੁ ਘਰੇ ਰਹਾਵੈ॥

ਜੋਤਿ=ਪ੍ਰਕਾਸ਼ ਭਾਵ ਹੈ ਆਪਣੇ ਨੂਰਾਨੀ ਅਸਰ ਤੇ ਉਪਦੇਸ਼ ਦਾ ਪ੍ਰਚਾਰ ਕੀਤਾ। ਖੇਲ-ਕੌਤਕ। ਪੁਤੁ ਸੰਸਾਰੀ=ਬਿੰਦੀ ਬੇਟਾ।

(ਜਿਸ ਦਾ) ਦੇਣਾ ਪਹਿਲੋਂ ਦਾ ਹੀ ਹੋਵੇ ਤੇ ਜਿਸ ਦੇ ਘਰ ਦੀ ਚੀਜ਼ ਹੋਵੇ, ਉਸ ਦੇ ਘਰ ਹੀ ਆਉਂਦੀ ਹੈ। (ਹੁਣ) ਸੋਢੀ ਪਾਤਸ਼ਾਹ ਹੋ ਕੇ (ਗੱਦੀ ਪਰ) ਬੈਠੇ ਤੇ ਰਾਮਦਾਸ ਸਤਿਗੁਰੂ (ਪ੍ਰਸਿੱਧ) ਕਹਾਏ। ਅੰਮ੍ਰਿਤਸਰ ਵਿਖੇ (ਸੁਧਾ ਸਰੋਵਰ ਨਾਮੇ) ਤਲਾਉ ਖਟਾ ਕੇ ਪੂਰਨ ਕੀਤਾ ਅਰ ਜੋਤ ਦਾ ਪ੍ਰਕਾਸ਼ ਕੀਤਾ। ਖਸਮ ਦਾ ਕੌਤਕ ਉਲਟਾ ਹੈ (ਹੋਰ ਨਦੀਆਂ ਪੱਛਮ ਨੂੰ ਜਾ ਕੇ ਅਰਬ ਸਾਗਰ ਵਿਖੇ ਜਾਂਦੀਆਂ ਹਨ) ਪਰ ਗੰਗਾ (ਨਦੀ ਉਤਰੋਂ ਹੋ ਕੇ ਪੂਰਬ ਵਲ ਇਨ੍ਹਾਂ ਤੋਂ) ਉਲਟੀ ਜਾ ਕੇ (ਬੰਗਾਲੇ) ਸਮੁੰਦਰ ਵਿਖੇ ਮਿਲਦੀ ਹੈ। ਆਪਣਾ ਦਿਤਾ ਲਈਦਾ ਹੈ, ਬਿਨਾਂ ਦਿਤੇ ਕੁਝ ਹੱਥ ਨਹੀਂ ਆਉਂਦਾ। ਫੇਰ ਗੁਰੂ ਅਰਜਨ ਦੇਵ ਦੇ ਘਰ (ਗੁਰਿਆਈ) ਆਈ, ਸੰਸਾਰੀ ਪੁੱਤਰ (=ਬਿੰਦੀ ਬੇਟਾ) ਗੁਰੂ ਕਹਾਇਆ। (ਮਾਤਾ ਭਾਨੀ ਜੀ ਨੇ ਪੁੱਤਰ ਨੂੰ ਬਚਨ ਕੀਤਾ ਹੇ ਪੁਤ੍ਰ! ਹੁਣ) ਸੋਢੀਓਂ ਗੱਦੀ ਮੈਂ ਨਹੀਂ ਜਾਣ ਦੇਵਾਂਗੀ ਇਹ ਵੱਡੀ ਅਜਰ (ਚੀਜ਼ ਹੈ ਇਸ ਦਾ) ਜਰਨਾ, ਹੋਰਦੇ ਨਹੀਂ ਹੋਊ। ਘਰ ਦੀ ਚੀਜ਼ ਘਰੇ ਹੀ ਰਹੂ।

ਭਾਵ - ਇਥੇ ਦ੍ਰਿਸ਼ਟਾਂਤ ਇਹ ਹੈ ਕਿ ਪੁੱਤਰ ਮੋਹਨ ਤੇ ਮੋਹਰੀ ਬੈਠੇ ਰਹੇ, ਗੁਰਿਆਈ ਰੂਪ ਗੰਗਾ ਉਲਟ ਕੇ ਗੁਰੂ ਰਾਮਦਾਸ ਜਵਾਈ ਨੂੰ ਪ੍ਰਾਪਤ ਹੋ ਗਈ। ਜਿਸ ਦੀ ਵਸਤੂ ਤਿਸੈ ਘਰਿ ਆਵੈ; ਦਾ ਭਾਵ ਇਹ ਹੈ ਕਿ ਅੱਗੇ ਗੱਦੀ ਘਰੋਂ ਬਾਹਰ ਗਈ, ਪਰ ਜੇ ਘਰ ਦਾ ਹੀ ਕੋਈ ਹੱਕਦਾਰ ਹੋ ਜਾਵੇ ਤਦ ਜਿਸ ਦੇ ਘਰ ਵਿਚ ਚੀਜ਼ ਹੋਵੇ, ਉਸ ਦੇ ਘਰਾਣੇ ਵਿਚ ਹੀ ਰਹਿ ਸਕਦੀ ਹੈ, ਜਿਸ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਆਪ ਨੂੰ ਹੱਕਦਾਰ ਬਣਾਇਆ ਤਾਂ ਜਵਾਈ ਨੂੰ ਹੀ ਗੱਦੀ ਮਿਲ ਗਈ। ਜੋ ਫੇਰ ਸੋਢੀਆਂ ਵਿਚ ਘਰੇ ਹੀ ਰਹਿ ਗਈ। ਸੋ ਇਸ ਕਰਕੇ ਘਰ ਵਿਚ ਹੀ ਲਾਇਕਾਂ ਦੇ ਆਉਣ ਦੀ ਦਰਗਾਹ ਵਲੋਂ ਆਗਿਆ ਹੋ ਗਈ, ਹੱਕਦਾਰ ਪੁੱਤਰ ਹੀ ਹੋ ਕੇ ਆਉਣ ਲਗ ਪਏ, ਫੇਰ ਉਹੀ ਘਾਲਾਂ ਕਰਕੇ ਹੱਕ ਸਾਬਤ ਕਰਕੇ ਗੁਰੂ ਹੋ ਗਏ।

### ੪੮ (ਗੁਰੂ ਹਰਿ ਗੋਬਿੰਦ)

ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨ ਕਾਇਆ ਪਲਟਿਕੈ ਮੂਰਤਿ ਹਰਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਿਲਾ ਤਕਿ ਦਰਸੁ ਨਿਹਾਰੀ।

**ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।**
**ਕਲਿਜੁਗਿ ਪੀੜੀ ਸੋਢੀਆਂ ਨਿਹਚਲ ਨੀਵ ਉਸਾਰਿ ਖਲਾਰੀ।**
**ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ॥**

ਪੀੜ੍ਹੀ=ਸੰਪਰਦਾ, ਦਲਭੰਜਨ=ਮਲੇਛਾਂ ਦੇ ਦਲਾਂ ਨੂੰ ਭੰਨਣ ਵਾਲਾ, ਅਗਮ ਅਗੋਚਰ=ਮਨ ਬਾਣੀ ਤੋਂ ਪਰ੍ਹੇ। (ਨਿਹਚਲ=ਅਟੱਲ, ਨਾ ਹਿੱਲਣ ਵਾਲਾ।)

ਪੰਜ ਪੀਰ (ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਸਤੋਗੁਣ ਦਾ ਬੜਾ ਅਭਿਆਸ ਕੀਤਾ। ਛੇਵਾਂ ਪੀਰ (ਗੁਰੂ ਹਰਿਗੋਬਿੰਦ) ਭਾਰੀ ਗੁਰੂ ਹੋ ਕੇ (ਗੱਦੀ ਤੇ) ਬੈਠਾ (ਭਾਵ ਇਨ੍ਹਾਂ ਦੇ ਦੇਗ ਤੇਗ ਦੀਆਂ ਦੋ ਤਲਵਾਰਾਂ ਨਾਲ ਪਹਿਰੀਆਂ। ਸ਼ਾਂਤਿ ਰਸ ਦੇ ਨਾਲ ਬੀਰ ਰਸ ਦੇ ਪਿਆਲੇ ਪੀਤੇ। ਗੁਰੂ ਅਰਜਨ ਜੀ ਨੇ ਹੀ ਆਪਣੀ ਕਾਯਾ ਪਲਟ ਕੇ ਹਰਿਗੋਬਿੰਦ ਦੀ ਮੂਰਤੀ ਬਣਾਈ। (ਹੁਣ) ਸੋਢੀਆਂ ਦੀ ਪੀਹੜੀ (ਅਗੋਂ) ਤੁਰ ਪਈ, ਵਾਰੋ ਵਾਰੀ (ਗੁਰੂ) ਰੂਪ ਦਿਸਣਗੇ। ਇਹ ਬੀਰ ਗੁਰੂ (ਮਲੇਛਾਂ ਦੇ) ਦਲਾਂ ਦਾ ਤੋੜਨਹਾਰ ਵਡਾ ਜੋਧਾ ਤੇ ਵੱਡਾ ਪਰਉਪਕਾਰੀ ਉਠਿਆ। (ਹੁਣ) ਸਿੱਖ ਅਰਦਾਸ ਕਰਕੇ ਪੁੱਛਣ ਲੱਗੇ (ਹੇ ਦੀਨ ਦਿਆਲ) ਛੀ ਮਹਿਲਾਂ ਤੀਕ ਤਾਂ ਦਰਸ਼ਨ ਹੋਏ ਹਨ (ਅੱਗੋਂ ਕਿੰਨੇ ਕੁ ਹੋਣਗੇ? ਅਗਮ ਅਗੋਚਰ (ਅਰਥਾਤ ਮਨ ਬਾਣੀ ਤੋਂ ਪਰੇ) ਸਤਿਗੁਰੂ ਜੀ ਨੇ (ਅਗੰਮ ਵਾਕ) ਮੁਖ ਤੋਂ ਬੋਲੇ, ਸੁਣੋ ਹੇ ਸੰਸਾਰੀ ਲੋਕੋ! ਕਲਜੁਗ ਵਿਖੇ ਸੋਢੀਆਂ ਦੀ ਪੀੜ੍ਹੀ ਦੀ ਨੀਵ ਅਟੱਲ ਉਸਾਰ ਕੇ ਖੜ੍ਹੀ ਕੀਤੀ ਗਈ ਹੈ। ਪਰੰਤੂ ਹੋਰ ਅਵਤਾਰ 'ਜੁਗ ਜੁਗ' (ਦੋ ਦੂਣੀ ਚਾਰ ਯਾ 2+2=4) ਸਤਿਗੁਰੂ ਧਾਰਨ ਕਰਨਗੇ।

ਭਾਵ - ਗੁਰੂ ਜੀ ਨੇ ਭਵਿੱਖਤ ਵਾਕ ਕੀਤਾ - ਹੇ ਸੰਸਾਰੀਓ! ਸੁਣੋ, ਅੱਗੇ ਚਾਰ ਅਵਤਾਰ, ਗੁਰੂ ਹਰਿਰਾਇ, ਗੁਰੂ ਹਰਿਕ੍ਰਿਸ਼ਨ, ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਤੀਕ ਸਤਿਗੁਰੂ ਗੁਰ ਨਾਨਕ ਜੀ ਧਾਰਨ ਕਰਨਗੇ, ਪਰੰਤੂ ਸੋਢੀਆਂ ਦੀ ਨੀਵ ਅਟੱਲ ਰਹੇਗੀ। ਅੰਮ੍ਰਿਤ ਛਕਾ ਕੇ ਪੰਥ ਸੋਢੀ ਬੰਸ ਹੋ ਕੇ ਗੁਰਤਾ ਪ੍ਰਾਪਤ ਕਰੇਗਾ। ਜੇ ਕੋਈ ਪ੍ਰਸ਼ਨ ਕਰੇ ਕਿ ਇਹ ਕਿੱਕੁਰ ਜਾਤਾ? ਉੱਤਰ - ਅਗਮ ਅਗੋਚਰ ਈਸ਼੍ਵਰ ਰੂਪ ਆਪ ਗੁਰੂ ਹਰਿਗੋਬਿੰਦ ਜੀ ਅੰਤਰਯਾਮੀ ਹਨ 'ਨਾਨਕ ਸਾਧ ਪ੍ਰਭ ਭੇਦੁ ਨ ਭਾਈ'। ਪੁਨਾ - 'ਪ੍ਰਭ ਜੀ ਬਸੈ ਸਾਧ ਕੀ ਰਸਨਾ।

ਚੌਥੀ ਤੁਕ ਵਿਚ ਦਸਿਆ ਹੈ ਕਿ ਛੇਵਾਂ ਗੁਰੂ ਜੋਧਾ ਦਲ-ਭੰਜਨ ਹੈ, ਪਰ ਨਾਲ ਪਰਉਪਕਾਰੀ ਕਹਿ ਕੇ ਜਤਾ ਦਿਤਾ ਹੈ ਕਿ ਸ਼ਸਤ੍ਰ ਪਰਉਪਕਾਰ ਵਾਸਤੇ ਧਾਰਨ ਕੀਤੇ ਹਨ, ਨਾ ਕਿ ਰਾਜ ਦੇ ਲਾਲਚ ਪਿੱਛੇ।

## ੪੯. ਵਾਹਿਗੁਰੂ ਮੰਤ੍ਰ

(ਵਾਹਿਗੁਰੂ ਸਬਦ ਦਾ ਅੰਨ੍ਵਯ ਚਾਰੇ ਜੁਗਾਂ ਨਾਲ ਕੀਤਾ ਜਾਂਦਾ ਹੈ) ਸਤਿਜੁਗ ਵਿਖੇ ਸਤਿਗੁਰੂ (ਨਾਨਕ ਜੀ) ਵਾਸਦੇਵ (ਦਾ ਅਵਤਾਰ) ਹੋਏ, (ਉਥੋਂ) ਵਵਾ (ਲੀਤਾ) ਵਿਸ਼ਨੂੰ ਦਾ ਨਾਮ (ਲੋਕ) ਜਪਣ ਲੱਗੇ। (ਫੇਰ) ਦੁਆਪਰ (ਵਿਖੇ) ਸਤਿਗੁਰੂ (ਨਾਨਕ ਜੀ) ਹਰੀ (ਅਰਥਾਤ) ਕ੍ਰਿਸ਼ਨ (ਦਾ ਰੂਪ) ਹੋਏ, ਹਾਹਾ (ਅੱਖਰ ਲੀਤਾ) ਹਰਿ ਹਰਿ ਦਾ ਨਾਮ ਜਪਣ ਲੱਗੇ। ਤ੍ਰੇਤੇ (ਯੁੱਗ ਵਿਖੇ) ਸਤਿਗੁਰੂ (ਨਾਨਕ ਜੀ) ਰਾਮ ਜੀ (ਦਾ ਰੂਪ ਧਾਰਿਆ ਉਥੋਂ) ਰਾਰਾ (ਲੀਤਾ) ਰਾਮ ਰਾਮ (ਲੋਕੀਂ) ਉਚਾਰ ਕੇ ਸੁਖ ਪਾਉਣ ਲੱਗੇ। ਕਲਿਯੁਗ (ਵਿਖੇ) ਗੁਰੂ ਨਾਨਕ ਗੋਬਿੰਦ (ਰੂਪ ਹੋਏ, ਲੋਕ) ਗੋਬਿੰਦ (ਗੋਬਿੰਦ) ਜਪਣ ਲੱਗੇ (ਉਥੋਂ) ਗਗਾ (ਲੀਤਾ) ਹੈ। ਚਹੁੰ ਜੁੱਗਾਂ ਦੇ ਚਾਰੇ (ਉਪਰ ਕਥੇ) ਅਵਤਾਰ ਵਾਹਿਗੁਰੂ ਵਿਚ ਜਾ ਸਮਾਉਂਦੇ ਹਨ। (ਗੱਲ ਕੀ) ਚਾਰੇ ਅੱਖਰ ਇਕੱਠੇ ਕਰਕੇ, ਵਾਹਿਗੁਰੂ (ਪੰਜਵਾਂ) ਜਪ ਮੰਤ੍ਰ (ਸੰਗਤ ਨੂੰ ਗੁਰੂ ਜੀ ਨੇ) ਜਪਾਇਆ। (ਮੰਤ੍ਰ ਈਸ਼੍ਵਰ ਦੇ ਨਾਮ ਥੋਂ) ਜਿਥੋਂ ਉਪਜਿਆ ਹੈ ਫਿਰ ਉਸ ਵਿਖੇ ਲੀਨ ਹੋ ਜਾਂਦਾ ਹੈ। (ਧਵਨੀ ਇਹ ਕਿ ਫੇਰ ਸੰਸਾਰ ਦੀ ਪ੍ਰਾਪਤੀ ਨਹੀਂ ਰਹੇਗੀ ਪਰਮਪਦ ਦੀ ਪ੍ਰਾਪਤੀ ਹੋ ਜਾਵੇਗੀ। ਅਰਥਾਤ ਨਾਮ ਨਾਮੀ ਤੋਂ ਹੋਇਆ ਤੇ ਨਾਮੀ ਵਿਚ ਹੀ ਲੈ ਜਾਂਦਾ ਹੈ।) ਭਾਵ ਜਿਵੇਂ ਚਾਰ ਅੱਖਰ ਇਕ ਵਾਹਿਗੁਰੂ ਪਦ ਵਿਚ ਸਮਾ ਗਏ ਹਨ, ਤਿਵੇਂ ਇਹਨਾਂ ਨੂੰ ਸਿਮਰਨ ਵਾਲਾ ਪ੍ਰਮੇਸ਼ਰ ਵਿਚ ਜਾ ਮਿਲਦਾ ਹੈ। ਅਥਵਾ ਚਾਰੇ ਨਾਮ ਜੋ ਚੌਹਾਂ ਜੁਗਾਂ ਵਿਚ ਪ੍ਰਚਲਤ ਸੇ, ਪੰਜਵੇਂ ਵਾਹਿਗੁਰੂ ਨਾਮ ਵਿਚ ਜਾ ਸਮਾਏ।

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-56)*

**ਸਿਰੀਰਾਗੁ ਮਹਲਾ ੫**
**ਪੂਰਾ ਸਤਿਗੁਰੁ ਜੇ ਮਿਲੈ**
**ਪਾਈਐ ਸਬਦੁ ਨਿਧਾਨੁ॥**

ਹੇ ਭਾਈ! ਜੇਕਰ ਪੂਰਨ ਸਤਿਗੁਰੂ ਜੀ ਮਿਲ ਜਾਣ ਅਰਥਾਤ ਪ੍ਰਾਪਤ ਹੋ ਜਾਣ, ਤਾਂ ਉਨ੍ਹਾਂ ਕੋਲੋਂ ਸਬਦੁ=ਉਪਦੇਸ਼ ਰੂਪੀ ਨਿਧਾਨੁ=ਖਜ਼ਾਨਾ ਪਾਈਐ=ਪਾਈਦਾ ਹੈ।

**ਕਰਿ ਕਿਰਪਾ ਪ੍ਰਭ ਆਪਣੀ**
**ਜਪੀਐ ਅੰਮ੍ਰਿਤ ਨਾਮੁ॥**

ਹੇ ਪ੍ਰਭੂ ਜੀ! ਆਪ ਜੀ ਆਪਣੀ ਕਿਰਪਾ=ਦਇਆ ਦ੍ਰਿਸ਼ਟੀ ਸਾਡੇ ਉਪਰ ਕਰੋ ਤਾਂ ਕਿ ਅਸੀਂ ਭੀ ਗੁਰਾਂ ਦੁਆਰਾ ਆਪ ਦੇ ਅੰਮ੍ਰਿਤ ਰੂਪੀ ਨਾਮ ਨੂੰ ਜਪਿਆ ਕਰੀਏ।

**ਜਨਮ ਮਰਣ ਦੁਖੁ ਕਾਟੀਐ,**
**ਲਾਗੈ ਸਹਜਿ ਧਿਆਨੁ॥**

ਆਪ ਕ੍ਰਿਪਾ ਕਰਕੇ ਸਾਡੇ ਜਨਮ ਤੇ ਮਰਣ ਦੇ ਦੁਖਾਂ ਨੂੰ ਕਾਟੀਐ=ਕੱਟਣਾ ਕਰੋ ਅਤੇ ਸਾਡਾ ਆਪ ਜੀ ਦੇ ਸ਼ਾਂਤ ਸਰੂਪ 'ਚ ਧਿਆਨ ਲਾਗੈ=ਲੱਗ ਭਾਵ ਜੁੜ ਜਾਵੇ ਵਾ: ਸਹਜਿ=ਸੁਭਾਵਿਕ ਹੀ ਸਰੂਪ 'ਚ ਧਿਆਨ ਜੁੜ ਜਾਵੇ, ਭਾਵ ਇਸ ਮਨ ਦੀ ਅਵਸਥਾ ਵਿਕਾਰਾਂ ਰੂਪੀ ਰੇਤ 'ਚ ਬਿਖਰੇ ਲੋਹ-ਚੂਨ ਦੀ ਨਿਆਈਂ ਹੈ ਤੇ ਸਤਿਗੁਰਾਂ ਦਾ ਉਪਦੇਸ਼ ਹੀ ਚੁੰਬਕ ਰੂਪ ਹੋ ਕੇ ਇਸ ਨੂੰ ਇਕੱਠਾ (ਇਕਾਗਰ) ਕਰਨ ਦੇ ਸਮਰੱਥ ਹੈ।

**ਮੇਰੇ ਮਨ ਪ੍ਰਭ ਸਰਣਾਈ ਪਾਇ॥**

ਹੇ ਮੇਰੇ ਮਨ! ਆਪਣੇ ਆਪ ਨੂੰ ਪ੍ਰਭੂ ਦੀ ਸਰਣਾਈ=ਪਨਾਹ ਵਿਚ ਪਾਇ=ਪਾਉਣਾ ਕਰ।

**ਹਰਿ ਬਿਨੁ ਦੂਜਾ ਕੋ ਨਹੀ**
**ਏਕੋ ਨਾਮੁ ਧਿਆਇ॥ਰਹਾਉ॥**

ਕਿਉਂਕਿ ਹਰਿ=ਵਾਹਿਗੁਰੂ ਤੋਂ ਬਿਨਾਂ ਕੋਈ ਹੋਰ ਦੂਜਾ=ਦੂਸਰਾ ਰੱਖਿਆ ਕਰਨ ਵਾਲਾ ਨਹੀਂ ਹੈ, ਇਸ ਲਈ ਉਸ ਇਕੋ ਪ੍ਰਭੂ ਦਾ ਨਾਮ ਧਿਆਇ=ਧਿਆਉਣਾ ਕਰ।

**ਕੀਮਤਿ ਕਹਣੁ ਨ ਜਾਈਐ**
**ਸਾਗਰੁ ਗੁਣੀ ਅਥਾਹੁ॥**

ਹੇ ਭਾਈ! ਉਸ ਪ੍ਰਭੂ ਦੇ ਨਾਮ ਦਾ ਕੀਮਤਿ=ਮੁੱਲ ਕਿਹਾ ਨਹੀਂ ਜਾ ਸਕਦਾ ਕਿਉਂਕਿ ਪ੍ਰਭੂ ਜੀ ਤਾਂ ਗੁਣਾਂ ਦੇ ਅਥਾਹੁ=ਬੇਅੰਤ ਸਾਗਰ=ਸਮੁੰਦਰ ਦੀ ਨਿਆਈਂ ਹੈ।

**ਵਡਭਾਗੀ ਮਿਲੁ ਸੰਗਤੀ ਸਚਾ ਸਬਦੁ ਵਿਸਾਹੁ॥**

ਹੇ ਵਡਭਾਗੀ=ਵੱਡੇ ਭਾਗਾਂ ਵਾਲੇ! ਤੂੰ ਗੁਰੂ ਦੀ ਸਤਿਸੰਗਤ ਵਿਚ ਮਿਲੁ=ਮਿਲਣਾ ਕਰ ਤੇ ਸੱਚੇ ਸਤਿਗੁਰਾਂ ਦੇ ਸਬਦੁ=ਉਪਦੇਸ਼ ਨੂੰ ਵਿਸਾਹੁ=ਖਰੀਦਣਾ ਕਰ ਭਾਵ ਤਨ, ਮਨ, ਧਨ ਗੁਰਾਂ ਨੂੰ ਸੌਂਪ ਕੇ ਗੁਰ ਉਪਦੇਸ਼ ਪ੍ਰਾਪਤ ਕਰ।

**ਕਰਿ ਸੇਵਾ ਸੁਖ ਸਾਗਰੈ**
**ਸਿਰਿ ਸਾਹਾ ਪਾਤਿਸਾਹੁ॥**

ਸੁੱਖਾਂ ਦੇ ਸਾਗਰੈ=ਸਮੁੰਦਰ ਸਤਿਗੁਰੂ ਜੀ ਦੀ ਸੇਵਾ=ਟਹਿਲ ਕਰ, ਕਿਉਂਕਿ ਸਤਿਗੁਰੂ ਜੀ ਪਾਤਸ਼ਾਹਾਂ ਦੇ ਸਿਰਿ=ਸ਼ਿਰੋਮਣੀ ਸਾਹਾ=ਪਾਤਸ਼ਾਹ ਹਨ।

**ਚਰਣ ਕਮਲ ਕਾ ਆਸਰਾ**
**ਦੂਜਾ ਨਾਹੀਂ ਠਾਉ॥**

ਇਸ ਤਰ੍ਹਾਂ ਬੇਨਤੀ ਕਰ ਕਿ ਹੇ ਸਤਿਗੁਰੂ ਵਾ: ਪ੍ਰਭੂ ਜੀ! ਆਪ ਦੇ ਚਰਨਾਂ ਕਮਲਾਂ ਦਾ ਹੀ ਆਸਰਾ=ਸਹਾਰਾ ਹੈ ਅਤੇ ਹੋਰ ਕੋਈ ਦੂਜਾ ਠਾਉ=ਥਾਂ ਟਿਕਾਣਾ ਨਹੀਂ ਹੈ।

**ਮੈ ਧਰ ਤੇਰੀ ਪਾਰਬ੍ਰਹਮ**
**ਤੇਰੈ ਤਾਣਿ ਰਹਾਉ॥**

ਹੇ ਪਾਰਬ੍ਰਹਮ=ਪਰਮੇਸ਼ਰ! ਮੈਨੂੰ ਤਾਂ ਤੇਰੀ ਹੀ ਧਰ=ਟੇਕ ਹੈ, ਭਾਵ ਆਸਰਾ ਹੈ ਤੇ ਆਪ ਦੇ ਤਾਣਿ ਬਲ ਕਰਕੇ ਹੀ ਰਹਾਉ=ਰਹਿੰਦੇ ਹਾਂ।

**ਨਿਮਾਣਿਆ ਪ੍ਰਭੁ ਮਾਣੁ ਤੂੰ**
**ਤੇਰੈ ਸੰਗਿ ਸਮਾਉ॥**

ਹੇ ਪ੍ਰਭੂ! ਤੂੰ ਹੀ ਨਿਮਾਣਿਆਂ ਦਾ ਮਾਣ ਹੈਂ ਭਾਵ ਜਿਨ੍ਹਾਂ ਨੂੰ ਸੰਸਾਰ 'ਚ ਕੋਈ ਮਾਣੁ=ਆਦਰ ਨਹੀਂ ਦਿੰਦਾ, ਉਨ੍ਹਾਂ ਨੂੰ ਵੀ ਆਪਣੀ ਬਖਸ਼ਿਸ਼ ਦੁਆਰਾ ਮਾਣ ਬਖਸ਼ ਦਿੰਦੇ ਹੋ। ਜਿਵੇਂ ਕਬੀਰ ਤੇ ਰਵਿਦਾਸ ਜੈਸੇ ਭਗਤਾਂ ਦੇ ਚਰਨਾਂ ਉਤੇ ਰਾਜਿਆਂ ਨੂੰ ਝੁਕਾਅ ਦਿਤਾ। ਸ੍ਰੀ ਗੁਰੂ

ਅਮਰਦਾਸ ਜੀ ਨੇ ਪ੍ਰੇਮੇ ਕੋਹੜੀ ਨੂੰ ਦੇਹ ਅਰੋਗਤਾ ਬਖਸ਼ ਕੇ ਭਾਈ ਸੀਂਹੇ ਦੀ ਪੁੱਤਰੀ ਨਾਲ ਵਿਆਹ ਕੀਤਾ ਤੇ ਫਿਰ ਮੱਥੇ ਮੁਰਾਰੀ ਨਾਮ ਦੇ ਕੇ 22 ਮੰਜੀਆਂ ਵਿਚੋਂ ਇਕ ਮੰਜੀ ਬਖਸ਼ ਕੇ ਮਾਣ ਬਖਸ਼ਿਸ਼ ਕੀਤਾ। ਆਪ ਐਸੀ ਕਿਰਪਾ ਕਰੋ ਕਿ ਮੈਂ ਤੇਰੇ ਸੰਗਿ=ਨਾਲ ਸਮਾਉ=ਸਮਾ ਜਾਵਾਂ ਅਰਥਾਤ ਅਭੇਦ ਹੋ ਜਾਵਾਂ।

**ਹਰਿ ਜਪੀਐ ਆਰਾਧੀਐ**
**ਆਠ ਪਹਰ ਗੋਵਿੰਦੁ॥**

ਹੇ ਗੋਵਿੰਦੁ (ਗੋ+ਵਿਦੁ) ਗੋ=ਪ੍ਰਿਥਵੀ ਦੀ ਵਿੰਦੁ=ਰੱਖਿਆ ਕਰਨ ਵਾਲੇ ਹਰਿ=ਪਰਮੇਸ਼ਰ ਜੀ! ਐਸੀ ਕਿਰਪਾ ਕਰੋ ਕਿ ਅੱਠੇ ਪਹਿਰ ਆਪ ਦਾ ਨਾਮ ਬਾਣੀ ਕਰਕੇ ਵੀ ਜਪੀਐ=ਜਪਦੇ ਰਹੀਏ ਤੇ ਮਨ ਦੀ ਭਾਵਨਾ ਕਰਕੇ ਵੀ ਆਰਾਧੀਐ=ਚੇਤੇ ਕਰਦੇ ਰਹੀਏ।

**ਜੀਅ ਪ੍ਰਾਣ ਤਨੁ ਧਨੁ ਰਖੇ**
**ਕਰਿ ਕਿਰਪਾ ਰਾਖੀ ਜਿੰਦੁ॥**

ਹੇ ਪ੍ਰਭੂ! ਆਪ ਨੇ ਸਾਰੇ ਜੀਵਾਂ ਨੂੰ ਜੀਅ=ਸੂਖਮ ਸਰੀਰ, ਪ੍ਰਾਣ, ਤਨ=ਅਸਥੂਲ ਸਰੀਰ ਤੇ ਧਨ ਆਦਿ ਦੇ ਕੇ ਫਿਰ ਰਖੇ=ਰਖਿਆ ਕੀਤੀ ਹੈ ਤੇ ਆਪ ਨੇ ਜੀਵਾਂ 'ਤੇ ਕਿਰਪਾ ਕਰਕੇ ਉਨ੍ਹਾਂ 'ਚ ਜਿੰਦੁ=ਚੇਤਨ ਸੱਤਾ ਰਖੀ ਹੈ ਵਾ: ਕਿਰਪਾ ਕਰਕੇ ਜਿੰਦੁ=ਬੁੱਧੀ ਦੀ ਵਿਕਾਰਾਂ ਤੋਂ ਰਾਖੀ ਕੀਤੀ ਹੈ।

**ਨਾਨਕ ਸਗਲੇ ਦੋਖ ਉਤਾਰਿਅਨੁ**
**ਪ੍ਰਭੁ ਪਾਰਬ੍ਰਹਮ ਬਖਸਿੰਦੁ॥੪॥੧੨॥੮੨॥**

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਨੇ ਭਗਤ ਜਨਾਂ ਦੇ ਸਾਰੇ ਦੋਖ=ਵਿਕਾਰਾਂ ਨੂੰ ਉਤਾਰ ਦਿਤਾ ਹੈ, ਭਾਵ ਸ਼ਬਦ, ਸਪਰਸ਼, ਰੂਪ, ਰਸ ਗੰਧ ਵਿਸ਼ੇ ਰੂਪੀ ਦੋਸ਼ਾਂ ਨੂੰ ਉਤਾਰ ਦਿਤਾ ਹੈ, ਕਿਉਂਕਿ ਉਹ ਪ੍ਰਭੂ ਜੋ ਪਾਰਬ੍ਰਹਮ ਸਰੂਪ ਹੈ, ਉਹ ਬਖਸਿੰਦੁ=ਬਖਸ਼ਿਸ਼ਾਂ ਕਰਨੇ ਵਾਲਾ ਹੈ।

**ਸਿਰੀਰਾਗੁ ਮਹਲਾ ੫**
**ਪ੍ਰੀਤਿ ਲਗੀਤਿਸੁ ਸਚ ਸਿਉ**
**ਮਰੈ ਨ ਆਵੈ ਜਾਇ॥**

ਹੇ ਭਾਈ! ਜਿਸ ਪੁਰਸ਼ ਦੀ ਉਸ ਸਚ=ਪ੍ਰਭੂ ਨਾਲ ਪ੍ਰੀਤੀ ਲੱਗੀ ਹੋਈ ਹੈ, ਜੋ ਪ੍ਰਭੂ ਕਦੇ ਵੀ ਮਰਦਾ ਨਹੀਂ ਹੈ ਤੇ ਨਾ ਹੀ ਉਸ ਨੂੰ ਆਵੈ ਜਾਇ=ਆਵਾਗਵਨ ਹੈ ਵਾ: ਉਹ ਪੁਰਸ਼ ਫਿਰ ਵਾਰ-ਵਾਰ ਮਰਦਾ ਜੰਮਦਾ ਵਾ: ਆਉਂਦਾ ਜਾਂਦਾ ਨਹੀਂ, ਭਾਵ ਨਾ ਉਸ ਨੂੰ ਜਨਮ ਧਾਰ ਕੇ ਵਾਰ-ਵਾਰ ਆਉਣਾ ਪੈਂਦਾ ਹੈ ਅਤੇ ਨਾ ਹੀ ਵਾਰ-ਵਾਰ ਮਰ ਕੇ ਹਿਸਾਬ ਦੇਣ ਲਈ ਪਰਲੋਕ ਜਾਣਾ ਪੈਂਦਾ ਹੈ।

**ਨਾ ਵੇਛੋੜਿਆ ਵਿਛੁੜੈ**
**ਸਭ ਮਹਿ ਰਹਿਆ ਸਮਾਇ॥**

ਉਸ ਗੁਰਮੁਖ ਦਾ ਮਨ ਕਦੇ ਵੀ ਪਾਂਮਰਾਂ ਜਾਂ ਵਿਸ਼ਈ ਪੁਰਸ਼ਾਂ ਦੀ ਕੁਸੰਗਤ ਕਰਕੇ ਅਨੰਦ ਸਰੂਪ ਵਲੋਂ ਵਿਛੁੜਦਾ ਨਹੀਂ ਹੈ ਵਾ: ਉਹ ਪਰਮੇਸ਼ਰ ਕਿਸੇ ਦੇ ਵਿਛੋੜਿਆਂ ਕਦੇ ਵਿਛੁੜਦਾ ਨਹੀਂ ਹੈ, ਜੋ ਸਾਰਿਆਂ ਵਿਚ ਵਿਆਪਕ ਹੋ ਰਿਹਾ ਹੈ ਵਾ: ਉਹ ਗੁਰਮੁਖ ਉਸ ਵਿਚ ਲੀਨ ਰਹਿੰਦਾ ਹੈ।

**ਦੀਨ ਦਰਦ ਦੁਖ ਭੰਜਨਾ**
**ਸੇਵਕ ਕੈ ਸਤਭਾਇ॥**

ਹੇ ਭਾਈ! ਉਹ ਪ੍ਰਭੂ ਦੀਨ=ਗਰੀਬਾਂ ਦੇ ਜੰਮਣ ਮਰਨ ਰੂਪੀ ਦੁਖ ਅਵਿਦਿਆ ਦੀਆਂ ਦਰਦ=ਪੀੜਾਂ ਨੂੰ ਭੰਜਨਾ=ਭੰਨਣ ਭਾਵ ਨਾਸ਼ ਕਰਨ ਵਾਲਾ ਹੈ ਅਤੇ ਸੇਵਕ =ਦਾਸਾਂ ਕੈ=ਦੇ ਮਨ ਵਿਚ ਸਤਬਾਇ=ਸੱਚਾ ਨਿਸਚਾ ਦੇਣ ਵਾਲਾ ਹੈ ਵਾ: ਸੇਵਕਾਂ ਦੇ ਮਨ ਵਿਚ ਸਤਭਾਇ=ਸੱਚਾ ਪ੍ਰੇਮ ਵਾ: ਸੱਚਾ ਗਿਆਨ ਪ੍ਰਗਟ ਕਰਨ ਵਾਲਾ ਹੈ।

**ਅਚਰਜ ਰੂਪੁ ਨਿਰੰਜਨੋ**
**ਗੁਰਿ ਮੇਲਾਇਆ ਮਾਇ॥**

ਉਹ ਪ੍ਰਭੂ ਅਚਰਜ=ਵਿਸਮਾਦ ਰੂਪ ਹੈ ਭਾਵ ਉਹ ਆਪਣੇ ਆਪ ਤੋਂ ਪ੍ਰਕਾਸ਼ਵਾਨ (ਸੈਭੰ) ਰੂਪ ਹੈ ਅਤੇ ਸਾਰੇ ਖੰਡਾਂ ਬ੍ਰਹਿਮੰਡਾਂ, ਦੀਪਾਂ, ਲੋਆਂ, ਆਕਾਸ਼ਾਂ, ਪਾਤਾਲਾਂ 'ਚ ਵਿਆਪਕ ਹੋ ਰਿਹਾ ਹੈ। ਇਸ ਕਰਕੇ ਉਹ ਹੈਰਾਨੀ ਜਨਕ ਭਾਵ ਅਚਰਜ=ਹੈਰਾਨ ਕਰਨ ਵਾਲਾ ਰੂਪ ਹੈ ਅਤੇ ਨਿਰੰਜਨੋ=ਮਾਇਆ ਰੂਪੀ ਕਾਲਖ ਤੋਂ ਰਹਿਤ ਹੈ। ਮਾਇ=ਹੇ ਭਾਈ! ਸਾਨੂੰ ਪੂਰੇ ਸਤਿਗੁਰੂ ਜੀ ਨੇ ਉਸ ਪ੍ਰਭੂ ਨਾਲ ਮੇਲਾਇਓ=ਮਿਲਾ ਦਿਤਾ ਹੈ।

**ਭਾਈ ਰੇ ਮੀਤੁ ਕਰਹੁ ਪ੍ਰਭੁ ਸੋਇ॥**

ਹੇ ਭਾਈ! ਸੋਇ=ਉਸ ਪ੍ਰਭੂ ਨੂੰ ਆਪਣਾ ਮੀਤੁ=ਮਿੱਤਰ ਵਾ: ਸੱਜਣ ਬਣਾਉਣਾ ਕਰੋ, ਭਾਵ ਹੋਰ ਸੰਸਾਰ ਦੀ ਝੂਠੀ ਸੱਜਣਤਾ ਵਿਚ ਨਾ ਫਸੋ, ਕਿਉਂਕਿ ਸੰਸਾਰ 'ਚ ਉਹ ਇਕੋ ਹੀ ਸੱਚਾ ਸੱਜਣ ਪਰਮਾਤਮਾ ਹੈ।

**ਮਾਇਆ ਮੋਹ ਪਰੀਤਿ ਧ੍ਰਿਗੁ**
**ਸੁਖੀ ਨ ਦੀਸੈ ਕੋਇ॥੧॥ਰਹਾਉ॥**

ਹੇ ਭਾਈ! ਮਾਇਆ ਦੇ ਮੋਹ ਕਰਕੇ ਲਗਾਈ ਹੋਈ ਪ੍ਰੀਤੀ ਨੂੰ ਧ੍ਰਿਗੁ=ਧਿਰਕਾਰ ਹੈ ਅਰਥਾਤ ਸੌ ਵਾਰੀ ਫਿੱਟੇ

ਮੂੰਹ ਕਹੀਏ ਤਾਂ ਇਕ ਲਾਹਨਤ ਹੁੰਦੀ ਹੈ ਤੇ ਸੌ ਵਾਰੀ ਲਾਹਨਤ ਕਹੀਏ ਤਾਂ ਇਕ ਧ੍ਰਿਗ ਹੁੰਦਾ ਹੈ, ਕਿਉਂਕਿ ਮਾਇਆ ਦੇ ਮੋਹ 'ਚ ਪ੍ਰੀਤ ਲਾਉਣ ਵਾਲਿਆਂ 'ਚੋਂ ਕੋਈ ਵੀ ਸੁਖੀ ਨਹੀਂ ਦਿਸਦਾ, ਭਾਵ ਸਾਰੇ ਦੁੱਖਾਂ ਦੇ ਗ੍ਰਸੇ ਹੋਏ ਹੀ ਨਜ਼ਰ ਆਉਂਦੇ ਹਨ।

**ਦਾਨਾ ਦਾਤਾ ਸੀਲਵੰਤੁ**
**ਨਿਰਮਲੁ ਰੂਪੁ ਅਪਾਰੁ॥**

ਉਹ ਵਾਹਿਗੁਰੂ ਸਭ ਦਾ ਦਾਨਾ=ਗਿਆਤਾ, ਦਾਤਾ=ਸਭ ਨੂੰ ਦਾਤਾਂ ਦੇਣ ਵਾਲਾ ਤੇ ਸੀਲਵੰਤੁ=ਨਰਮ ਸੁਭਾਅ ਵਾਲਾ ਹੈ ਭਾਵ ਉਹ ਦਾਨਾ (ਗਿਆਤਾ) ਹੋ ਕੇ ਸਭ ਦੇ ਅੰਦਰ ਦੀਆਂ ਜਾਣਦਾ ਹੈ।

**ਸਖਾ ਸਹਾਈ ਅਤਿ ਵਡਾ**
**ਊਚਾ ਵਡਾ ਅਪਾਰੁ॥**

ਉਸ ਪਰਮੇਸ਼ਰ ਨੇ ਮਾਤਾ ਦੇ ਗਰਭ ਵਿਚ ਪਰਾ ਬਾਣੀ ਦੁਆਰਾ ਸਿਮਰਨ ਕਰਾ ਕੇ ਸਖਾ=ਸਾਥੀ ਬਣ ਕੇ ਗਰਭ ਅਗਨੀ ਵਿਚ ਸੜਨ ਨਹੀਂ ਦਿਤਾ ਅਤੇ ਇਸ ਲੋਕ 'ਚ ਸਹਾਈ=ਸਹਾਇਕ ਹੋ ਕੇ ਵਿਕਾਰਾਂ ਤੋਂ ਬਚਾਉਣ ਵਾਲਾ ਹੈ ਅਤੇ ਪਰਲੋਕ ਵਿਚ ਰੱਖਿਆ ਕਰਨ ਵਾਲਾ ਅਤਿ=ਅਤਿਅੰਤ ਵਡਾ=ਉੱਚਾ ਹੈ। ਉਹ ਸਭ ਤੋਂ ਉਚਾ=ਬੁਲੰਦ, ਵੱਡਾ ਤੇ ਅਪਾਰੁ=ਪਾਰਾਵਾਰ ਤੋਂ ਰਹਿਤ ਹੈ, ਭਾਵ ਜੋ ਪ੍ਰਕਿਰਤੀ ਪਿੱਛੇ ਹਿਰਨ ਗਰਭ, ਅਭਿਆਕ੍ਰਿਤ ਜਾਂ ਵੈਰਾਟ ਵਰਗੇ ਹਨ, ਉਹ ਪਰਮੇਸ਼ਰ ਇਨ੍ਹਾਂ ਸਾਰਿਆਂ ਤੋਂ ਉੱਚਾ ਤੇ ਵੱਡਾ ਹੈ ਅਤੇ ਪਾਰਾਵਾਰ ਤੋਂ ਰਹਿਤ ਹੈ।

**ਬਾਲਕੁ ਬਿਰਧਿ ਨ ਜਾਣੀਐ**
**ਨਿਹਚਲੁ ਤਿਸੁ ਦਰਵਾਰੁ॥**

ਉਹ ਨਾ ਹੀ ਬਾਲਕੁ=ਬਾਲ ਅਵਸਥਾ ਵਾਲਾ ਹੈ ਤੇ ਨਾ ਹੀ ਬਿਰਧਿ=ਬੁਢਾਪੇ ਨੂੰ ਧਾਰਨ ਕਰਨੇ ਵਾਲਾ ਹੈ, ਇਸ ਲਈ ਉਸ ਨੂੰ ਬਾਲਕ ਜਾਂ ਬਿਰਧ ਕਰਕੇ ਨਾ ਜਾਣੀਏ ਭਾਵ ਬਾਲਕ ਜਿਵੇਂ ਚੰਚਲ ਹੁੰਦਾ ਹੈ, ਉਹ ਬਾਲਕਪਨ ਦੀ ਚੰਚਲਤਾ ਤੋਂ ਰਹਿਤ ਹੈ ਅਤੇ ਨਾ ਹੀ ਉਸ ਵਿਚ ਬਿਰਧਿ ਅਵਸਥਾ ਵਰਗੀ ਜੜ੍ਹਤਾ ਹੈ ਅਤੇ ਉਸ ਦਾ ਦਰਬਾਰ ਨਿਹਚਲੁ=ਅਚੱਲ ਸਰੂਪ ਹੈ ਭਾਵ ਸੱਚਖੰਡ ਰੂਪੀ ਦਰਬਾਰ ਉਸ ਦਾ ਇਕ-ਰਸ ਰਹਿਣ ਵਾਲਾ ਹੈ।

**ਜੋ ਮੰਗੀਐ ਸੋਈ ਪਾਈਐ**
**ਨਿਧਾਰਾ ਆਧਾਰੁ॥੨॥**

ਹੇ ਭਾਈ! ਉਸ ਕੋਲੋਂ ਜੋ ਵੀ ਮੰਗੀਏ ਸੋਈ=ਉਹੋ ਹੀ ਪਾਈਐ=ਪ੍ਰਾਪਤ ਕਰ ਲਈਦਾ ਹੈ ਅਤੇ ਉਹ ਆਪ ਨਿਧਾਰਾ=ਨਿਰਾਧਾਰ ਹੋ ਕੇ ਵੀ ਸਾਰਿਆਂ ਦਾ ਆਧਾਰੁ=ਆਸਰਾ ਰੂਪ ਹੈ, ਭਾਵ ਜੀਵਾਂ ਦੇ ਪਰਾਣ, ਤੱਤ, ਪ੍ਰਿਥਵੀ, ਖੰਡ, ਬ੍ਰਹਿਮੰਡ ਆਦਿ ਸਭ ਉਸੇ ਦੇ ਹੀ ਆਸਰੇ ਸਥਿਰ ਹਨ।

**ਜਿਸੁ ਪੇਖਤ ਕਿਲਵਿਖ ਹਿਰਹਿ**
**ਮਨਿ ਤਨਿ ਹੋਵੈ ਸਾਂਤਿ॥**

ਹੇ ਭਾਈ! ਜਿਸ ਦੇ ਪੇਖਤ=ਦਰਸ਼ਨ ਮਾਤ੍ਰ ਤੋਂ ਹੀ ਸਾਰੇ ਕਿਲਵਿਖ=ਪਾਪ ਹਿਰਹਿ=ਨਾਸ ਹੋ ਜਾਂਦੇ ਹਨ ਵਾ: ਉਸ ਦੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਪੇਖਤ=ਵੇਖਦਿਆਂ ਹੀ ਜੀਵਾਂ ਦੇ ਸਾਰੇ ਕਿਲਵਿਖ=ਪਾਪ ਹਿਰਹਿ=ਨਾਸ਼ ਹੋ ਜਾਂਦੇ ਹਨ ਅਤੇ ਮਨ ਤੇ ਤਨ ਸ਼ਾਂਤ ਹੋ ਜਾਂਦੇ ਹਨ, ਭਾਵ ਮਨਿ ਜੋ ਵਾਸਨਾ ਵਾ: ਕਲਪਨਾ ਕਰਕੇ ਤੜਪਦਾ ਹੈ, ਉਹ ਸ਼ਾਂਤ ਹੋ ਜਾਂਦਾ ਹੈ ਤੇ ਤਨਿ=ਸਰੀਰ ਵੀ ਵਿਕਾਰਾਂ ਦੀ ਮਲੀਨਤਾ ਤੇ ਬੇਚੈਨੀ ਤੋਂ ਸ਼ਾਂਤ ਹੋ ਜਾਂਦਾ ਹੈ।

**ਇਕ ਮਨਿ ਏਕੁ ਧਿਆਈਐ**
**ਮਨ ਕੀ ਲਾਹਿ ਭਰਾਂਤਿ॥**

ਹੇ ਭਾਈ! ਇਕ ਮਨਿ=ਇਕਾਗਰ ਮਨ ਕਰਕੇ ਉਸ ਏਕੁ=ਅਦ੍ਵੈਤ ਸਰੂਪ ਵਾਹਿਗੁਰੂ ਨੂੰ ਧਿਆਈਐ=ਧਿਆਉਣਾ ਕਰੀਏ ਅਤੇ ਮਨ ਦੇ ਅੰਦਰ ਦੀ ਭਰਾਂਤਿ=ਭਰਮ, ਸਾ ਵਾ: ਭ੍ਰਾਂਤੀ ਵੀ ਲਾਹ ਦੇਈਏ।

**ਗੁਣ ਨਿਧਾਨੁ ਨਵਤਨੁ ਸਦਾ**
**ਪੂਰਨ ਜਾ ਕੀ ਦਾਤਿ॥**

ਉਹ ਵਾਹਿਗੁਰੂ ਗੁਣਾ ਦਾ ਨਿਧਾਨੁ=ਖਜ਼ਾਨਾ ਹੈ ਤੇ ਸਦਾ=ਹਮੇਸ਼ਾ ਹੀ ਨਵਤਨੁ=ਨੀਵਨ ਸਰੂਪ ਰਹਿਣ ਵਾਲਾ ਹੈ ਭਾਵ ਇਕ ਰਸ ਰਹਿਣ ਵਾਲਾ ਹੈ ਅਤੇ ਉਸ ਵਾਹਿਗੁਰੂ ਦੀ ਦਿਤੀ ਦਾਤ ਵੀ ਪੂਰਨ ਹੀ ਹੁੰਦੀ ਹੈ ਭਾਵ ਵਾਰ-ਵਾਰ ਜ਼ਰੂਰਤ ਨਹੀਂ ਪੈਂਦੀ।

**ਸਦਾ ਸਦਾ ਆਰਾਧੀਐ**
**ਦਿਨੁ ਵਿਸਰਹੁ ਨਹੀ ਰਾਤਿ॥**

ਸਦਾ=ਹਮੇਸ਼ਾ ਰਹਿਣ ਵਾਲੇ ਉਸ ਪ੍ਰਭੂ ਦੀ ਸਦਾ=ਹਮੇਸ਼ਾ ਹੀ ਅਰਾਧਨਾ ਕਰੀਏ। ਉਸ ਨੂੰ ਨਾ ਹੀ ਦਿਨ ਵੇਲੇ ਵਿਸਰਹੁ=ਭੁੱਲਣਾ ਚਾਹੀਦਾ ਹੈ ਤੇ ਨਾ ਹੀ ਰਾਤ ਨੂੰ, ਭਾਵ ਉਸ ਨੂੰ ਹਰ ਵਕਤ ਯਾਦ ਰੱਖਣਾ ਚਾਹੀਦਾ ਹੈ ਵਾ: ਜਿਨ੍ਹਾਂ ਨੂੰ ਜਗਿਆਸਾ ਰੂਪੀ ਰਾਤ ਵਿਚ ਨਹੀਂ ਭੁੱਲਦਾ, ਉਨ੍ਹਾਂ ਨੂੰ ਬ੍ਰਹਮ ਗਿਆਨ ਰੂਪੀ ਦਿਨ ਚੜ੍ਹ ਜਾਂਦਾ ਹੈ।

*(ਬਾਕੀ ਪੰਨਾ 56 'ਤੇ)*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-56)*

## ਪਿਆਰ ਦਾ ਅਰਥ ਹੈ ਦੇਣਾ

